ਅੰਗ ੭੫੧ = ਸੂਹੀ ਮਹਲਾ ੧ ਘਰੁ ੯ ੧ੴ ਸਤਿਗੁਰ ਪ੍ਰਸਾਦਿ ॥ ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥ ਵਿਣੁ ਨਾਵੈ ਭ੍ਰਮਿ ਭੁਲੀਆ, ਠਗਿ ਮੁਠੀ ਕੂੜਿਆਰਿ ਜੀਉ ॥ ਸਚੇ ਸੇਤੀ ਰਤਿਆ, ਜਨਮੁ ਨ ਦੂਜੀ ਵਾਰਿ ਜੀਉ ॥੧॥ ਰੰਗੇ ਕਾ ਕਿਆ ਰੰਗੀਐ, ਜੋ ਰਤੇ ਰੰਗੁ ਲਾਇ ਜੀਉ ॥ ਰੰਗਣ ਵਾਲਾ ਸੇਵੀਐ, ਸਚੇ ਸਿਉ ਚਿਤੁ ਲਾਇ ਜੀਉ ॥੧॥ ਰਹਾਉ॥ ਚਾਰੇ ਕੁੰਡਾ ਜੇ ਭਵਹਿ, ਬਿਨੁ ਭਾਗਾ ਧਨੁ ਨਾਹਿ ਜੀਉ ॥ ਅਵਗਣਿ ਮੁਠੀ ਜੇ ਫਿਰਹਿ, ਬਧਿਕ ਥਾਇ ਨ ਪਾਹਿ ਜੀਉ ॥ ਗੁਰਿ ਰਾਖੇ ਸੇ ਉਬਰੇ, ਸਬਦਿ ਰਤੇ ਮਨ ਮਾਹਿ ਜੀਉ ॥੨॥ ਚਿਟੇ ਜਿਨ ਕੇ ਕਪੜੇ, ਮੈਲੇ ਚਿਤ ਕਠੋਰ ਜੀਉ ॥ ਤਿਨ ਮੁਖਿ ਨਾਮੁ ਨ ਊਪਜੈ, ਦੂਜੈ ਵਿਆਪੇ ਚੋਰ ਜੀਉ ॥ ਮੂਲੁ ਨ ਬੂਝਹਿ ਆਪਣਾ, ਸੇ ਪਸੂਆ ਸੇ ਢੋਰ ਜੀਉ ॥੩॥ ਨਿਤ ਨਿਤ ਖੁਸੀਆ ਮਨੁ ਕਰੇ, ਨਿਤ ਨਿਤ ਮੰਗੈ ਸੁਖ ਜੀਉ ॥ ਕਰਤਾ ਚਿਤਿ ਨ ਆਵਈ, ਫਿਰਿ ਫਿਰਿ ਲਗਹਿ ਦੁਖ ਜੀਉ ॥ ਸੁਖ ਦੁਖ ਦਾਤਾ ਮਨਿ ਵਸੈ, ਤਿਤੁ ਤਨਿ ਕੈਸੀ ਭੁਖ ਜੀਉ ॥੪॥ (ਹੇ ਭਾਈ! ਜਿਵੇਂ) ਕਸੁੰਭੇ ਦਾ ਰੰਗ ਕੱਚਾ ਹੋਣ ਕਰਕੇ ਥੋੜਾ ਚਿਰ ਚਾਰ ਦਿਨ ਹੀ ਰਹਿੰਦਾ ਹੈ (ਛੇਤੀ ਨਾਸ਼ ਹੋ ਜਾਂਦਾ ਹੈ, ਤਿਵੇਂ ਵਿਸ਼ਿਆਂ ਦਾ ਅਨੰਦ, ਮਾਇਕ ਪਦਰਥਾਂ ਦਾ ਸੁਖ ਥੋੜਾ ਚਿਰ ਹੀ ਰਹਿੰਦਾ ਹੈ। ਜੀਵ ਇਸਤ੍ਰੀ ਹਰੀ ਦੇ) ਨਾਮ ਤੋਂ ਬਿਨਾ ਭਰਮ ਵਿਚ ਭੁੱਲੀ ਹੋਈ ਹੈ, ਉਹ ਝੂਠੀ ਇਸਤ੍ਰੀ (ਕਾਮਾਦਿਕਾਂ ਵੱਲੋਂ) ਠੱਗੀ ਗਈ ਹੈ, ਲੁੱਟੀ ਗਈ ਹੈ। (ਪਰ) ਸੱਚੇ ਪ੍ਰਭੂ ਦੇ ਪ੍ਰੇਮ ਨਾਲ ਰੰਗਿਆਂ ਮਨੁੱਖਾਂ ਦਾ ਦੂਜੀ ਵਾਰ ਜਨਮ ਨਹੀਂ ਹੁੰਦਾ।੧। (ਹੇ ਭਾਈ!) ਜੋ ਮਨੁੱਖ (ਪਹਿਲਾਂ ਹੀ ਪ੍ਰਭੂ ਦਾ) ਪ੍ਰੇਮ ਰੰਗ ਲਾ ਕੇ ਰੰਗੇ ਹੋਏ ਹਨ, (ਉਨ੍ਹਾਂ) ਰੰਗੇ ਹੋਇਆਂ ਦਾ ਹੋਰ ਕੀ ਰੰਗਣਾ ਹੈ? (ਪਰ ਇਹ ਪ੍ਰੇਮ ਰੰਗ ਪ੍ਰਭੂ ਆਪੇ ਲਾਉਂਦਾ ਹੈ, ਉਸ) ਸੱਚੇ ਪ੍ਰਭੂ ਨਾਲ ਚਿਤ ਲਾ ਕੇ ਰੰਗਣ ਵਾਲੇ ਪ੍ਰਭੂ ਦੀ ਸੇਵਾ ਭਗਤੀ ਕਰਨੀ ਚਾਹੀਦੀ ਹੈ।੧। ਰਹਾਉ। (ਹੇ ਜੀਵ ਇਸਤ੍ਰੀ! ਤੂੰ ਸੰਸਾਰ ਦੇ) ਚਾਰੇ ਪਾਸੇ ਜੇ ਫਿਰਦੀ ਰਹੇਂ, (ਪਰ ਚੰਗੇ) ਭਾਗਾਂ ਤੋਂ ਬਿਨਾ ਨਾਮ ਧਨ ਨਹੀਂ ਮਿਲ ਸਕਦਾ। ਔਗਣਾਂ ਦੀ ਲੁੱਟੀ ਹੋਈ ਜੇ ਤੂੰ (ਮਾਇਆ ਵਾਸਤੇ) ਸ਼ਿਕਾਰੀ ਵਾਂਗ ਫਿਰਦੀ ਰਹੇਂ, ਤਾਂ ਤੂੰ ਕਿਤੇ ਥਾਂ ਟਿਕਾਣਾ ਨਹੀਂ ਪਾ ਸਕੇਂਗੀ (ਤੂੰ ਥਾਂ ਥਾਂ ਭਟਕਦੀ ਹੀ ਰਹੇਂਗੀ। ਜਿਨ੍ਹਾਂ ਮਨੁੱਖਾਂ ਦੀ) ਗੁਰੂ ਨੇ ਰਾਖੀ ਕੀਤੀ ਹੈ ਅਤੇ ਗੁਰੂ ਦੇ ਸ਼ਬਦ ਦੁਆਰਾ ਮਨ ਵਿਚ (ਪ੍ਰਭੂ ਦੇ ਪ੍ਰੇਮ ਰੰਗ ਵਿਚ) ਰੰਗੇ ਹੋਏ ਹਨ, ਉਹ (ਵਿਸ਼ੇ ਵਿਕਾਰਾਂ ਤੋਂ) ਬਚ ਗਏ ਹਨ।੨। (ਹੇ ਭਾਈ!) ਜਿਨ੍ਹਾਂ ਦੇ ਚਿੱਟੇ ਕੱਪੜੇ ਪਹਿਨੇ ਹੋਏ ਹਨ (ਸੰਤਾਂ ਵਾਲਾ ਪਹਿਰਾਵਾ ਹੈ, ਪਰ ਜੇ ਉਨ੍ਹਾਂ ਦੇ) ਚਿਤ ਮੈਲੇ ਤੇ ਕਠੋਰ ਹਨ। ਤਾਂ ਉਨ੍ਹਾਂ ਦੇ ਮੂਹੋਂ ਪ੍ਰਭੂ ਦਾ ਨਾਮ ਪ੍ਰਗਟ ਨਹੀਂ ਹੁੰਦਾ, ਉਹ ਦੂਜੇ ਭਾਵ ਵਿਚ ਲੱਗੇ ਹੋਏ (ਸਾਧੂ ਨਹੀਂ) ਚੋਰ ਹਨ। (ਜਿਹੜੇ ਮਨੁੱਖ) ਅਪਣੇ ਮੂਲ ਰੂਪ ਪ੍ਰਭੂ ਨੂੰ ਨਹੀਂ ਜਾਣਦੇ, ਉਹ ਪਸ਼ੂ ਹਨ, ਉਹ ਡੰਗਰ ਭਾਵ ਮਹਾਂ ਮੂਰਖ ਹਨ।੩। (ਜਿਸ ਮਨੁੱਖ ਦਾ) ਮਨ ਹਰ ਰੋਜ ਖੁਸ਼ੀਆਂ ਕਰਦਾ (ਮਾਣਨਾ ਚਾਹੁੰਦਾ) ਹੈ ਅਤੇ ਹਰ ਰੋਜ ਸੁਖ ਮੰਗਦਾ ਹੈ। (ਪਰ ਜੇ) ਕਰਤਾਰ ਚਿਤ ਵਿਚ ਯਾਦ ਨਹੀਂ ਆਉਂਦਾ ਤਾਂ (ਉਸ ਨੂੰ) ਮੁੜ ਮੁੜ ਦੁਖ ਹੀ ਲਗਦੇ ਹਨ। (ਪਰ ਜਿਸ ਮਨੁੱਖ ਦੇ) ਮਨ ਵਿਚ ਸੁਖ ਦੁਖ ਦੇਣ ਵਾਲਾ ਪ੍ਰਭੂ ਵਸ ਜਾਂਦਾ ਹੈ, ਉਸ ਦੇ ਸਰੀਰ ਵਿਚ (ਪਦਾਰਥਾਂ ਦੀ) ਭੁੱਖ ਕਿਸ ਤਰ੍ਹਾਂ ਰਹਿ ਸਕਦੀ ਹੈ? (ਪੂਰੀ ਤਰ੍ਹਾਂ ਰੱਜਿਆਂ ਰਹਿੰਦਾ ਹੈ)।੪।

ਪਦਾਰਥ = ਕਸੁੰਭ–ਇਕ ਬੂਟਾ, ਜਿਸ ਦੇ ਫੁੱਲ ਗੂੜ੍ਹੇ ਲਾਲ ਰੰਗ ਦੇ ਬਹੁਤ ਸੋਹਣੇ ਦਿਸਦੇ ਹਨ, ਪਰ ਧੁੱਪ ਤੇ ਪਾਣੀ ਨਾਲ ਛੇਤੀ ਫਿੱਕੇ ਪੈ ਜਾਂਦੇ ਹਨ, ਮਾਇਕ ਪਦਾਰਥਾਂ ਦੇ ਚਸਕਿਆਂ ਦੀ ਕਸੁੰਭੇ ਦੇ ਕੱਚੇ ਰੰਗ ਨਾਲ ਤੁਲਨਾ ਕੀਤੀ ਹੈ। ਥੋੜੜਿਆ–ਥੋੜੇ। ਦਿਨ ਚਾਰਿ–ਚਾਰ ਦਿਨ (ਛੇਤੀ ਨਾਸ਼ ਹੋਣ ਵਾਲਾ)। ਵਿਣੁ ਨਾਵੈ–ਨਾਮ ਤੋਂ ਬਿਨਾ। ਭ੍ਰਮਿ ਭੁਲੀਆ–ਭਰਮ ਵਿਚ ਭੁਲੀ ਹੋਈ ਹੈ। ਠਗਿ ਮੁਠੀ–ਠੱਗੀ ਗਈ ਲੁੱਟੀ ਗਈ; (ਕਾਮਾਦਿਕ) ਠੱਗਾਂ ਨੇ ਲੁੱਟ ਲਈ (ਸੰ.ਸ.)। ਕੂੜਿਆਰਿ–ਝੂਠੀ ਇਸਤ੍ਰੀ। ਸਚੇ ਸੇਤੀ–ਸੱਚੇ ਪ੍ਰਭੂ ਨਾਲ। ਰਤਿਆ–ਰੰਗਿਆਂ (ਮਨੁੱਖਾਂ) ਨੂੰ।੧। ਰੰਗੇ ਕਾ–ਰੰਗੇ ਹੋਇਆਂ ਦਾ। ਰਤੇ–ਰੰਗੇ ਹੋਏ ਹਨ। ਸੇਵੀਐ–ਸੇਵਾ ਭਗਤੀ ਕਰਨੀ ਚਾਹੀਦੀ ਹੈ। ਸਿਉ–ਨਾਲ।੧। ਰਹਾਉ। ਚਾਰੇ ਕੁੰਡਾ–ਚਾਰੇ ਪਾਸੇ। ਭਵਹਿ–ਫਿਰਦੀ ਰਹੇਂ। ਬਧਿਕ–ਸ਼ਿਕਾਰੀ; ਕੈਦੀ। ਥਾਇ–ਥਾਂ ਟਿਕਾਣਾ। ਨ ਪਾਹਿ–ਨਹੀਂ ਪਾ ਸਕੇਂਗੀ। ਗੁਰਿ–ਗੁਰੂ ਨੇ। ਰਾਖੇ–ਰਾਖੀ ਕੀਤੀ। ਸੇ–ਉਹ। ਉਬਰੇ–ਬਚ ਗਏ। ਮਨ ਮਾਹਿ–ਮਨ ਵਿਚ।੨। ਜਿਨ ਕੇ–ਜਿਨ੍ਹਾਂ ਦੇ। ਕਠੋਰ–ਸਖਤ; ਨਿਰਦਈ। ਤਿਨ–ਉਨ੍ਹਾਂ ਦੇ। ਮੁਖਿ–ਮੂੰਹੋਂ। ਨ ਊਪਜੈ–ਪ੍ਰਗਟ ਨਹੀਂ ਹੁੰਦਾ। ਦੂਜੈ–ਦੂਜੇ ਭਾਵ ਵਿਚ। ਵਿਆਪੇ–ਲੱਗੇ ਹੋਏ ਹਨ। ਮੂਲੁ–ਮੁੱਢ; ਮੂਲ ਰੂਪ ਪ੍ਰਭੂ। ਸੇ–ਉਹ। ਢੋਰ–ਡੰਗਰ (ਮਹਾਂ ਮੂਰਖ)।੩। ਨਿਤ ਨਿਤ–ਹਰ ਰੋਜ। ਕਰਤਾ–ਕਰਤਾਰ। ਫਿਰਿ ਫਿਰਿ–ਮੁੜ ਮੁੜ। ਮਨਿ–ਮਨ ਵਿਚ। ਤਿਤੁ ਤਨਿ–ਉਸ ਸਰੀਰ ਵਿਚ।੪।

ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ ॥ ਲੇਖਾ ਮੰਗੈ ਦੇਵਣਾ, ਪੁਛੈ ਕਰਿ ਬੀਚਾਰੁ ਜੀਉ ॥ ਸਚੇ ਕੀ ਲਿਵ ਉਬਰੈ, ਬਖਸੇ ਬਖਸਣਹਾਰੁ ਜੀਉ ॥੫॥ ਅਨ ਕੋ ਕੀਜੈ ਮਿਤੜਾ, ਖਾਕੁ ਰਲੈ ਮਰਿ ਜਾਇ ਜੀਉ ॥ ਬਹੁ ਰੰਗ ਦੇਖਿ ਭੁਲਾਇਆ, ਭੁਲਿ

ਭੁਲਿ ਆਵੈ ਜਾਇ ਜੀਉ ॥ ਨਦਰਿ ਪ੍ਰਭੂ ਤੇ ਛੁਟੀਐ, ਨਦਰੀ ਮੇਲਿ ਮਿਲਾਇ ਜੀਉ ॥੬॥ ਗਾਫਲ ਗਿਆਨ ਵਿਹੂਣਿਆ, ਗੁਰ ਬਿਨੁ ਗਿਆਨੁ ਨ ਭਾਲਿ ਜੀਉ ॥ ਖਿੰਚੋਤਾਣਿ ਵਿਗੁਚੀਐ, ਬੁਰਾ ਭਲਾ ਦੁਇ ਨਾਲਿ ਜੀਉ ॥ ਬਿਨੁ ਸਬਦੈ ਭੈ ਰਤਿਆ, ਸਭ ਜੋਹੀ ਜਮ ਕਾਲਿ ਜੀਉ ॥੭॥ ਜਿਨਿ ਕਰਿ ਕਾਰਣੁ ਧਾਰਿਆ, ਸਭਸੈ ਦੇਇ ਆਧਾਰੁ ਜੀਉ ॥ ਸੋ ਕਿਉ ਮਨਹੁ ਵਿਸਾਰੀਐ, ਸਦਾ ਸਦਾ ਦਾਤਾਰੁ ਜੀਉ ॥ ਨਾਨਕ ਨਾਮੁ ਨ ਵੀਸਰੈ, ਨਿਧਾਰਾ ਆਧਾਰੁ ਜੀਉ ॥੮॥੧॥੨॥ (ਹੇ ਭਾਈ!) ਜਿਸ ਮਨੁੱਖ ਦੇ ਜ਼ਿੰਮੇ ਕਰਮਾਂ ਦਾ ਹਿਸਾਬ ਬਾਕੀ ਬਚਿਆ ਹੋਇਆ ਹੈ, (ਉਸ ਨੂੰ ਧਰਮਰਾਜ ਵੱਲੋਂ) ਸੱਦਿਆ ਜਾਂਦਾ ਹੈ, ਉਸ ਦੇ ਸਿਰ ਉਤੇ ਜਾਲਮ ਜਮ ਡੰਡੇ ਮਾਰਦਾ ਹੈ।(ਧਰਮਰਾਜਾ ਜੋ) ਲੇਖਾ ਮੰਗਦਾ ਹੈ, ਉਹ ਦੇਣਾ ਪੈਂਦਾ ਹੈ, (ਉਹ ਜੀਵ ਦੇ ਕਰਮਾਂ ਦੀ) ਵਿਚਾਰ ਕਰਕੇ ਪੁੱਛਦਾ ਹੈ। (ਜਿਸ ਮਨੁੱਖ ਨੂੰ) ਸੱਚੇ ਪ੍ਰਭੂ ਦੀ ਲਿਵ ਲੱਗੀ ਹੋਈ ਹੈ, (ਉਹ ਜਮਾਂ ਦੀ ਮਾਰ ਤੋਂ) ਬਚ ਜਾਂਦਾ ਹੈ ਅਤੇ ਬਖਸ਼ਣਹਾਰ ਪ੍ਰਭੂ (ਉਸ ਨੂੰ) ਬਖਸ਼ ਲੈਂਦਾ ਹੈ।੫।(ਹੇ ਭਾਈ! ਜੇ ਪ੍ਰਭੂ ਤੋਂ ਬਿਨਾ ਦੇਵੀ ਦੇਵਤੇ ਆਦਿ ਕਿਸੇ) ਹੋਰ ਨੂੰ ਮਿਤ੍ਰ ਬਣਾਇਆ ਜਾਵੇ, (ਤਾਂ ਮਿਤ੍ਰ ਬਣਾਉਣ ਵਾਲਾ ਉਹ ਮਨੁੱਖ) ਮਰ ਕੇ ਮਿੱਟੀ ਵਿਚ ਮਿਲ ਜਾਂਦਾ ਹੈ (ਉਸ ਦਾ ਜੀਵਨ ਨਿਸਫਲ ਚਲਾ ਜਾਂਦਾ ਹੈ।ਮਨੁੱਖ ਮਾਇਆ ਦਾ) ਭੁਲਾਇਆ ਹੋਇਆ (ਮਾਇਆ ਦੇ) ਬਹੁਤੇ ਰੰਗ ਤਮਾਸ਼ੇ ਦੇਖ ਕੇ ਬਾਰ ਬਾਰ ਭੁੱਲ ਕੇ ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ।ਪ੍ਰਭੂ ਦੀ ਮੇਹਰ ਭਰੀ ਨਜਰ ਨਾਲ (ਹੀ ਜਨਮ ਮਰਨ ਤੋਂ) ਛੁੱਟਿਆ ਜਾ ਸਕਦਾ ਹੈ, (ਉਹ) ਮੇਹਰ ਦੀ ਨਜਰ ਕਰਕੇ ਗੁਰੂ ਨਾਲ ਮਿਲਾ ਕੇ (ਅਪਣੇ ਨਾਲ) ਮਿਲਾ ਲੈਂਦਾ ਹੈ।੬।ਹੇ ਗਿਆਨ ਤੋਂ ਖਾਲੀ ਬੇ ਸਮਝ ਮਨੁੱਖ! ਗੁਰੂ ਤੋਂ ਬਿਨਾ (ਹੋਰ ਕਿਤੋਂ) ਗਿਆਨ ਨਾ ਲੱਭ।(ਤੇਰੇ ਕੀਤੇ) ਬੁਰੇ ਤੇ ਭਲੇ ਕਰਮ ਦੋਵੇਂ ਨਾਲ ਰਹਿੰਦੇ ਹਨ, (ਇਨ੍ਹਾਂ ਦੀ) ਕਸ਼ਮਕਸ਼ ਵਿਚ ਲਗ ਕੇ ਖੁਆਰ ਹੀ ਹੋਈਦਾ ਹੈ।(ਗੁਰੂ ਦੇ) ਸ਼ਬਦ ਅਤੇ ਭੈ ਵਿਚ ਲੀਨ ਹੋਏ ਬਿਨਾ ਸਾਰੀ ਦੁਨੀਆਂ ਕਾਲ ਕਰਨ ਵਾਲੇ ਜਮ ਨੇ ਅਪਣੀ ਤੱਕ ਵਿਚ ਰੱਖੀ ਹੋਈ ਹੈ।੭।(ਹੇ ਭਾਈ!) ਜਿਸ ਪ੍ਰਭੂ ਨੇ ਸੰਸਾਰ ਪੈਦਾ ਕਰਕੇ ਟਿਕਾਇਆ ਹੈ, ਉਹ ਸਭ ਜੀਵਾਂ ਨੂੰ ਆਸਰਾ ਦੇਂਦਾ ਹੈ।ਉਸ ਪ੍ਰਭੂ ਨੂੰ ਮਨ ਵਿਚੋਂ ਕਿਉਂ ਭੁਲਾ ਦੇਈਏ? ਜੋ ਸਦਾ ਦਾਤਾਂ ਦੇਣ ਵਾਲਾ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਮੈਨੂੰ ਪ੍ਰਭੂ ਦਾ) ਨਾਮ ਕਦੇ ਨਾ ਭੁੱਲੇ, ਜੋ ਨਿਆਸਰਿਆਂ ਦਾ ਆਸਰਾ ਹੈ।੮।੧।੨।

ਪਦਾਰਥ = ਬਾਕੀ ਵਾਲਾ–ਦੇਣਦਾਰ ਨੂੰ (ਕਰਮਾਂ ਦਾ ਬਾਕੀ ਬਚਿਆ ਹਿਸਾਬ ਦੇਣ ਵਾਲਾ ਮਨੁੱਖ)।ਤਲਬੀਐ–ਸੱਦਿਆ ਜਾਂਦਾ ਹੈ।ਸਿਰਿ–ਸਿਰ ਉਤੇ।ਜੰਦਾਰੁ–ਜਲਾਦ; ਜਾਲਮ ਜਮ।ਲੇਖਾ–ਕਰਮਾਂ ਦਾ ਹਿਸਾਬ।ਸਚੇ ਕੀ–ਸੱਚੇ ਪ੍ਰਭੂ ਦੀ।ਲਿਵ–ਬਿਰਤੀ ਦੀ ਇਕਾਗ੍ਰਤਾ; ਪ੍ਰੀਤ।ਉਬਰੈ–ਬਚ ਜਾਂਦੇ ਹਨ।੫।ਅਨ ਕੋ–ਹੋਰ ਨੂੰ।ਕੀਜੈ–ਕੀਤਾ (ਬਣਾਇਆ) ਜਾਵੇ।ਮਿਤੜਾ–ਮਿਤ੍ਰ।ਖਾਕੁ–ਮਿੱਟੀ।ਮਰਿ–ਮਰ ਕੇ।ਰਲ ਜਾਇ–ਮਿਲ ਜਾਂਦਾ ਹੈ।ਬਹੁ ਰੰਗ–ਬਹੁਤੇ ਰੰਗ ਤਮਾਸ਼ੇ।ਆਵੈ ਜਾਇ–ਆਉਂਦਾ ਜਾਂਦਾ (ਮਰਦਾ ਜੰਮਦਾ) ਹੈ।ਨਦਰਿ ਤੇ–ਮੇਹਰ ਦੀ ਨਜਰ ਨਾਲ।ਛੁਟੀਐ–ਛੁੱਟਿਆ ਜਾਂਦਾ ਹੈ।ਨਦਰੀ–ਮੇਹਰ ਦੀ ਨਜਰ ਕਰਕੇ।੬।ਗਾਫਲ–ਹੇ ਬੇ ਸਮਝ!।ਗਿਆਨ ਵਿਹੂਣਿਆ–ਹੇ ਗਿਆਨ ਤੋਂ ਖਾਲੀ (ਮਨੁੱਖ)!।ਨ ਭਾਲਿ–ਨਾ ਲੱਭ।ਖਿੰਚੋਤਾਣਿ–ਕਸ਼ਮਕਸ਼ ਵਿਚ; ਝਗੜਾ; ਵਾਦ ਵਿਵਾਦ।ਵਿਗੁਚੀਐ–ਖੁਆਰ ਹੋਈਦਾ ਹੈ।ਭੈ–ਡਰ।ਬਿਨੁ ਰਤਿਆ–ਲੀਨ ਹੋਏ ਬਿਨਾ; ਰੰਗੇ ਬਿਨਾ।ਸਭ–ਸਾਰੀ ਦੁਨੀਆਂ। ਜੋਹੀ–ਨਜਰ ਵਿਚ।ਜਮ ਕਾਲਿ–ਕਾਲ ਕਰਨ (ਮਾਰਨ) ਵਾਲੇ ਜਮ ਨੇ।੭।ਜਿਨਿ–ਜਿਸ ਨੇ।ਕਰਿ ਕਾਰਣੁ–ਸੰਸਾਰ ਪੈਦਾ ਕਰਕੇ। ਧਾਰਿਆ–ਟਿਕਾਇਆ ਹੈ।ਸਭਸੈ–ਸਾਰੇ ਜੀਵਾਂ ਨੂੰ।ਦੇਇ ਆਧਾਰੁ–ਆਸਰਾ ਦੇਂਦਾ ਹੈ।ਸੋ–ਉਹ; ਉਸ ਨੂੰ।ਮਨਹੁ–ਮਨ ਵਿਚੋਂ। ਵਿਸਾਰੀਐ–ਭੁਲਾ ਦੇਈਏ।ਨਿਧਾਰਾ–ਨਿਆਸਰਿਆਂ ਦਾ।੮।੧।੨।

ਸੂਹੀ ਮਹਲਾ ੧ ਕਾਫੀ ਘਰੁ ੧੦ ੴ ਸਤਿਗੁਰ ਪ੍ਰਸਾਦਿ ॥ ਮਾਣਸ ਜਨਮੁ ਦੁਲੰਭੁ ,ਗੁਰਮੁਖਿ ਪਾਇਆ ॥ ਮਨੁ ਤਨੁ ਹੋਇ ਚੁਲੰਭੁ ,ਜੇ ਸਤਿਗੁਰ ਭਾਇਆ ॥੧॥ ਚਲੈ ਜਨਮੁ ਸਵਾਰਿ, ਵਖਰੁ ਸਚੁ ਲੈ ॥ ਪਤਿ ਪਾਇ ਦਰਬਾਰਿ, ਸਤਿਗੁਰ ਸਬਦਿ ਭੈ ॥੧॥ ਰਹਾਉ॥ ਮਨਿ ਤਨਿ ਸਚੁ ਸਲਾਹਿ, ਸਾਚੇ ਮਨਿ ਭਾਇਆ ॥ ਲਾਲਿ ਰਤਾ ਮਨੁ ਮਾਨਿਆ, ਗੁਰੁ ਪੂਰਾ ਪਾਇਆ ॥੨॥ (ਹੇ ਭਾਈ! ਚੁਰਾਸੀ ਲੱਖ ਜੂਨਾਂ ਵਿਚੋਂ) ਮਨੁੱਖਾ ਜਨਮ ਦੁਰਲੱਭ ਹੈ, (ਪਰ ਇਸ ਦਾ ਅਸਲ ਮਨੋਰਥ) ਗੁਰੂ ਦੁਆਰਾ ਪਾਇਆ ਜਾਂਦਾ ਹੈ; (ਪਰ ਮਨੁੱਖਾ ਜਨਮ ਵਿਚ ਪ੍ਰਭੂ ਨੂੰ) ਗੁਰਮੁਖਾਂ ਨੇ ਹੀ ਪਾਇਆ ਹੈ।ਜੇ ਸਤਿਗੁਰੂ ਨੂੰ ਚੰਗਾ ਲੱਗ ਜਾਵੇ, ਤਾਂ (ਮਨੁੱਖ ਦਾ) ਮਨ ਤੇ ਤਨ (ਨਾਮ ਰੰਗ ਨਾਲ) ਗੂੜ੍ਹਾ ਲਾਲ ਹੋ ਜਾਂਦਾ ਹੈ (ਜੇ ਸਤਿਗੁਰੂ ਦੀ ਕਿਰਪਾ ਹੋ ਜਾਵੇ ਤਾਂ ਮਨੁੱਖ ਨਾਮ ਦੇ ਰੰਗ ਵਿਚ ਰੰਗਿਆ ਜਾਂਦਾ ਹੈ)।੧।(ਜਿਹੜਾ ਮਨੁੱਖ ਪ੍ਰਭੂ ਦਾ) ਸੱਚਾ ਨਾਮ ਰੂਪ ਸੌਦਾ ਲੈ ਕੇ ਅਪਣਾ ਜਨਮ ਸਵਾਰ ਕੇ (ਜੀਵਨ ਮਾਰਗ ਤੇ) ਚਲਦਾ ਹੈ, (ਉਹ) ਸਤਿਗੁਰੂ ਦੇ ਸ਼ਬਦ ਦੁਆਰਾ (ਪ੍ਰਭੂ ਦੇ) ਡਰ ਵਿਚ ਰਹਿ ਕੇ (ਪ੍ਰਭੂ ਦੇ) ਦਰਬਾਰ ਵਿਚ ਇਜਤ ਪਾਉਂਦਾ ਹੈ।੧।ਰਹਾਉ।

(ਜਿਹੜਾ ਮਨੁੱਖ) ਮਨ ਤੇ ਤਨ ਕਰਕੇ ਸੱਚੇ ਪ੍ਰਭੂ ਨੂੰ ਸਲਾਹੁੰਦਾ ਹੈ, ਉਹ ਸੱਚੇ ਪ੍ਰਭੂ ਦੇ ਮਨ ਵਿਚ ਚੰਗਾ ਲਗਦਾ ਹੈ।(ਉਸ ਨੂੰ) ਪੂਰਾ ਗੁਰੂ ਪ੍ਰਾਪਤ ਹੋਇਆ ਹੈ, (ਉਸ ਦਾ) ਮਨ ਮੰਨ ਗਿਆ ਹੈ ਅਤੇ ਲਾਲ ਰੰਗ ਵਿਚ ਰੰਗਿਆ ਗਿਆ ਹੈ।੨।

ਅੰਗ ੭੫੨ = ਹਉ ਜੀਵਾ ਗੁਣ ਸਾਰਿ, ਅੰਤਰਿ ਤੂ ਵਸੈ ॥ ਤੂੰ ਵਸਹਿ ਮਨ ਮਾਹਿ, ਸਹਜੇ ਰਸਿ ਰਸੈ ॥੩॥ ਮੂਰਖ ਮਨ ਸਮਝਾਇ, ਆਖਉ ਕੇਤੜਾ ॥ ਗੁਰਮੁਖਿ ਹਰਿ ਗੁਣ ਗਾਇ, ਰੰਗਿ ਰੰਗੇਤੜਾ ॥੪॥ (ਹੇ ਪ੍ਰਭੂ!) ਤੂੰ ਮੇਰੇ ਮਨ ਦੇ ਅੰਦਰ ਵਸਦਾ ਹੈਂ, ਮੈਂ ਤੇਰਾ ਨਾਮ ਯਾਦ ਕਰਕੇ ਜਿਉਂਦਾ ਹਾਂ।ਤੂੰ ਮੇਰੇ ਮਨ ਵਿਚ ਵਸਦਾ ਹੈਂ, (ਜਿਸ ਕਰਕੇ ਮੇਰਾ ਮਨ) ਸਹਜੇ ਹੀ ਨਾਮ ਰਸ ਵਿਚ ਰਸਿਆ ਰਹਿੰਦਾ ਹੈ (ਅਨੰਦ ਮਾਣਦਾ ਹੈ)।੩।ਹੇ ਮੇਰੇ ਮੂਰਖ ਮਨ! ਮੈਂ ਤੈਨੂੰ ਕਿਤਨਾ ਕੁਝ ਸਮਝਾ ਸਮਝਾ ਕੇ ਆਖਾਂ? ਕਿ ਗੁਰੂ ਦੁਆਰਾ ਹਰੀ ਦੇ ਗੁਣ ਗਾ ਕੇ ਪ੍ਰਭੂ ਦੇ ਨਾਮ ਰੰਗ ਵਿਚ ਰੰਗਿਆ ਜਾ (ਅਤੇ ਜਨਮ ਸਵਾਰ ਲੈ)।੪।

ਪਦਾਰਥ = ਕਾਫੀ–ਇਕ ਰਾਗਨੀ ਦਾ ਨਾਮ ਹੈ।ਮਾਣਸ ਜਨਮੁ–ਮਨੁੱਖਾ ਜਨਮ।ਦੁਲੰਭੁ–ਦੁਰਲੱਭ (ਬੜੀ ਮੁਸ਼ਕਲ ਨਾਲ ਮਿਲਣ ਵਾਲਾ)।ਗੁਰਮੁਖਿ–ਗੁਰੂ ਦੁਆਰਾ; ਗੁਰਮੁਖਾਂ ਨੇ।ਤਨੁ–ਸਰੀਰ।ਚੁਲੰਭੁ–ਗੂੜ੍ਹਾ ਲਾਲ ਰੰਗ।੧।ਸਵਾਰਿ–ਸਵਾਰ ਕੇ।ਵਖਰੁ–ਵਪਾਰ ਦਾ ਸੌਦਾ।ਸਚੁ–ਸੱਚਾ ਨਾਮ।ਲੈ–ਲੈ ਕੇ।ਪਤਿ–ਇੱਜਤ।ਪਾਏ–ਪਾਉਂਦਾ ਹੈ।ਦਰਬਾਰਿ–ਪ੍ਰਭੂ ਦੇ ਦਰਬਾਰ ਵਿਚ।ਭੈ–ਡਰ।੧। ਰਹਾਉ।ਮਨਿ–ਮਨ ਕਰਕੇ।ਤਨਿ–ਸਰੀਰ ਕਰਕੇ।ਸਲਾਹਿ–ਸਲਾਹੁੰਦਾ ਹੈ।ਸਾਚੇ–ਸੱਚੇ ਪ੍ਰਭੂ ਦੇ।ਭਾਇਆ–ਚੰਗਾ ਲਗਦਾ ਹੈ। ਲਾਲਿ ਰਤਾ–ਲਾਲ ਰੰਗਿ ਵਿਚ ਰੰਗਿਆ ਗਿਆ।ਮਨੁ ਮਾਨਿਆ–ਮਨ ਪਤੀਜ ਗਿਆ; ਮਨ ਸ਼ਰਧਾ ਵਾਲਾ ਹੋ ਗਿਆ।੨।ਹਉ–ਮੈਂ।ਸਾਰਿ–ਯਾਦ ਕਰਕੇ।ਅੰਤਰਿ–ਮਨ ਦੇ ਅੰਦਰ।ਮਾਹਿ–ਵਿਚ।ਸਹਜੇ–ਸੁਭਾਵਕ ਹੀ।ਰਸਿ ਰਸੈ–ਰਸ ਵਿਚ ਰਸਿਆ ਹੈ।੩। ਆਖਉ–ਆਖਾਂ।ਕੇਤੜਾ–ਕਿਤਨਾ ਕੁਝ।ਰੰਗਿ ਰੰਗੇਤੜਾ–ਪ੍ਰੇਮ ਰੰਗਿ ਵਿਚ ਰੰਗਿਆ ਜਾ।੪।

ਨਿਤ ਨਿਤ ਰਿਦੈ ਸਮਾਲਿ, ਪ੍ਰੀਤਮੁ ਆਪਣਾ ॥ ਜੇ ਚਲਹਿ ਗੁਣ ਨਾਲਿ, ਨਾਹੀ ਦੁਖੁ ਸੰਤਾਪਣਾ ॥੫॥ ਮਨਮੁਖ ਭਰਮਿ ਭੁਲਾਣਾ, ਨਾ ਤਿਸੁ ਰੰਗੁ ਹੈ ॥ ਮਰਸੀ ਹੋਇ ਵਿਡਾਣਾ, ਮਨਿ ਤਨਿ ਭੰਗੁ ਹੈ ॥੬॥ ਗੁਰ ਕੀ ਕਾਰ ਕਮਾਇ, ਲਾਹਾ ਘਰਿ ਆਣਿਆ ॥ ਗੁਰ ਬਾਣੀ ਨਿਰਬਾਣੁ, ਸਬਦਿ ਪਛਾਣਿਆ ॥੭॥ ਇਕ ਨਾਨਕ ਕੀ ਅਰਦਾਸਿ, ਜੇ ਤੁਧੁ ਭਾਵਸੀ ॥ ਮੈ ਦੀਜੈ ਨਾਮ ਨਿਵਾਸੁ ,ਹਰਿ ਗੁਣ ਗਾਵਸੀ ॥੮॥੧॥੩॥ (ਹੇ ਮੇਰੇ ਮਨ! ਤੂੰ) ਹਰ ਰੋਜ ਅਪਣੇ ਪਿਆਰੇ ਪ੍ਰਭੂ ਨੂੰ ਹਿਰਦੇ ਵਿਚ ਯਾਦ ਕਰਿਆ ਕਰ।ਜੇ ਤੂੰ ਸ਼ੁੱਭ ਗੁਣ ਨਾਲ ਲੈ ਕੇ ਚਲੇਂਗਾ, (ਤਾਂ ਤੈਨੂੰ ਪ੍ਰਲੋਕ ਦੇ ਔਖੇ ਰਸਤੇ ਵਿਚ) ਦੁਖ ਨਹੀਂ ਸੰਤਾਏਗਾ।੫।ਮਨਮੁਖ ਭਰਮ ਵਿਚ ਭੁਲਿਆ ਹੋਇਆ ਹੈ, (ਜਿਸ ਕਰਕੇ) ਉਸ ਨੂੰ ਪ੍ਰਭੂ ਦਾ ਪ੍ਰੇਮ ਨਹੀਂ ਹੈ।(ਉਹ ਪ੍ਰਭੂ ਤੋਂ ਵਿਛੜ ਕੇ) ਦੁਖੀ ਹੋ ਕੇ ਮਰਦਾ ਹੈ; ਬਿਗਾਨਾ (ਜਮਾਂ ਦਾ) ਹੋ ਕੇ ਮਰਦਾ ਹੈ (ਗੁਰੂ ਦਾ ਹੋ ਕੇ ਨਹੀਂ ਮਰਦਾ, ਉਸ ਦੇ) ਮਨ ਤੇ ਸਰੀਰ ਵਿਚ ਬਿਘਨ ਪਿਆ ਰਹਿੰਦਾ ਹੈ।੬।(ਜਿਸ ਮਨੁੱਖ ਨੇ) ਗੁਰੂ ਦੀ ਕਾਰ ਕਮਾ ਕੇ ਹਿਰਦੇ ਰੂਪ ਘਰ ਵਿਚ ਲਾਹਾ ਖਟ ਕੇ ਲਿਆਂਦਾ ਹੈ।(ਉਸ ਨੇ) ਗੁਰੂ ਦੀ ਬਾਣੀ ਅਤੇ ਸ਼ਬਦ ਦੁਆਰਾ ਵਾਸ਼ਨਾ ਰਹਿਤ ਪ੍ਰਭੂ ਨੂੰ ਪਛਾਣ ਲਿਆ ਹੈ।੭।(ਹੇ ਪ੍ਰਭੂ! ਤੇਰੇ ਚਰਨਾਂ ਵਿਚ) ਨਾਨਕ ਦੀ ਇਕ ਅਰਦਾਸ ਹੈ, ਜੇ ਤੈਨੂੰ ਚੰਗੀ ਲੱਗੇ।ਮੇਰੇ ਹਿਰਦੇ ਵਿਚ ਨਾਮ ਦਾ ਨਿਵਾਸ ਬਖਸ਼ ਦੇ ਅਤੇ ਮੈਂ ਤੇਰੇ ਗੁਣ ਗਾਉਂਦਾ ਰਹਾਂ।੮।੧।੩।

ਪਦਾਰਥ = ਨਿਤ–ਹਰ ਰੋਜ।ਰਿਦੈ–ਹਿਰਦੇ ਵਿਚ।ਸਮਾਲਿ–ਯਾਦ ਕਰ; ਸੰਭਾਲ ਕਰ।ਸੰਤਾਪਣਾ–ਸੰਤਾਏਗਾ।੫।ਭਰਮਿ–ਭਰਮ ਵਿਚ।ਭੁਲਾਣਾ–ਭੁੱਲਿਆ ਹੋਇਆ।ਤਿਸੁ–ਉਸ ਨੂੰ।ਰੰਗੁ–ਪ੍ਰੇਮ।ਮਰਸੀ–ਮਰਦਾ ਹੈ।ਵਿਡਾਣਾ–ਦੁਖੀ; ਪ੍ਰੇਸ਼ਾਨ; ਹੈਰਾਨ; ਬਿਗਾਨਾ।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਭੰਗੁ–ਬਿਘਨ; ਦੁਖ।੬।ਕਾਰ ਕਮਾਇ–ਸੇਵਾ ਭਗਤੀ ਕਮਾ ਕੇ।ਲਾਹਾ–ਲਾਭ।ਘਰਿ–ਹਿਰਦੇ ਘਰ ਵਿਚ।ਆਣਿਆ–ਲਿਆਂਦਾ ਹੈ।ਨਿਰਬਾਣੁ–ਵਾਸ਼ਨਾ ਰਹਿਤ ਪ੍ਰਭੂ।੭।ਤੁਧੁ–ਤੈਨੂੰ।ਭਾਵਸੀ–ਚੰਗੀ ਲੱਗੇ; ਪਸੰਦ ਆ ਜਾਵੇ।ਮੈ–ਮੈਨੂੰ–ਮੇਰੇ (ਹਿਰਦੇ ਵਿਚ)।ਦੀਜੈ–ਬਖਸ਼ ਦੇ।ਗਾਵਸੀ–ਗਾਉਂਦਾ ਰਹਾਂ।੮।੧।੩।

ਸੂਹੀ ਮਹਲਾ ੧ ॥ ਜਿਉ ਆਰਣਿ ਲੋਹਾ ਪਾਇ, ਭੰਨਿ ਘੜਾਈਐ ॥ ਤਿਉ ਸਾਕਤੁ ਜੋਨੀ ਪਾਇ, ਭਵੈ ਭਵਾਈਐ ॥੧॥ ਬਿਨੁ ਬੂਝੇ ਸਭੁ ਦੁਖੁ ,ਦੁਖੁ ਕਮਾਵਣਾ ॥ ਹਉਮੈ ਆਵੈ ਜਾਇ, ਭਰਮਿ ਭੁਲਾਵਣਾ ॥੧॥ਰਹਾਉ॥ ਤੂੰ ਗੁਰਮੁਖਿ ਰਖਣਹਾਰੁ ,ਹਰਿ ਨਾਮੁ ਧਿਆਈਐ ॥ ਮੇਲਹਿ ਤੁਝਹਿ ਰਜਾਇ, ਸਬਦੁ ਕਮਾਈਐ ॥੨॥ ਤੂੰ ਕਰਿ ਕਰਿ ਵੇਖਹਿ ਆਪਿ, ਦੇਹਿ ਸੁ ਪਾਈਐ ॥ ਤੂ ਦੇਖਹਿ ਥਾਪਿ ਉਥਾਪਿ, ਦਰਿ ਬੀਨਾਈਐ ॥੩॥ ਦੇਹੀ ਹੋਵਗਿ ਖਾਕੁ ,ਪਵਣੁ ਉਡਾਈਐ ॥ ਇਹੁ ਕਿਥੈ ਘਰੁ ਅਉਤਾਕੁ ,ਮਹਲੁ ਨ ਪਾਈਐ ॥੪॥ ਜਿਵੇਂ (ਲੁਹਾਰ ਵੱਲੋਂ) ਲੋਹਾ ਭੱਠੀ ਵਿਚ ਪਾ ਕੇ (ਤਪਾ ਕੇ) ਤੇ ਭੰਨ੍ਹ ਕੇ ਘੜਿਆ ਜਾਂਦਾ ਹਾਂ (ਸੰਦ ਬਣਾਏ ਜਾਂਦੇ ਹਨ)।ਤਿਵੇਂ ਸਾਕਤ ਨੂੰ ਜੂਨਾਂ ਵਿਚ ਪਾ ਕੇ ਭਵਾਇਆ ਜਾਂਦਾ ਹੈ, (ਇਉਂ ਉਹ ਜਨਮ ਮਰਨ ਦੇ ਗੇੜ ਵਿਚ) ਭਟਕਦਾ ਰਹਿੰਦਾ

ਹੈ।੧।(ਪ੍ਰਭੂ ਨੂੰ) ਸਮਝੇ ਤੋਂ ਬਿਨਾ ਸਭ ਕੋਈ ਦੁਖ ਹੀ ਦੁਖ ਕਮਾਉਂਦਾ ਹੈ।ਹਉਮੈ ਦੇ ਕਾਰਨ ਅਤੇ ਭਰਮ ਵਿਚ ਭੁੱਲਿਆ ਮਨੁੱਖ ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ।੧।ਰਹਾਉ।ਹੇ ਪ੍ਰਭੂ! ਤੂੰ ਗੁਰੂ ਅਨੁਸਾਰੀ ਮਨੁੱਖ ਦੀ (ਜਨਮ ਮਰਨ ਦੇ ਗੇੜ ਵਿਚ ਪੈਣ ਤੋਂ) ਰੱਖਿਆ ਕਰਨ ਵਾਲਾ ਹੈਂ, (ਜਨਮ ਮਰਨ ਤੋਂ ਬਚਣ ਲਈ ਸਾਨੂੰ) ਹਰੀ ਦਾ ਨਾਮ ਸਿਮਰਨਾ ਚਾਹੀਦਾ ਹੈ।ਜੇ ਤੇਰੀ ਰਜ਼ਾ ਹੋਵੇ, ਤਾਂ ਤੂੰ ਗੁਰੂ ਮਿਲਾ ਦੇਂਦਾ ਹੈਂ, (ਫਿਰ ਗੁਰੂ ਦਾ) ਸ਼ਬਦ ਕਮਾਈਦਾ ਹੈ।੨।(ਹੇ ਪ੍ਰਭੂ! ਜੀਵਾਂ ਨੂੰ) ਤੂੰ ਪੈਦਾ ਕਰ ਕਰ ਕੇ (ਸਭ ਨੂੰ) ਆਪ ਹੀ ਦੇਖਦਾ (ਸੰਭਾਲ ਕਰਦਾ) ਹੈਂ ਅਤੇ ਜੋ ਕੁਝ ਤੂੰ (ਸਾਨੂੰ ਜੀਵਾਂ ਨੂੰ) ਦੇਂਦਾ ਹੈਂ, ਉਹ ਹੀ ਪਾਈਦਾ ਹੈ।ਤੂੰ ਅਪਣੀ ਨਿਗਰਾਨੀ ਅੰਦਰ ਜੀਵਾਂ ਨੂੰ ਬਣਾ ਕੇ ਤੇ ਨਾਸ਼ ਕਰਕੇ ਦੇਖਦਾ ਰਹਿੰਦਾ ਹੈਂ।੩।(ਹੇ ਭਾਈ!) ਸੁਆਸ ਉਡ ਜਾਣ ਤੇ ਸਰੀਰ ਮਿੱਟੀ ਹੋ ਜਾਵੇਗਾ।(ਉਸ ਵਕਤ ਤੇਰੇ ਪਾਸ) ਕਿਥੇ ਇਹ ਘਰ, ਬੈਠਕ ਅਤੇ ਮਹਿਲ ਮਾੜੀਆਂ ਰਹਿਣਗੇ? (ਉਦੋਂ ਇਨ੍ਹਾਂ ਵਿਚੋਂ ਕੁਛ ਵੀ) ਨਹੀਂ ਪਾ ਸਕੀਦਾ।੪।

ਪਦਾਰਥ = ਆਰਣਿ–ਭੱਠੀ।ਪਾਇ–ਪਾ ਕੇ।ਭੰਨਿ–ਭੰਨ (ਪਿਘਲਾ) ਕੇ।ਘੜਾਈਐ–ਘੜਿਆ ਜਾਂਦਾ ਹੈ।ਤਿਉ–ਤਿਵੇਂ।ਸਾਕਤੁ–ਰੱਬ ਨਾਲੋਂ ਟੁੱਟਿਆ ਮਨੁੱਖ।ਭਵੈ–ਭਉਂਦਾ ਹੈ; ਭਟਕਦਾ ਹੈ।ਭਵਾਈਐ–ਘੁਮਾਇਆ ਜਾਂਦਾ ਹੈ।੧।ਕਮਾਵਣਾ–ਕਮਾਉਂਦਾ ਹੈ; ਖੱਟਦਾ ਹੈ।ਆਵੈ ਜਾਇ–ਜੰਮਦਾ ਮਰਦਾ ਹੈ।ਭਰਮਿ ਭੁਲਾਵਣਾ–ਭਰਮ ਵਿਚ ਭੁੱਲਿਆ ਹੋਇਆ।੧।ਰਹਾਉ।ਗੁਰਮੁਖਿ–ਗੁਰੂ ਦੀ ਸ਼ਰਨ ਵਿਚ ਪਿਆ ਮਨੁੱਖ।ਰਖਣਹਾਰੁ–ਰੱਖਿਆ ਕਰਨ ਵਾਲਾ; ਬਚਾਉਣ ਵਾਲਾ।ਮੇਲਹਿ–ਮਿਲਾ ਦੇਂਦਾ ਹੈਂ।ਤੁਝਹਿ ਰਜਾਇ–ਜੇ ਤੇਰੀ ਮਰਜੀ ਹੋਵੇ।੨।ਦੇਹਿ–(ਜੋ ਕੁਝ) ਤੂੰ ਦੇਂਦਾ ਹੈ।ਸੁ–ਉਹ।ਥਾਪਿ–ਬਣਾ ਕੇ।ਉਥਾਪਿ–ਨਾਸ਼ ਕਰਕੇ।ਦਰਿ ਬੀਨਾਈਐ–ਨਜਰ ਦੇ (ਨਿਗਰਾਨੀ) ਅੰਦਰ।੩।ਦੇਹੀ–ਸਰੀਰ।ਹੋਵਗਿ–ਹੋ ਜਾਵੇਗਾ।ਖਾਕੁ–ਮਿੱਟੀ।ਪਵਣੁ–ਸੁਆਸ।ਉਡਾਈਐ–ਉਡ ਜਾਣ ਤੇ (ਜਦੋਂ ਨਿਕਲ ਜਾਂਦੇ ਹਨ)।ਅਉਤਾਕੁ–ਬੈਠਕ; ਘਰ।੪।

ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ ॥ ਗਰਬਿ ਮੁਸੈ ਘਰੁ ਚੋਰੁ ,ਕਿਸੁ ਰੂਆਈਐ ॥੫॥ ਗੁਰਮੁਖਿ ਚੋਰੁ ਨ ਲਾਗਿ, ਹਰਿ ਨਾਮਿ ਜਗਾਈਐ ॥ ਸਬਦਿ ਨਿਵਾਰੀ ਆਗਿ, ਜੋਤਿ ਦੀਪਾਈਐ ॥੬॥ ਲਾਲੁ ਰਤਨੁ ਹਰਿ ਨਾਮੁ ,ਗੁਰਿ ਸੁਰਤਿ ਬੁਝਾਈਐ ॥ ਸਦਾ ਰਹੈ ਨਿਹਕਾਮੁ ,ਜੇ ਗੁਰਮਤਿ ਪਾਈਐ ॥੭॥ ਰਾਤਿ ਦਿਹੈ ਹਰਿ ਨਾਉ ,ਮੰਨਿ ਵਸਾਈਐ ॥ ਨਾਨਕ ਮੇਲਿ ਮਿਲਾਇ, ਜੇ ਤੁਧੁ ਭਾਈਐ ॥੮॥੨॥੪॥ ਦਿਨੇ ਸੂਰਜ ਦਾ ਚਾਨਣ ਹੁੰਦੇ ਹੋਏ ਵੀ (ਮਨੁੱਖ ਦੇ ਅੰਦਰ) ਘੁੱਪ ਹਨ੍ਹੇਰਾ ਹੈ, (ਇਸ ਦੇ) ਹਿਰਦੇ ਘਰ ਦਾ ਮਾਲ ਲੁੱਟਿਆ ਜਾਂਦਾ ਹੈ (ਦੈਵੀ ਗੁਣਾਂ ਨੂੰ ਕਾਮਾਦਿਕ ਚੋਰ ਲੁੱਟੀ ਜਾਂਦੇ ਹਨ)।ਹੰਕਾਰ ਵਿਚ (ਬੇਸਮਝ ਹੋਣ ਕਰਕੇ ਵਿਕਾਰ ਰੂਪ) ਚੋਰ ਇਸ ਦੇ ਹਿਰਦੇ ਘਰ ਨੂੰ ਲੁੱਟੀ ਜਾਂਦਾ ਹੈ (ਧਰਮ ਕਰਮ ਸਭ ਨਸ਼ਟ ਕਰੀ ਜਾਂਦਾ ਹੈ), ਫਿਰ ਕਿਸ ਅਗੇ (ਮਨੁੱਖ ਅਪਣਾ ਦੁੱਖ) ਰੋਵੇ (ਦੱਸੇ)।੫।(ਪਰ) ਗੁਰੂ ਅਨੁਸਾਰੀ ਮਨੁੱਖ (ਦੇ ਹਿਰਦੇ ਘਰ) ਨੂੰ ਚੋਰ ਨਹੀਂ ਲਗਦਾ, (ਕਿਉਂਕਿ ਗੁਰੂ ਉਸ ਨੂੰ) ਹਰੀ ਦੇ ਨਾਮ ਦੁਆਰਾ ਹੋਕਾ ਦੇ ਕੇ ਜਗਾਈ ਰਖਦਾ ਹੈ।ਗੁਰੂ ਦੇ ਸ਼ਬਦ ਨੇ (ਉਸ ਦੀ) ਤ੍ਰਿਸ਼ਨਾ ਦੀ ਅੱਗ ਬੁਝਾ ਦਿਤੀ ਹੈ, (ਕਿਉਂਕਿ ਉਸ ਦੇ ਅੰਦਰ ਸ਼ਬਦ ਨੇ) ਰੱਬੀ ਜੋਤ ਜਗਾ ਦਿਤੀ ਹੈ (ਆਤਮ ਪ੍ਰਕਾਸ਼ ਕਰ ਦਿਤਾ)।੬।ਗੁਰੂ ਨੇ ਇਹ ਗਿਆਨ ਸਮਝਾ ਦਿਤਾ ਹੈ ਕਿ ਹਰੀ ਦਾ ਨਾਮ ਹੀ ਲਾਲ ਹੈ, ਰਤਨ (ਬਹੁਤ ਅਮੋਲਕ) ਹੈ।ਜੇ (ਮਨੁੱਖ) ਗੁਰੂ ਦੀ ਸਿਖਿਆ ਪ੍ਰਾਪਤ ਕਰ ਲਵੇ, ਤਾਂ (ਉਹ) ਸਦਾ ਨਿਰਇੱਛਤ ਰਹਿੰਦਾ ਹੈ।੭।(ਹੇ ਭਾਈ!) ਹਰੀ ਦਾ ਨਾਉਂ ਦਿਨ ਰਾਤ ਮਨ ਵਿਚ ਵਸਾ ਲੈਣਾ ਚਾਹੀਦਾ ਹੈ।(ਹੇ ਪ੍ਰਭੂ!) ਜੇ ਤੈਨੂੰ ਚੰਗਾ ਲੱਗੇ ਤਾਂ ਨਾਨਕ ਨੂੰ (ਤੂੰ ਅਪਣੇ) ਮੇਲ (ਸੰਗਤ) ਵਿਚ ਮਿਲਾ ਲੈ।੮।੨।੪।

ਪਦਾਰਥ = ਦਿਹੁ ਦੀਵੀ–ਦਿਨੇ ਸੂਰਜ ਦਾ ਚਾਨਣ ਹੁੰਦੇ ਹੋਏ ਵੀ।ਅੰਧ ਘੋਰੁ–ਘੁੱਪ ਹਨ੍ਹੇਰਾ।ਘਬੁ–ਘਰ ਦਾ ਮਾਲ।ਮੁਹਾਈਐ–ਲੁੱਟਿਆ ਜਾਂਦਾ ਹੈ।ਗਰਬਿ–ਹੰਕਾਰ ਵਿਚ।ਮੁਸੈ–ਲੁੱਟੀ ਜਾਂਦਾ ਹੈ।ਕਿਸੁ–ਕਿਸ ਅੱਗੇ।ਰੁਆਈਐ–ਰੋ ਕੇ ਦੱਸੇ।੫।ਨ ਲਾਗਿ–ਨਹੀਂ ਲਗਦਾ।ਨਾਮਿ ਜਗਾਈਐ–ਨਾਮ ਦੁਆਰਾ ਜਗਾਈ ਰਖਦਾ ਹੈ।ਸਬਦਿ–ਸ਼ਬਦ ਨੇ।ਨਿਵਾਰੀ–ਦੂਰ ਕਰ ਦਿਤੀ।ਆਗਿ–(ਤ੍ਰਿਸ਼ਨਾ ਦੀ) ਅੱਗ।ਜੋਤਿ ਦੀਪਾਈਐ–ਜੋਤ ਜਗਾ ਦਿਤੀ।੬।ਗੁਰਿ–ਗੁਰੂ ਨੇ।ਸੁਰਤਿ–ਸੂਝ ਬੂਝ (ਗਿਆਨ)।ਬੁਝਾਈਐ–ਸਮਝਾ ਦਿਤੀ।ਰਹੈ ਨਿਹਕਾਮ–ਨਿਰਇੱਛਤ ਰਹਿੰਦਾ ਹੈ।ਗੁਰਮਤਿ–ਗੁਰੂ ਦੀ ਸਿੱਖਿਆ।੭।ਦਿਹੈ–ਦਿਨੇ।ਮੰਨਿ–ਮਨ ਵਿਚ।ਮੇਲਿ–ਮੇਲ (ਸੰਗਤ) ਵਿਚ।ਤੁਧੁ–ਤੈਨੂੰ।ਭਾਈਐ–ਚੰਗਾ ਲੱਗੇ।੮।੨।੪।

ਸੂਹੀ ਮਹਲਾ ੧ ॥ ਮਨਹੁ ਨ ਨਾਮੁ ਵਿਸਾਰਿ, ਅਹਿਨਿਸਿ ਧਿਆਈਐ ॥ ਜਿਉ ਰਾਖਹਿ ਕਿਰਪਾ ਧਾਰਿ, ਤਿਵੈ ਸੁਖੁ ਪਾਈਐ ॥੧॥ ਮੈ ਅੰਧੁਲੇ ਹਰਿ ਨਾਮੁ ,ਲਕੁਟੀ ਟੋਹਣੀ ॥ ਰਹਉ ਸਾਹਿਬ ਕੀ ਟੇਕ, ਨ ਮੋਹੈ ਮੋਹਣੀ ॥੧॥ਰਹਾਉ॥ ਜਹ ਦੇਖਉ ਤਹ ਨਾਲਿ,

ਗੁਰਿ ਦੇਖਾਲਿਆ ॥ ਅੰਤਰਿ ਬਾਹਰਿ ਭਾਲਿ, ਸਬਦਿ ਨਿਹਾਲਿਆ ॥੨॥ ਸੇਵੀ ਸਤਿਗੁਰ ਭਾਇ, ਨਾਮੁ ਨਿਰੰਜਨਾ ॥ ਤੁਧੁ ਭਾਵੈ ਤਿਵੈ ਰਜਾਇ, ਭਰਮੁ ਭਉ ਭੰਜਨਾ ॥੩॥ ਜਨਮਤ ਹੀ ਦੁਖੁ ਲਾਗੈ, ਮਰਣਾ ਆਇ ਕੈ ॥ ਜਨਮੁ ਮਰਣੁ ਪਰਵਾਣੁ ,ਹਰਿ ਗੁਣ ਗਾਇ ਕੈ ॥੪॥ (ਹੇ ਭਾਈ! ਤੂੰ) ਮਨ ਤੋਂ ਪ੍ਰਭੂ ਦਾ ਨਾਮ ਨਾ ਭੁਲਾ, ਦਿਨ ਰਾਤ (ਤੈਨੂੰ ਪ੍ਰਭੂ ਦਾ ਨਾਮ) ਸਿਮਰਨਾ ਚਾਹੀਦਾ ਹੈ। (ਪ੍ਰਭੂ ਅੱਗੇ ਇਸ ਤਰ੍ਹਾਂ ਬੇਨਤੀ ਕਰ ਕਿ ਹੇ ਪ੍ਰਭੂ!) ਜਿਵੇਂ ਤੂੰ ਕਿਰਪਾ ਕਰਕੇ ਰੱਖਦਾ ਹੈਂ, ਤਿਵੇਂ (ਤੇਰੇ ਭਾਣੇ ਵਿਚ ਰਹਿ ਕੇ) ਸੁਖ ਪਾਈਦਾ ਹੈ।੧।ਮੈਂ ਅੰਨ੍ਹੇ ਵਾਸਤੇ ਹਰੀ ਦਾ ਨਾਮ ਟੋਹਣ ਵਾਲੀ ਸੋਟੀ ਹੈ।ਮੈਂ ਮਾਲਕ ਪ੍ਰਭੂ ਦੇ ਆਸਰੇ ਰਹਿੰਦਾ ਹਾਂ, (ਇਸ ਕਰਕੇ ਮੈਨੂੰ) ਮੋਹਣੀ ਮਾਇਆ ਮੋਹ ਨਹੀਂ ਸਕਦੀ।੧।ਰਹਾਉ।(ਹੇ ਭਾਈ!) ਜਿਥੇ ਮੈਂ ਦੇਖਦਾ ਹਾਂ ਉਥੇ ਪ੍ਰਭੂ ਮੇਰੇ ਨਾਲ ਹੈ, (ਪਰ ਇਹ) ਗੁਰੂ ਨੇ ਦਿਖਾਇਆ ਹੈ।(ਅਗਿਆਨ ਅਵਸਥਾ ਵਿਚ) ਬਾਹਰ (ਸਭ ਜਗ੍ਹਾ) ਭਾਲ ਕੇ (ਅੰਤ ਮੈਂ ਗੁਰੂ ਦੇ) ਸ਼ਬਦ ਦੁਆਰਾ (ਪ੍ਰਭੂ ਨੂੰ ਅਪਣੇ) ਅੰਦਰ ਹੀ ਦੇਖ ਲਿਆ ਹੈ।੨।ਮੈਂ ਪ੍ਰੇਮ ਨਾਲ ਸਤਿਗੁਰੂ ਦੀ ਸੇਵਾ ਕਰਦਾ ਹਾਂ (ਜਿਸ ਨੇ ਮੈਨੂੰ) ਮਾਇਆ ਤੋਂ ਨਿਰਲੇਪ ਪ੍ਰਭੂ ਦਾ ਨਾਮ ਦਿਤਾ ਹੈ; ਮੈਂ ਪ੍ਰੇਮ ਨਾਲ ਸਤਿਗੁਰੂ ਦੀ ਸੇਵਾ ਕਰਦਾ ਹਾਂ ਅਤੇ ਮਾਇਆ ਤੋਂ ਰਹਿਤ ਪ੍ਰਭੂ ਦਾ ਨਾਮ ਜਪਦਾ ਹਾਂ।ਹੇ ਭਰਮ ਤੇ ਭਉ ਨਾਸ਼ ਕਰਨ ਵਾਲੇ ਪ੍ਰਭੂ! ਜਿਵੇਂ ਤੈਨੂੰ ਚੰਗਾ ਲਗਦਾ ਹੈ, ਤਿਵੇਂ ਮੈਨੂੰ ਅਪਣੀ ਰਜ਼ਾ ਰੱਖ।੩। ਜੰਮਦਿਆਂ ਹੀ (ਜੀਵ ਨੂੰ) ਮਰਨ ਦਾ ਦੁਖ ਆ ਕੇ ਲਗ ਜਾਂਦਾ ਹੈ।ਹਰੀ ਦੇ ਗੁਣ ਗਾ ਕੇ ਜਨਮ ਮਰਨ ਸਫਲ ਹੁੰਦਾ ਹੈ (ਸੰਸਾਰ ਵਿਚ ਜਨਮ ਲਿਆ ਵੀ ਸਫਲ ਹੈ ਅਤੇ ਮਰਨਾ ਵੀ ਸਫਲ ਹੈ, ਕਿਉਂਕਿ ਮੁੜ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ)।੪।

ਪਦਾਰਥ = ਮਨਹੁ–ਮਨ ਤੋਂ।ਨ ਵਿਸਾਰਿ–ਨਾ ਭੁਲਾ।ਅਹਿਨਿਸਿ–ਦਿਨ ਰਾਤ।ਰਾਖਹਿ–ਤੂੰ ਰਖਦਾ ਹੈਂ।ਧਾਰਿ–ਕਰਕੇ।ਤਿਵੈ–ਤਿਵੇਂ।੧।ਅੰਧੁਲੇ–ਅੰਨ੍ਹੇ ਵਾਸਤੇ।ਲਕੁਟੀ–ਲੱਕੜੀ; ਲਾਠੀ (ਸੋਟੀ)।ਟੋਹਣੀ–ਟੋਹਣ (ਟਟੋਲਣ) ਵਾਲੀ।ਰਹਉ–ਰਹਿੰਦਾ ਹਾਂ।ਟੇਕ –ਆਸਰਾ।ਨ ਮੋਹੈ–ਮੋਹ ਨਹੀਂ ਸਕਦੀ।ਮੋਹਣੀ–ਮੋਹ ਲੈਣ ਵਾਲੀ ਮਾਇਆ।੧।ਰਹਾਉ।ਜਹ–ਜਿਥੇ।ਦੇਖਉ–ਮੈਂ ਦੇਖਦਾ ਹਾਂ। ਤਹ–ਉਥੇ।ਗੁਰਿ–ਗੁਰੂ ਨੇ।ਭਾਲਿ–ਖੋਜ ਕੇ।ਸਬਦਿ–ਸ਼ਬਦ ਦੁਆਰਾ।ਨਿਹਾਲਿਆ–ਦੇਖ ਲਿਆ ਹੈ।੨।ਸੇਵੀ–ਸੇਵਾ ਕਰਦਾ ਹਾਂ। ਭਾਇ–ਪ੍ਰੇਮ ਨਾਲ।ਨਿਰੰਜਨਾ–ਮਾਇਆ ਤੋਂ ਰਹਿਤ ਪ੍ਰਭੂ।ਤੁਧੁ–ਤੈਨੂੰ।ਭਾਵੈ–ਚੰਗਾ ਲਗਦਾ ਹੈ।ਤਿਵੈ–ਤਿਵੇਂ।ਰਜਾਇ–ਰਜ਼ਾ ਵਿਚ ;ਭਾਣੇ ਵਿਚ।ਭਉ ਭੰਜਨਾ–ਹੇ ਡਰ ਨਾਸ਼ ਕਰਨ ਵਾਲੇ!।੩।ਜਨਮਤ ਹੀ–ਜੰਮਦਿਆਂ ਹੀ।ਆਇ ਕੈ–ਆ ਕੇ।ਪਰਵਾਣੁ–ਸਫਲਾ। ਗਾਇ ਕੈ–ਗਾ ਕੇ।੪।

ਹਉ ਨਾਹੀ ਤੂ ਹੋਵਹਿ, ਤੁਧ ਹੀ ਸਾਜਿਆ ॥ ਆਪੇ ਥਾਪਿ ਉਥਾਪਿ, ਸਬਦਿ ਨਿਵਾਜਿਆ ॥੫॥ ਦੇਹੀ ਭਸਮ ਰੁਲਾਇ, ਨ ਜਾਪੀ ਕਹ ਗਇਆ ॥ (ਹੇ ਪ੍ਰਭੂ!) ਮੈਂ ਕੁਛ ਵੀ ਨਹੀਂ, ਤੂੰ ਸਦੀਵੀ ਹੋਂਦ ਵਾਲਾ ਹੈਂ ਅਤੇ ਤੈਂ ਹੀ (ਸੰਸਾਰ ਨੂੰ) ਰਚਿਆ ਹੈ।ਤੂੰ ਆਪ ਹੀ (ਸੰਸਾਰ ਨੂੰ) ਪੈਦਾ ਕਰਕੇ ਨਾਸ਼ ਕਰਦਾ ਹੈਂ, (ਪਰ ਕਿਸੇ ਕਿਸੇ ਨੂੰ ਤੂੰ ਗੁਰੂ ਦੇ) ਸ਼ਬਦ ਰਾਹੀਂ ਵਡਿਆਈ ਦੇਂਦਾ ਹੈਂ।੫।(ਜਦੋਂ) ਸਰੀਰ ਮਿੱਟੀ ਵਿਚ ਮਿਲ ਜਾਂਦਾ ਹੈ, (ਤਾਂ ਕਿਸੇ ਜੀਵ ਤੋਂ) ਨਹੀਂ ਜਾਣਿਆ ਜਾਂਦਾ ਕਿ ਜੀਵਾਤਮਾ ਕਿਥੇ ਚਲਾ ਗਿਆ ਹੈ?

ਅੰਗ ੭੫੩ = ਆਪੇ ਰਹਿਆ ਸਮਾਇ, ਸੋ ਵਿਸਮਾਦੁ ਭਇਆ ॥੬॥ ਤੂੰ ਨਾਹੀ ਪ੍ਰਭ ਦੂਰਿ, ਜਾਣਹਿ ਸਭ ਤੂ ਹੈ ॥ ਗੁਰਮੁਖਿ ਵੇਖਿ ਹਦੂਰਿ, ਅੰਤਰਿ ਭੀ ਤੂ ਹੈ ॥੭॥ ਮੈ ਦੀਜੈ ਨਾਮ ਨਿਵਾਸੁ ,ਅੰਤਰਿ ਸਾਂਤਿ ਹੋਇ ॥ ਗੁਣ ਗਾਵੈ ਨਾਨਕ ਦਾਸੁ ,ਸਤਿਗੁਰੁ ਮਤਿ ਦੇਇ ॥੮॥੩॥੫॥ (ਪਰ ਗੁਰਮੁਖ ਜਾਣਦਾ ਹੈ ਕਿ ਸਭ ਜਗ੍ਹਾ) ਪ੍ਰਭੂ ਆਪ ਹੀ ਸਮਾ ਰਿਹਾ ਹੈ, (ਇਹ ਜਾਣ ਕੇ) ਉਹ ਹੈਰਾਨ ਹੋ ਜਾਂਦਾ ਹੈ (ਟਕਸਾਲ)।੬।ਹੇ ਪ੍ਰਭੂ! ਤੂੰ ਜੀਵ ਤੋਂ ਦੂਰ ਨਹੀਂ ਅਤੇ ਤੂੰ ਸਭ ਕੁਛ ਜਾਣਦਾ ਹੈਂ।ਗੁਰੂ ਦੁਆਰਾ ਤੂੰ ਹਾਜਰਾ ਹਜੂਰ ਦਿਸਦਾ ਹੈਂ ਅਤੇ ਅੰਦਰ ਵੀ ਤੂੰ ਹੀ ਵਸਦਾ ਹੈਂ।੭।(ਹੇ ਪ੍ਰਭੂ!) ਮੇਰੇ ਅੰਦਰ ਨਾਮ ਦਾ ਵਾਸਾ ਕਰ ਦੇਹ, ਤਾਂ ਕਿ ਮੇਰੇ ਹਿਰਦੇ ਅੰਦਰ ਸ਼ਾਂਤੀ ਹੋ ਜਾਵੇ।ਦਾਸ ਨਾਨਕ ਆਖਦਾ ਹੈ ਕਿ (ਜਿਸ ਮਨੁੱਖ ਨੂੰ) ਸਤਿਗੁਰੂ ਸਿੱਖਿਆ ਦੇਂਦਾ ਹੈ, ਉਹ ਪ੍ਰਭੂ ਦੇ ਗੁਣ ਗਾਉਂਦਾ ਹੈ; ਹੇ ਸਤਿਗੁਰੂ! (ਮੈਨੂੰ ਇਹ) ਸੁਮੱਤ ਦੇਹ ਕਿ ਦਾਸ ਨਾਨਕ ਤੇਰੇ ਗੁਣ ਗਾਉਂਦਾ ਰਹੇ।੮।੩।੫।

ਹਉ ਨਾਹੀ ਤੂ ਹੋਵਹਿ = ਜਿਥੇ ਹਉਮੈ ਨਹੀਂ, ਉਥੇ ਤੂੰ ਹੁੰਦਾ ਹੈਂ, (ਇਹ ਨੀਯਮ) ਤੂੰ ਹੀ ਬਣਾਇਆ ਹੈ (ਸੰ.ਸ.; ਫ.ਸ.)।

ਵਿਸਮਾਦੁ ਭਇਆ = ਹੈਰਾਨਗੀ ਇਹ ਹੈ ਕਿ ਦੋਹਾਂ ਹਾਲਤਾਂ ਵਿਚ (ਥਾਪਣ ਵਾਲੀ ਤੇ ਉਥਾਪਣ ਵਾਲੀ, ਮਨੁੱਖ ਦੀ ਹੋਂਦ ਤੇ ਅਣ ਹੋਂਦ ਦੋਹਾਂ ਵਿਚ) ਹਰੀ ਆਪ ਹੀ ਵਰਤ ਰਿਹਾ ਹੈ (ਸ਼ਬਦਾਰਥ; ਡਾ. ਤਾਰਨ ਸਿੰਘ)।

ਪਦਾਰਥ = ਹਉ–ਮੈਂ; ਹਉਮੈ।ਤੁਧੁ ਹੀ–ਤੈਂ ਹੀ।ਸਾਜਿਆ–ਬਣਾਇਆ ਹੈ।ਥਾਪਿ–ਪੈਦਾ ਕਰਕੇ–ਉਥਾਪਿ–ਨਾਸ਼ ਕਰਦਾ ਹੈਂ। ਸਬਦਿ–ਸ਼ਬਦ ਰਾਹੀਂ।ਨਿਵਾਜਿਆ–ਵਡਿਆਈ ਦੇਂਦਾ ਹੈਂ।੫।ਦੇਹੀ–ਸਰੀਰ।ਭਸਮ–ਸੁਆਹ; ਮਿੱਟੀ।ਰੁਲਾਇ–ਰੁਲ (ਮਿਲ)

ਜਾਂਦਾ ਹੈ।ਨ ਜਾਪੀ–ਜਾਣਿਆ ਨਹੀਂ ਜਾਂਦਾ।ਕਹ ਗਇਆ–ਕਿਥੇ ਚਲਾ ਗਿਆ।ਰਹਿਆ ਸਮਾਇ–ਸਮਾ (ਵਰਤ) ਰਿਹਾ ਹੈਂ।ਸੋ–ਉਹ (ਗੁਰਮੁਖ)।ਵਿਸਮਾਦੁ ਭਇਆ–ਹੈਰਾਨ ਹੋ ਜਾਂਦਾ ਹੈ; ਹੈਰਾਨਗੀ ਹੋ ਰਹੀ ਹੈ।੬।ਗੁਰਮੁਖਿ–ਗੁਰੂ ਦੁਆਰਾ।ਹਦੂਰਿ–ਹਾਜਰਾ ਹਜੂਰ।੭।ਅੰਤਰਿ–ਹਿਰਦੇ ਅੰਦਰ।ਮਤਿ–ਸਿੱਖਿਆ।ਦੇਇ–ਦੇਂਦਾ ਹੈ; ਬਖਸ਼ ਦੇ।੮।੩।੫।

ਰਾਗੁ ਸੂਹੀ ਮਹਲਾ ੩ ਘਰੁ ੧ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥ ਨਾਮੈ ਹੀ ਤੇ ਸਭੁ ਕਿਛੁ ਹੋਆ, ਬਿਨੁ ਸਤਿਗੁਰ ਨਾਮੁ ਨ ਜਾਪੈ ॥ ਗੁਰ ਕਾ ਸਬਦੁ ਮਹਾ ਰਸੁ ਮੀਠਾ, ਬਿਨੁ ਚਾਖੇ ਸਾਦੁ ਨ ਜਾਪੈ ॥ ਕਉਡੀ ਬਦਲੈ ਜਨਮੁ ਗਵਾਇਆ, ਚੀਨਸਿ ਨਾਹੀ ਆਪੈ ॥ ਗੁਰਮੁਖਿ ਹੋਵੈ ਤਾ ਏਕੋ ਜਾਣੈ, ਹਉਮੈ ਦੁਖੁ ਨ ਸੰਤਾਪੈ ॥੧॥ ਬਲਿਹਾਰੀ ਗੁਰ ਆਪਣੇ ਵਿਟਹੁ ,ਜਿਨਿ ਸਾਚੇ ਸਿਉ ਲਿਵ ਲਾਈ ॥ ਸਬਦੁ ਚੀਨ੍ਹਿ ਆਤਮੁ ਪਰਗਾਸਿਆ, ਸਹਜੇ ਰਹਿਆ ਸਮਾਈ ॥੧॥ਰਹਾਉ॥ ਗੁਰਮੁਖਿ ਗਾਵੈ ਗੁਰਮੁਖਿ ਬੂਝੈ, ਗੁਰਮੁਖਿ ਸਬਦੁ ਬੀਚਾਰੇ ॥ ਜੀਉ ਪਿੰਡ ਸਭੁ ਗੁਰ ਤੇ ਉਪਜੈ, ਗੁਰਮੁਖਿ ਕਾਰਜ ਸਵਾਰੇ ॥ ਮਨਮੁਖਿ ਅੰਧਾ ਅੰਧੁ ਕਮਾਵੈ, ਬਿਖੁ ਖਟੇ ਸੰਸਾਰੇ ॥ ਮਾਇਆ ਮੋਹਿ ਸਦਾ ਦੁਖੁ ਪਾਏ, ਬਿਨੁ ਗੁਰ ਅਤਿ ਪਿਆਰੇ ॥੨॥ (ਹੇ ਭਾਈ! ਸੰਸਾਰ ਵਿਚ ਜੋ ਕੁਝ ਦਿਸ ਰਿਹਾ ਹੈ, ਉਹ) ਸਭ ਕੁਛ ਪ੍ਰਭੂ ਦੇ ਨਾਮ ਤੋਂ ਹੀ ਪੈਦਾ ਹੋਇਆ ਹੈ, (ਪਰ ਇਹ) ਨਾਮ ਸਤਿਗੁਰੂ ਤੋਂ ਬਿਨਾ ਨਹੀਂ ਜਾਣਿਆ ਜਾਂਦਾ।ਗੁਰੂ ਦਾ ਸ਼ਬਦ ਮਹਾਨ ਰਸ ਵਾਲਾ ਹੈ ਤੇ ਮਿੱਠਾ ਹੈ, (ਪਰ ਇਸ ਦਾ) ਸੁਆਦ ਚੱਖੇ ਤੋਂ ਬਿਨਾ ਨਹੀਂ ਜਾਣਿਆ ਜਾ ਸਕਦਾ। (ਮਨੁੱਖ ਨੇ) ਮਾਇਆ ਦੇ ਬਦਲੇ ਅਪਣਾ ਅਮੋਲਕ ਜਨਮ ਬਿਅਰਥ ਗੁਆ ਲਿਆ ਹੈ, ਉਹ ਅਪਣੇ ਮੂਲ ਨੂੰ ਨਹੀਂ ਪਛਾਣਦਾ।(ਜੇ ਕੋਈ ਮਨੁੱਖ) ਗੁਰਮੁਖ ਹੋ ਜਾਵੇ, ਤਾਂ (ਉਹ) ਇਕ ਪ੍ਰਭੂ ਨੂੰ ਜਾਣ ਲੈਂਦਾ ਹੈ, (ਜਿਸ ਕਰਕੇ ਫਿਰ ਉਸ ਨੂੰ) ਹਉਮੈ ਦਾ ਦੁਖ ਨਹੀਂ ਸਤਾਉਂਦਾ।੧।(ਹੇ ਭਾਈ!) ਮੈਂ ਅਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਮੇਰੀ ਲਿਵ ਸੱਚੇ ਪ੍ਰਭੂ ਨਾਲ ਜੋੜ ਦਿਤੀ ਹੈ।(ਗੁਰੂ ਦੇ) ਸ਼ਬਦ ਨੂੰ ਸਮਝ ਕੇ ਮੇਰੀ ਆਤਮਾ ਪ੍ਰਕਾਸ਼ਕ ਹੋ ਗਈ ਹੈ, (ਹੁਣ ਮੈਂ) ਸਹਿਜ ਅਵਸਥਾ ਵਿਚ ਲੀਨ ਰਹਿੰਦਾ ਹਾਂ।੧।ਰਹਾਉ। ਗੁਰਮੁਖ (ਪ੍ਰਭੂ ਦੇ ਗੁਣ) ਗਾਉਂਦਾ ਹੈ, ਗੁਰਮੁਖਿ (ਗੁਰੂ ਦੇ ਸ਼ਬਦ ਨੂੰ) ਸਮਝਦਾ ਹੈ ਅਤੇ ਗੁਰਮੁਖ ਹੀ ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ।ਜਿੰਦ ਤੇ ਸਰੀਰ ਸਭ ਗੁਰੂ ਤੋਂ ਨਵੇਂ ਸਿਰੇ ਪੈਦਾ ਹੁੰਦੇ ਹਨ ਭਾਵ ਨਵਾਂ ਆਤਮਕ ਜੀਵਨ ਮਿਲਦਾ ਹੈ {ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ੬੪੦}, ਗੁਰਮੁਖ (ਇਉਂ ਅਪਣੇ ਸਾਰੇ) ਕਾਰਜ ਸੁਆਰ ਲੈਂਦਾ ਹੈ।ਗਿਆਨਹੀਣ ਮਨਮੁਖ ਅੰਨ੍ਹੇ ਕਰਮ ਕਰਦਾ ਹੈ ਅਤੇ ਸੰਸਾਰ ਵਿਚ ਜਹਿਰ ਕਮਾਉਂਦਾ ਹੈ (ਜੋ ਕੰਮ ਕਰਦਾ ਹੈ, ਉਸ ਦਾ ਸਿੱਟਾ ਮਾੜਾ ਨਿਕਲਦਾ ਹੈ।ਉਹ) ਬਹੁਤ ਪਿਆਰੇ ਗੁਰੂ (ਦੀ ਸ਼ਰਣ ਲਏ) ਤੋਂ ਬਿਨਾ ਮਾਇਆ ਦੇ ਮੋਹ ਵਿਚ ਫਸ ਕੇ ਸਦਾ ਦੁਖ ਹੀ ਪਾਉਂਦਾ ਹੈ।੨।

ਪਦਾਰਥ = ਅਸਟਪਦੀਆ–ਅਠ ਪਦਿਆਂ ਵਾਲਾ ਸ਼ਬਦ।ਨਾਮੈ ਹੀ ਤੇ–ਪ੍ਰਭੂ ਦੇ ਨਾਮ ਤੋਂ ਹੀ।ਹੋਆ–ਪੈਦਾ ਹੋਇਆ ਹੈ।ਨ ਜਾਪੈ –ਜਾਣਿਆ ਨਹੀਂ ਜਾ ਸਕਦਾ (ਸਮਝ ਨਹੀਂ ਪੈਂਦੀ)।ਮਹਾ ਰਸੁ–ਮਹਾਨ ਰਸ ਵਾਲਾ।ਬਿਨੁ ਚਾਖੇ–ਖਾਧੇ ਬਿਨਾ (ਧਾਰਨ ਕੀਤੇ ਬਿਨਾ)।ਸਾਦੁ–ਸੁਆਦ।ਚੀਨਸਿ ਨਾਹੀ–ਨਹੀਂ ਪਛਾਣਦਾ।ਆਪੈ–ਅਪਣੇ ਮੂਲ ਨੂੰ; ਅਪਣੇ ਆਪ ਨੂੰ।ਗੁਰਮੁਖਿ–ਗੁਰੂ ਦੇ ਦੱਸੇ ਰਸਤੇ ਤੇ ਚੱਲਣ ਵਾਲਾ ਮਨੁੱਖ।ਏਕੋ–ਇਕ ਪ੍ਰਭੂ ਨੂੰ।ਨ ਸੰਤਾਪੈ–ਨਹੀਂ ਸਤਾਉਂਦਾ।੧।ਬਲਿਹਾਰੀ–ਸਦਕੇ ਜਾਂਦਾ ਹਾਂ।ਵਿਟਹੁ–ਤੋਂ।ਜਿਨਿ–ਜਿਸ ਨੇ।ਸਾਚੇ ਸਿਉ–ਸੱਚੇ ਪ੍ਰਭੂ ਨਾਲ।ਲਿਵ ਲਾਈ–ਲਿਵ ਜੋੜ ਦਿਤੀ।ਚੀਨ੍ਹਿ–ਸਮਝ ਕੇ।ਸਹਜੇ–ਸਹਿਜ ਅਵਸਥਾ ਵਿਚ।ਰਹਿਆ ਸਮਾਈ–ਲੀਨ ਰਹਿੰਦਾ ਹੈ।੧।ਰਹਾਉ।ਜੀਉ–ਜਿੰਦ।ਪਿੰਡੁ–ਸਰੀਰ।ਤੇ–ਤੋਂ।ਉਪਜੈ–(ਨਵਾਂ ਆਤਮਕ ਜੀਵਨ) ਪੈਦਾ ਹੁੰਦਾ ਹੈ।ਅੰਧਾ–ਅੰਨ੍ਹਾਂ (ਅਗਿਆਨੀ)।ਅੰਧੁ ਕਮਾਵੈ–ਅੰਨ੍ਹੇ (ਬੁਰੇ) ਕੰਮ ਕਰਦਾ ਹੈ।ਬਿਖੁ ਖਟੇ–ਜਹਿਰ ਕਮਾਉਂਦਾ ਹੈ (ਜੀਵਨ ਨੂੰ ਤਬਾਹ ਕਰਨ ਵਾਲੇ ਕੰਮ ਕਰਦਾ ਹੈ)।ਸੰਸਾਰੇ–ਸੰਸਾਰ ਵਿਚ।ਮੋਹਿ–ਮੋਹ ਵਿਚ ਫਸ ਕੇ।ਅਤਿ–ਬਹੁਤ।੨।

ਸੋਈ ਸੇਵਕੁ ਜੇ ਸਤਿਗੁਰ ਸੇਵੇ, ਚਾਲੈ ਸਤਿਗੁਰ ਭਾਏ ॥ ਸਾਚਾ ਸਬਦੁ ਸਿਫਤਿ ਹੈ ਸਾਚੀ, ਸਾਚਾ ਮੰਨਿ ਵਸਾਏ ॥ ਸਚੀ ਬਾਣੀ ਗੁਰਮੁਖਿ ਆਖੈ, ਹਉਮੈ ਵਿਚਹੁ ਜਾਏ ॥ ਆਪੇ ਦਾਤਾ ਕਰਮੁ ਹੈ ਸਾਚਾ, ਸਾਚਾ ਸਬਦੁ ਸੁਣਾਏ ॥੩॥ ਗੁਰਮੁਖਿ ਘਾਲੇ ਗੁਰਮੁਖਿ ਖਟੇ, ਗੁਰਮੁਖਿ ਨਾਮੁ ਜਪਾਏ ॥ ਸਦਾ ਅਲਿਪਤੁ ਸਾਚੈ ਰੰਗਿ ਰਾਤਾ, ਗੁਰ ਕੈ ਸਹਜਿ ਸੁਭਾਏ ॥ ਮਨਮੁਖੁ ਸਦ ਹੀ ਕੂੜੋ ਬੋਲੈ, ਬਿਖੁ ਬੀਜੈ ਬਿਖੁ ਖਾਏ ॥ ਜਮਕਾਲਿ ਬਾਧਾ ਤ੍ਰਿਸਨਾ ਦਾਧਾ, ਬਿਨੁ ਗੁਰ ਕਵਣੁ ਛਡਾਏ ॥੪॥ ਸਚਾ ਤੀਰਥੁ ਜਿਤੁ ਸਤਸਰਿ ਨਾਵਣੁ ,ਗੁਰਮੁਖਿ ਆਪਿ ਬੁਝਾਏ ॥ ਅਠਸਠਿ ਤੀਰਥ ਗੁਰ ਸਬਦਿ ਦਿਖਾਏ, ਤਿਤੁ ਨਾਤੈ ਮਲੁ ਜਾਏ ॥ ਸਚਾ ਸਬਦੁ ਸਚਾ ਹੈ ਨਿਰਮਲੁ ,ਨਾ ਮਲੁ ਲਗੈ ਨ ਲਾਏ ॥ ਸਚੀ ਸਿਫਤਿ ਸਚੀ ਸਾਲਾਹ, ਪੂਰੇ ਗੁਰ ਤੇ ਪਾਏ ॥੫॥ (ਹੇ ਭਾਈ! ਸੱਚਾ) ਸੇਵਕ ਉਹ ਹੀ ਹੈ, ਜਿਹੜਾ ਸਤਿਗੁਰੂ ਦੀ ਸੇਵਾ ਕਰਦਾ ਹੋਵੇ ਅਤੇ ਸਤਿਗੁਰੂ ਦੇ ਭਾਣੇ ਵਿਚ ਚਲਦਾ ਹੋਵੇ।(ਗੁਰੂ ਦਾ) ਸ਼ਬਦ ਸੱਚਾ ਹੈ, ਉਸ ਦੀ ਸੱਚੀ ਸਿਫਤ ਅਤੇ ਸੱਚਾ ਨਾਮ (ਸੇਵਕ ਅਪਣੇ) ਮਨ ਵਿਚ ਵਸਾ ਲੈਂਦਾ ਹੈ।ਗੁਰਮੁਖ ਸੱਚੀ ਬਾਣੀ ਪੜ੍ਹਦਾ ਹੈ, (ਜਿਸ ਦੀ ਬਰਕਤ

ਨਾਲ ਉਸ ਦੇ) ਹਿਰਦੇ ਵਿਚੋਂ ਹਉਮੈ ਚਲੀ ਜਾਂਦੀ ਹੈ।ਅਤੇ (ਗੁਰਮੁਖ ਜਾਣਦਾ ਹੈ ਕਿ) ਪ੍ਰਭੂ ਆਪ ਹੀ ਦਾਤਾਂ ਦੇਣ ਵਾਲਾ ਹੈ ਅਤੇ (ਉਸ ਦਾ) ਕੰਮ ਵੀ ਸੱਚਾ ਹੈ, (ਇਸ ਗੱਲ ਨੂੰ ਉਹ ਮਨੁੱਖ ਜਾਣਦਾ ਹੈ, ਜਿਸ ਨੂੰ ਗੁਰੂ) ਸੱਚਾ ਸ਼ਬਦ ਸੁਣਾਉਂਦਾ ਹੈ।੩।ਗੁਰਮੁਖ (ਨਾਮ ਸਿਮਰਨ ਦੀ) ਕਮਾਈ ਕਰਦਾ ਹੈ, (ਨਾਮ ਧਨ) ਖੱਟਦਾ ਹੈ ਅਤੇ ਗੁਰਮੁਖ (ਹੋਰਨਾਂ ਨੂੰ ਵੀ ਪ੍ਰਭੂ ਦਾ) ਨਾਮ ਜਪਾਉਂਦਾ ਹੈ।(ਉਹ) ਗੁਰੂ ਦੇ ਬਖਸੇ ਸ਼ਾਂਤ ਸੁਭਾਵ ਅਨੁਸਾਰ ਸੱਚੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ (ਸੰਸਾਰ ਵਿਚ) ਸਦਾ ਨਿਰਲੇਪ ਰਹਿੰਦਾ ਹੈ।ਮਨਮੁਖ ਸਦਾ ਝੂਠ ਹੀ ਬੋਲਦਾ ਹੈ, ਉਹ ਜਹਿਰ ਬੀਜਦਾ ਹੈ ਅਤੇ (ਉਸ ਦਾ ਫਲ) ਜਹਿਰ ਹੀ ਖਾਂਦਾ ਹੈ।(ਮਨਮੁਖ) ਤ੍ਰਿਸ਼ਨਾ ਦਾ ਸੜਿਆ ਹੋਇਆ ਹੈ, (ਉਸ ਨੂੰ) ਕਾਲ ਕਰਨ ਵਾਲੇ ਜਮ ਨੇ ਬੰਨ੍ਹਿਆ ਹੋਇਆ ਹੈ, (ਦੱਸੋ ਉਸ ਨੂੰ) ਗੁਰੂ ਤੋਂ ਬਿਨਾ ਕੌਣ ਛਡਾਵੇ?।੪।(ਗੁਰੂ ਦਾ ਸ਼ਬਦ) ਸੱਚਾ ਤੀਰਥ ਹੈ, ਜਿਸ ਸੱਚੇ ਸਰੋਵਰ ਵਿਚ ਇਸ਼ਨਾਨ ਕਰਨ ਦਾ ਤਰੀਕਾ ਗੁਰਮੁਖਾਂ ਨੂੰ ਵਾਹਿਗੁਰੂ ਆਪ ਸਮਝਾਉਂਦਾ ਹੈ।(ਉਸ ਨੇ) ਅਠਾਹਠ ਤੀਰਥ ਗੁਰ ਸ਼ਬਦ ਵਿਚ ਹੀ ਦਿਖਾ ਦਿਤੇ ਹਨ, ਉਸ ਤੀਰਥ ਵਿਚ ਇਸ਼ਨਾਨ ਕਰਨ ਨਾਲ (ਪਾਪਾਂ ਦੀ) ਮੈਲ ਲਹਿ ਜਾਂਦੀ ਹੈ।ਸੱਚੇ ਗੁਰੂ ਦਾ ਸ਼ਬਦ ਸੱਚਾ ਤੇ ਪਵਿਤ੍ਰ ਤੀਰਥ ਹੈ, (ਇਸ ਤੀਰਥ ਨੂੰ) ਨਾ ਮੈਲ ਲਗਦੀ ਹੈ ਅਤੇ ਨਾ ਹੀ (ਹੋਰਨਾਂ ਨੂੰ) ਮੈਲ ਲਾਉਂਦਾ ਹੈ।(ਪ੍ਰਭੂ ਦੀ) ਸਿਫਤ ਸੱਚੀ ਹੈ, (ਉਸ ਦੀ) ਸ਼ਲਾਘਾ ਵੀ ਸੱਚੀ ਹੈ, (ਪਰ ਇਹ ਸਿਫਤ ਸਲਾਹ) ਪੂਰੇ ਗੁਰੂ ਤੋਂ ਪ੍ਰਾਪਤ ਹੁੰਦੀ ਹੈ।੫।

ਪਦਾਰਥ = ਸੋਈ–ਉਹ ਹੀ।ਜੇ–ਜਿਹੜਾ।ਸੇਵੇ–ਸੇਵਾ ਕਰੇ।ਭਾਏ–ਭਾਣੇ ਵਿਚ।ਮੰਨਿ–ਮਨ ਵਿਚ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਆਖੈ–ਉਚਾਰਦਾ (ਪੜ੍ਹਦਾ) ਹੈ।ਵਿਚਹੁ–ਰਿਦੇ ਵਿਚੋਂ।ਜਾਏ–ਚਲੇ ਜਾਂਦੀ ਹੈ।ਕਰਮ–ਕੰਮ; ਬਖਸ਼ਿਸ਼।੩।ਘਾਲੇ–ਕਮਾਈ ਕਰਦਾ ਹੈ।ਖਟੇ–ਖੱਟਦਾ (ਲਾਭ ਲੈਂਦਾ) ਹੈ।ਅਲਿਪਤ–ਨਿਰਲੇਪ।ਸਾਚੈ ਰੰਗਿ–ਸੱਚੇ ਪ੍ਰਭੂ ਦੇ ਪ੍ਰੇਮ ਰੰਗ ਵਿਚ।ਸਹਜਿ ਸੁਭਾਏ–ਸ਼ਾਂਤ ਸੁਭਾਵ ਅਨੁਸਾਰ।ਸਦ ਹੀ–ਸਦਾ ਹੀ।ਕੂੜੋ–ਝੂਠ।ਬਿਖੁ–ਜਹਿਰ।ਜਮਕਾਲਿ–ਕਾਲ ਕਰਨ ਵਾਲੇ ਜਮ ਨੇ।ਬਾਧਾ–ਬੰਨ੍ਹਿਆ ਹੋਇਆ।ਦਾਧਾ–ਸੜਿਆ ਹੋਇਆ।ਕਵਣੁ–ਕੌਣ।੪।ਜਿਤੁ ਸਤਸਰਿ–ਜਿਸ ਸੱਚੇ ਸਰੋਵਰ ਵਿਚ।ਨਾਵਣੁ–ਇਸ਼ਨਾਨ।ਬੁਝਾਏ–ਸਮਝਾਉਂਦਾ ਹੈ।ਅਠਸਠਿ–ਅਠਾਹਠ।ਸਬਦਿ–ਸ਼ਬਦ ਵਿਚ।ਤਿਤੁ ਨਾਤੈ–ਉਸ (ਤੀਰਥ) ਵਿਚ ਇਸ਼ਨਾਨ ਕਰਨ ਨਾਲ।ਮਲੁ–ਮੈਲ।ਨਿਰਮਲੁ–ਪਵਿਤ੍ਰ।ਗੁਰ ਤੇ–ਗੁਰੂ ਤੋਂ।ਪਾਏ–ਪ੍ਰਾਪਤ ਹੁੰਦੀ ਹੈ।੫।

ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ, ਦੁਰਮਤਿ ਕਹਣੁ ਨ ਜਾਏ ॥ ਹੁਕਮੁ ਹੋਵੈ ਤਾ ਨਿਰਮਲੁ ਹੋਵੈ, ਹਉਮੈ ਵਿਚਹੁ ਜਾਏ ॥ ਗੁਰ ਕੀ ਸਾਖੀ ਸਹਜੇ ਚਾਖੀ, ਤ੍ਰਿਸਨਾ ਅਗਨਿ ਬੁਝਾਏ ॥ ਗੁਰ ਕੈ ਸਬਦਿ ਰਾਤਾ ਸਹਜੇ ਮਾਤਾ, ਸਹਜੇ ਰਹਿਆ ਸਮਾਏ ॥੬॥ (ਹੇ ਭਾਈ!) ਖੋਟੀ ਬੁੱਧੀ ਵਾਲੇ ਮਨੁੱਖ ਤੋਂ (ਇਹ ਗਲ) ਕਹੀ ਨਹੀਂ ਜਾਂਦੀ ਕਿ ਸਰੀਰ ਤੇ ਮਨ ਸਭ ਕੁਛ ਉਸ ਹਰੀ ਦਾ ਹੈ (ਮਨੁੱਖ ਇਹ ਸਭ ਕੁਛ ਅਪਣਾ ਮੰਨੀ ਬੈਠਾ ਹੈ।ਜੇ ਮਨੁੱਖ ਸਤਿਗੁਰੂ ਦਾ) ਹੁਕਮ ਮੰਨਦਾ ਹੋਵੇ ਅਤੇ (ਉਸ ਦੇ) ਮਨ ਵਿਚੋਂ ਹਉਮੈ ਦੂਰ ਹੋ ਜਾਵੇ ਤਾਂ (ਇਸ ਦਾ ਮਨ) ਨਿਰਮਲ ਜੋ ਜਾਂਦਾ ਹੈ।(ਉਸ ਮਨੁੱਖ ਨੇ) ਗੁਰੂ ਦੀ ਸਿਖਿਆ ਸੁਤੇ ਸਿਧ ਹੀ ਧਾਰਨ ਕਰ ਲਈ ਹੈ, (ਗੁਰੂ ਦੀ ਸਿੱਖਿਆ ਉਸ ਦੇ ਮਨ ਵਿਚੋਂ) ਤ੍ਰਿਸ਼ਨਾ ਦੀ ਅੱਗ ਬੁਝਾ ਦੇਂਦੀ ਹੈ।(ਜਦ ਉਹ ਮਨੁੱਖ) ਗੁਰੂ ਦੇ ਸ਼ਬਦ ਵਿਚ ਰੰਗਿਆ ਜਾਂਦਾ ਹੈ, ਤਾਂ ਉਹ ਸਹਿਜ ਅਵਸਥਾ ਵਿਚ ਮਸਤ ਹੋਇਆ ਸੁਤੇ ਸਿਧ ਹੀ (ਪ੍ਰਭੂ ਵਿਚ) ਲੀਨ ਰਹਿੰਦਾ ਹੈ।੬।

ਅੰਗ ੭੫੪ = ਹਰਿ ਕਾ ਨਾਮੁ ਸਤਿ ਕਰਿ ਜਾਣੈ, ਗੁਰ ਕੈ ਭਾਇ ਪਿਆਰੇ ॥ ਸਚੀ ਵਡਿਆਈ ਗੁਰ ਤੇ ਪਾਈ, ਸਚੈ ਨਾਇ ਪਿਆਰੇ ॥ ਏਕੋ ਸਚਾ ਸਭ ਮਹਿ ਵਰਤੈ, ਵਿਰਲਾ ਕੋ ਵੀਚਾਰੇ ॥ ਆਪੇ ਮੇਲਿ ਲਏ ਤਾ ਬਖਸੇ, ਸਚੀ ਭਗਤਿ ਸਵਾਰੇ ॥੭॥ ਸਭੋ ਸਚੁ ਸਚੁ ਸਚੁ ਵਰਤੈ, ਗੁਰਮੁਖਿ ਕੋਈ ਜਾਣੈ ॥ ਜੰਮਣ ਮਰਣਾ ਹੁਕਮੋ ਵਰਤੈ, ਗੁਰਮੁਖਿ ਆਪੁ ਪਛਾਣੈ ॥ ਨਾਮੁ ਧਿਆਏ ਤਾ ਸਤਿਗੁਰ ਭਾਏ, ਜੋ ਇਛੈ ਸੋ ਫਲੁ ਪਾਏ ॥ ਨਾਨਕ ਤਿਸ ਕਾ ਸਭੁ ਕਿਛੁ ਹੋਵੈ, ਜਿ ਵਿਚਹੁ ਆਪੁ ਗਵਾਏ ॥੮॥੧॥ ਪਿਆਰੇ ਗੁਰੂ ਦੇ ਪ੍ਰੇਮ ਵਿਚ (ਜੋ ਮਨੁੱਖ) ਹਰੀ ਦਾ ਨਾਮ ਸੱਚ ਕਰਕੇ ਜਾਣਦਾ ਹੈ।(ਉਸ ਮਨੁੱਖ ਨੇ) ਸੱਚੇ ਨਾਮ ਦੇ ਪਿਆਰ ਕਰਕੇ ਗੁਰੂ ਪਾਸੋਂ ਸੱਚੀ ਵਡਿਆਈ ਪਾਈ ਹੈ।ਸਾਰੇ ਸੰਸਾਰ ਵਿਚ ਇਕੋ ਸਚਾ ਪ੍ਰਭੂ ਵਰਤ ਰਿਹਾ ਹੈ, (ਪਰ ਇਸ ਗੱਲ ਨੂੰ) ਕੋਈ ਵਿਰਲਾ ਮਨੁੱਖ ਹੀ ਵਿਚਾਰਦਾ ਹੈ।(ਅਜੇਹਾ ਮਨੁੱਖ ਜਦੋਂ) ਸੱਚੀ ਭਗਤੀ ਦੁਆਰਾ (ਅਪਣੇ ਆਪ ਨੂੰ) ਸਵਾਰ ਲੈਂਦਾ ਹੈ, ਤਾਂ (ਪ੍ਰਭੂ ਉਸ ਉਤੇ) ਬਖਸ਼ਿਸ਼ ਕਰਦਾ ਹੈ ਅਤੇ ਅਪਣੇ ਨਾਲ ਮੇਲ ਲੈਂਦਾ ਹੈ।੭।ਸੱਚਾ ਪ੍ਰਭੂ ਤਿੰਨਾਂ ਕਾਲਾਂ (ਭੂਤ, ਵਰਤਮਾਨ ਤੇ ਭਵਿੱਖ) ਵਿਚ ਸਾਰੇ ਸੰਸਾਰ ਵਿਚ ਵਰਤ ਰਿਹਾ ਹੈ, (ਪਰ ਇਸ ਗੱਲ ਨੂੰ) ਗੁਰੂ ਅਨੁਸਾਰੀ ਮਨੁੱਖ ਹੀ ਜਾਣਦਾ ਹੈ।ਗੁਰਮੁਖ ਆਪਣੇ ਆਪ ਨੂੰ ਪਛਾਣ

ਲੈਂਦਾ ਹੈ ਅਤੇ (ਉਸ ਨੂੰ ਗਿਆਨ ਹੈ ਕਿ) ਜੰਮਣਾ ਮਰਨਾ (ਉਸ ਪ੍ਰਭੂ ਦੇ) ਹੁਕਮ ਵਿਚ ਵਰਤਦਾ ਹੈ।(ਜੇ ਕੋਈ ਮਨੁੱਖ) ਪ੍ਰਭੂ ਦਾ ਨਾਮ ਧਿਆਉਂਦਾ ਹੈ ਤਾਂ ਉਹ ਸਤਿਗੁਰੂ ਨੂੰ ਚੰਗਾ ਲਗਦਾ ਹੈ, (ਫਿਰ ਉਹ ਅਪਣੇ ਮਨ ਵਿਚ) ਜੋ ਇੱਛਾ ਕਰਦਾ ਹੈ, ਉਹ ਫਲ ਪਾ ਲੈਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਹੜਾ ਮਨੁੱਖ ਆਪਾ ਭਾਵ (ਹੰਕਾਰ) ਗਵਾ ਲੈਂਦਾ ਹੈ, ਉਸ ਦਾ ਸਭ ਕੁਛ (ਧਰਮ ਕਰਮ ਅਤੇ ਮਨੁੱਖਾ ਜੀਵਨ) ਸਫਲ ਹੋ ਜਾਂਦਾ ਹੈ।੮।੧।

ਪਦਾਰਥ = ਤਨੁ–ਸਰੀਰ।ਤਿਸੁ ਕੇਰਾ–ਉਸ ਦਾ।ਦੁਰਮਤਿ–ਖੋਟੀ ਬੁੱਧੀ ਵਾਲਾ ਮਨੁੱਖ।ਤਾ–ਤਾਂ।ਨਿਰਮਲੁ–ਪਵਿਤ੍ਰ।ਵਿਚਹੁ–ਮਨ ਵਿਚੋਂ।ਸਾਖੀ–ਸਿੱਖਿਆ।ਸਹਜੇ–ਸੁਤੇ ਸਿੱਧ।ਚਾਖੀ–ਚੱਖ (ਧਾਰਨ ਕਰ) ਲਈ।ਰਾਤਾ–ਰੰਗਿਆ ਜਾਂਦਾ ਹੈ।ਮਾਤਾ–ਮਸਤ ਹੋਇਆ।ਰਹਿਆ ਸਮਾਏ–ਲੀਨ ਰਹਿੰਦਾ ਹੈ।੬।ਸਤਿ ਕਰਿ ਜਾਣੈ–ਸੱਚ ਕਰਕੇ ਜਾਣਦਾ ਹੈ।ਕੈ ਭਾਇ–ਦੇ ਪ੍ਰੇਮ ਵਿਚ।ਗੁਰ ਤੇ–ਗੁਰੂ ਪਾਸੋਂ।ਸਚੈ ਨਾਇ–ਸੱਚੇ ਨਾਮ ਕਰਕੇ।ਸਭ ਮਹਿ–ਸਾਰੇ ਸੰਸਾਰ ਵਿਚ।ਕੋ–ਕੋਈ।ਬਖਸੇ–ਬਖਸ਼ਿਸ਼ ਕਰਦਾ ਹੈ।ਸਵਾਰੇ–ਸੁਆਰ ਲੈਂਦਾ ਹੈ।੭।ਹੁਕਮੋ–ਹੁਕਮ ਵਿਚ।ਗੁਰਮੁਖਿ–ਗੁਰੂ ਅਨੁਸਾਰੀ ਆਪੁ–ਅਪਣੇ ਆਪ ਨੂੰ।ਭਾਏ–ਚੰਗਾ ਲਗਦਾ ਹੈ।ਇਛੈ–ਇੱਛਾ ਕਰਦਾ ਹੈ।ਸੋ–ਉਹ।ਜਿ–ਜਿਹੜਾ।ਆਪੁ–ਆਪਾ ਭਾਵ।ਗਵਾਏ–ਦੂਰ ਕਰ ਲੈਂਦਾ ਹੈ।੮।੧।

ਸੂਹੀ ਮਹਲਾ ੩ ॥ ਕਾਇਆ ਕਾਮਣਿ ਅਤਿ ਸੁਆਲ੍ਹਿਓ, ਪਿਰੁ ਵਸੈ ਜਿਸੁ ਨਾਲੇ ॥ ਪਿਰ ਸਚੇ ਤੇ ਸਦਾ ਸੁਹਾਗਣਿ, ਗੁਰ ਕਾ ਸਬਦੁ ਸਮ੍ਹਾਲੇ ॥ ਹਰਿ ਕੀ ਭਗਤਿ ਸਦਾ ਰੰਗਿ ਰਾਤਾ, ਹਉਮੈ ਵਿਚਹੁ ਜਾਲੇ ॥੧॥ ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ, ਸਾਚਿ ਸਮਾਣੀ ॥੧॥ਰਹਾਉ॥ ਕਾਇਆ ਅੰਦਰਿ ਸਭੁ ਕਿਛੁ ਵਸੈ, ਖੰਡ ਮੰਡਲ ਪਾਤਾਲਾ ॥ ਕਾਇਆ ਅੰਦਰਿ ਜਗਜੀਵਨ ਦਾਤਾ ਵਸੈ, ਸਭਨਾ ਕਰੇ ਪ੍ਰਤਿਪਾਲਾ ॥ ਕਾਇਆ ਕਾਮਣਿ ਸਦਾ ਸੁਹੇਲੀ, ਗੁਰਮੁਖਿ ਨਾਮੁ ਸਮ੍ਹਾਲਾ ॥੨॥ ਕਾਇਆ ਅੰਦਰਿ ਆਪੇ ਵਸੈ, ਅਲਖੁ ਨ ਲਖਿਆ ਜਾਈ ॥ ਮਨਮੁਖੁ ਮੁਗਧੁ ਬੂਝੈ ਨਾਹੀ, ਬਾਹਰਿ ਭਾਲਣਿ ਜਾਈ ॥ ਸਤਿਗੁਰੁ ਸੇਵੇ ਸਦਾ ਸੁਖੁ ਪਾਏ, ਸਤਿਗੁਰਿ ਅਲਖੁ ਦਿਤਾ ਲਖਾਈ ॥੩॥ ਕਾਇਆ ਅੰਦਰਿ ਰਤਨ ਪਦਾਰਥ, ਭਗਤਿ ਭਰੇ ਭੰਡਾਰਾ ॥ ਇਸੁ ਕਾਇਆ ਅੰਦਰਿ ਨਉ ਖੰਡ ਪ੍ਰਿਥਮੀ, ਹਾਟ ਪਟਣ ਬਾਜਾਰਾ ॥ ਇਸੁ ਕਾਇਆ ਅੰਦਰਿ ਨਾਮੁ ਨਉਨਿਧਿ, ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥ (ਹੇ ਭਾਈ! ਉਸ) ਜੀਵ ਰੂਪ ਇਸਤ੍ਰੀ ਦੀ ਦੇਹ ਬਹੁਤ ਸੁੰਦਰ ਹੈ, ਜਿਸ ਦੇ ਨਾਲ (ਉਸ ਦਾ) ਪਤੀ ਪ੍ਰਮਾਤਮਾ ਵਸਦਾ ਹੈ। (ਉਹ) ਸੱਚੇ ਪਤੀ ਦੇ ਮਿਲਾਪ ਨਾਲ ਸਦਾ ਸੁਹਾਗਣ ਬਣ ਜਾਂਦੀ ਹੈ, (ਜਿਹੜੀ ਜੀਵ ਇਸਤ੍ਰੀ) ਗੁਰੂ ਦਾ ਸ਼ਬਦ ਹਿਰਦੇ ਵਿਚ ਸੰਭਾਲ ਕੇ ਰਖਦੀ ਹੈ।(ਜਿਹੜਾ ਮਨੁੱਖ) ਹਰੀ ਦੀ ਭਗਤੀ ਦੇ ਰੰਗ ਵਿਚ ਸਦਾ ਰੰਗਿਆ ਰਹਿੰਦਾ ਹੈ, (ਉਹ ਅਪਣੇ) ਮਨ ਵਿਚੋਂ ਹਉਮੈ ਜਾਲ ਦਿੰਦਾ ਹੈ।੧।(ਹੇ ਭਾਈ!) ਪੂਰੇ ਗੁਰੂ ਦੀ ਬਾਣੀ ਧੰਨ ਧੰਨ (ਸਲਾਹੁਣ ਯੋਗ) ਹੈ।(ਇਹ ਬਾਣੀ) ਪੂਰੇ ਗੁਰੂ ਦੇ (ਹਿਰਦੇ ਵਿਚੋਂ) ਪਰਗਟ ਹੋਈ ਹੈ ਅਤੇ ਸੱਚ ਪ੍ਰਭੂ ਵਿਚ ਸਮਾ ਗਈ ਹੈ ਭਾਵ ਇਹ ਇਤਨੀ ਉਚੀ ਹੈ, ਜਿਤਨਾ ਉਚਾ ਪ੍ਰਭੂ ਹੈ (ਸ਼ਬਦਾਰਥ।ਇਹ ਬਾਣੀ ਪ੍ਰਭੂ ਦਾ ਰੂਪ ਹੈ, ਪ੍ਰੇਮ ਨਾਲ ਪੜ੍ਹਨ ਵਾਲੇ ਮਨੁੱਖ ਨੂੰ ਪ੍ਰਭੂ ਵਿਚ ਲੀਨ ਕਰ ਦੇਂਦੀ ਹੈ)।੧।ਰਹਾਉ।(ਹੇ ਭਾਈ! ਧਰਤੀ ਦੇ) ਨੌਂ ਖੰਡ, ਦੇਸ਼ ਅਤੇ ਪਤਾਲ ਸਭ ਕੁਛ (ਦਾ ਸੂਖਮ ਤੱਤ) ਇਸ ਸਰੀਰ ਦੇ ਅੰਦਰ ਹੀ ਵਸਦਾ ਹੈ।ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ ਇਸੇ ਸਰੀਰ ਦੇ ਅੰਦਰ ਹੀ ਵਸਦਾ ਹੈ, ਜੋ ਸਾਰੇ ਜੀਵਾਂ ਦੀ ਪਾਲਣਾ ਕਰਦਾ ਹੈ।(ਉਸ ਜੀਵ) ਇਸਤ੍ਰੀ ਦਾ ਸਰੀਰ ਸਦਾ ਸੁਖੀ ਰਹਿੰਦਾ ਹੈ, ਜੋ ਗੁਰੂ ਦੁਆਰਾ ਹਰੀ ਦਾ ਨਾਮ ਸਿਮਰਦਾ ਹੈ।੨।ਨਾ ਜਾਣੇ ਜਾਣ ਵਾਲਾ ਪ੍ਰਭੂ ਆਪ ਹੀ ਇਸ ਸਰੀਰ ਦੇ ਅੰਦਰ ਵਸਦਾ ਹੈ, (ਉਹ ਗੁਰੂ ਦੀ ਸ਼ਰਣ ਵਿਚ ਪਏ ਬਿਨਾ) ਜਾਣਿਆ ਨਹੀਂ ਜਾ ਸਕਦਾ।ਮਨਮੁਖ ਮੂਰਖ (ਇਸ ਭੇਦ ਨੂੰ) ਸਮਝਦਾ ਨਹੀਂ, (ਉਹ) ਪ੍ਰਭੂ ਨੂੰ ਬਾਹਰ (ਤੀਰਥਾਂ ਅਤੇ ਜੰਗਲਾਂ ਵਿਚ) ਭਾਲਣ ਜਾਂਦਾ ਹੈ।(ਜਿਹੜਾ ਮਨੁੱਖ) ਸਤਿਗੁਰੂ ਦੀ ਸੇਵਾ ਭਗਤੀ ਕਰਦਾ ਹੈ, ਉਹ ਸਦਾ ਸੁਖ ਪਾਉਂਦਾ ਹੈ, ਸਤਿਗੁਰੂ ਨੇ (ਉਸ ਨੂੰ ਸਰੀਰ ਦੇ ਅੰਦਰ ਹੀ) ਅਦ੍ਰਿਸ਼ਟ ਪ੍ਰਭੂ ਦਿਖਾ ਦਿਤਾ ਹੈ।੩।(ਹੇ ਭਾਈ!) ਸਰੀਰ ਦੇ ਅੰਦਰ ਹੀ ਅਮੋਲਕ ਨਾਮ ਪਦਾਰਥ ਅਤੇ ਭਗਤੀ ਦੇ ਭੰਡਾਰ ਭਰੇ ਪਏ ਹਨ।ਪ੍ਰਿਥਵੀ ਦੇ ਨੌਂ ਖੰਡ, ਸ਼ਹਿਰ, ਹੱਟੀਆਂ ਅਤੇ ਬਜਾਰ (ਆਦਿ ਦਾ ਸੂਖਮ ਤੱਤ) ਇਸ ਸਰੀਰ ਦੇ ਅੰਦਰ ਹੀ ਹੈ।ਇਸ ਸਰੀਰ ਦੇ ਅੰਦਰ ਨੌਂ ਨਿਧੀਆਂ ਦਾ ਸੋਮਾ ਪ੍ਰਭੂ ਦਾ ਨਾਮ ਵੀ ਮੌਜੂਦ ਹੈ, ਜੋ ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ ਪਾਇਆ ਜਾ ਸਕਦਾ ਹੈ।੪।

ਪਦਾਰਥ = ਕਾਇਆ–ਸਰੀਰ।ਕਾਮਣਿ–ਇਸਤ੍ਰੀ।ਅਤਿ–ਬਹੁਤ।ਸੁਆਲ੍ਹਿਓ–ਸੁੰਦਰ; ਸਲਾਹੁਣ ਯੋਗ।ਪਿਰੁ–ਪਤੀ ਪ੍ਰਮਾਤਮਾ। ਤੇ–ਤੋਂ।ਸੁਹਾਗਣਿ–ਸੁਹਾਗ ਭਾਗ ਵਾਲੀ ਇਸਤ੍ਰੀ।ਸਮਾਲ੍ਹੇ–ਸੰਭਾਲਦੀ ਹੈ।ਰੰਗਿ ਰਾਤਾ–ਰੰਗਿ ਵਿਚ ਰੰਗਿਆ।ਵਿਚਹੁ–(ਮਨ) ਵਿਚੋਂ।ਜਾਲੇ–ਸਾੜ ਦਿੰਦਾ ਹੈ।੧।ਵਾਹੁ ਵਾਹੁ–ਧੰਨ ਧੰਨ।ਉਪਜੀ–ਪਰਗਟ ਹੋਈ।ਸਾਚਿ–ਸੱਚੇ ਪ੍ਰਭੂ ਵਿਚ।ਸਮਾਣੀ–ਲੀਨ ਹੋ ਗਈ; ਲੀਨ ਕਰ ਦੇਂਦੀ ਹੈ।੧।ਰਹਾਉ।ਖੰਡ–ਧਰਤੀ ਦੇ ਨੌਂ ਖੰਡ।ਮੰਡਲ–ਦੇਸ਼।ਜਗਜੀਵਨ ਦਾਤਾ–ਜਗਤ ਨੂੰ ਜੀਵਨ ਦੇਣ ਵਾਲਾ

ਪ੍ਰਭੂ। ਸਭਨਾ-ਸਾਰੇ ਜੀਵਾਂ ਦੀ। ਕਰੇ ਪ੍ਰਤਿਪਾਲਾ-ਪਾਲਣਾ ਕਰਦਾ ਹੈ। ਸੁਹੇਲੀ-ਸੁਖੀ; ਸੌਖੀ। ਗੁਰਮੁਖਿ-ਗੁਰੂ ਦੁਆਰਾ।੨। ਆਪੇ -ਪ੍ਰਭੂ ਆਪ ਹੀ। ਅਲਖੁ-(ਅਲੱਖ ਬੋਲੋ) ਜੋ ਸਮਝ ਵਿਚ ਨਾ ਆ ਸਕੇ; ਅਦ੍ਰਿਸ਼ਟ। ਨ ਲਖਿਆ ਜਾਈ-ਜਾਣਿਆ ਨਹੀਂ ਜਾਂਦਾ; ਦੇਖਿਆ ਨਹੀਂ ਜਾ ਸਕਦਾ। ਮੁਗਧੁ-ਮੂਰਖ। ਸੇਵੇ-ਸੇਵਾ ਕਰਦਾ ਹੈ। ਸਤਿਗੁਰਿ-ਸਤਿਗੁਰੂ ਨੇ। ਦਿਤਾ ਲਖਾਈ-ਦਿਖਾ ਦਿਤਾ; ਸਮਝਾ ਦਿਤਾ।੩। ਰਤਨ-ਅਮੋਲਕ। ਭੰਡਾਰਾ-ਖਜਾਨਾ। ਨਉ ਖੰਡ ਪ੍ਰਿਥਮੀ-ਪ੍ਰਿਥਵੀ ਦੇ ਨੌਂ ਖੰਡ। ਹਾਟ-ਹੱਟੀਆਂ। ਪਟਣ-ਸ਼ਹਿਰ । ਨਉਨਿਧਿ-ਧਰਤੀ ਦੇ ਸਾਰੇ ਨੌਂ ਖਜਾਨੇ। ਸਬਦਿ ਵੀਚਾਰਾ-ਸ਼ਬਦ ਦੀ ਵੀਚਾਰ ਦੁਆਰਾ।੪।

ਕਾਇਆ ਅੰਦਰਿ ਤੋਲਿ ਤੁਲਾਵੈ, ਆਪੇ ਤੋਲਣਹਾਰਾ ॥ ਇਹੁ ਮਨੁ ਰਤਨੁ ਜਵਾਹਰ ਮਾਣਕੁ ,ਤਿਸ ਕਾ ਮੋਲੁ ਅਫਾਰਾ ॥ ਮੋਲਿ ਕਿਤ ਹੀ ਨਾਮੁ ਪਾਈਐ ਨਾਹੀ, ਨਾਮੁ ਪਾਈਐ ਗੁਰ ਬੀਚਾਰਾ ॥੫॥ ਗੁਰਮੁਖਿ ਹੋਵੈ ਸੁ ਕਾਇਆ ਖੋਜੈ, ਹੋਰ ਸਭ ਭਰਮਿ ਭੁਲਾਈ ॥ ਜਿਸ ਨੋ ਦੇਇ ਸੋਈ ਜਨੁ ਪਾਵੈ, ਹੋਰ ਕਿਆ ਕੋ ਕਰੇ ਚਤੁਰਾਈ ॥ ਕਾਇਆ ਅੰਦਰਿ ਭਉ ਭਾਉ ਵਸੈ, ਗੁਰ ਪਰਸਾਦੀ ਪਾਈ ॥੬॥ ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ, ਸਭ ਓਪਤਿ ਜਿਤੁ ਸੰਸਾਰਾ ॥ ਸਚੈ ਆਪਣਾ ਖੇਲੁ ਰਚਾਇਆ, ਆਵਾਗਉਣੁ ਪਾਸਾਰਾ ॥ ਪੂਰੈ ਸਤਿਗੁਰਿ ਆਪਿ ਦਿਖਾਇਆ, ਸਚਿ ਨਾਮਿ ਨਿਸਤਾਰਾ ॥੭॥ ਸਾ ਕਾਇਆ ਜੋ ਸਤਿਗੁਰੁ ਸੇਵੈ, ਸਚੈ ਆਪਿ ਸਵਾਰੀ ॥ ਵਿਣੁ ਨਾਵੈ ਦਰਿ ਢੋਈ ਨਾਹੀ, ਤਾ ਜਮੁ ਕਰੇ ਖੁਆਰੀ ॥ ਨਾਨਕ ਸਚੁ ਵਡਿਆਈ ਪਾਏ, ਜਿਸ ਨੋ ਹਰਿ ਕਿਰਪਾ ਧਾਰੀ ॥੮॥੨॥ (ਮਨੁੱਖ ਦੀ) ਦੇਹ ਦੇ ਅੰਦਰ (ਗੁਣ) ਤੋਲਣ ਵਾਲਾ ਪ੍ਰਭੂ ਆਪ ਵਸਦਾ ਹੈ, (ਉਹ ਆਪ ਗੁਣ) ਤੋਲ ਕੇ (ਪਰਖ ਕੇ ਮਨੁੱਖ ਦੇ ਗੁਣਾਂ ਦੀ) ਕੀਮਤ ਪਾਉਂਦਾ ਹੈ।(ਗੁਣਵਾਨ ਮਨੁੱਖ ਦਾ) ਇਹ ਮਨ ਰਤਨ, ਜਵਾਹਰ ਅਤੇ ਮਾਣਕ ਵਾਂਗ ਅਮੋਲਕ ਹੈ, ਉਸ (ਮਨ) ਦਾ ਮੁਲ ਬੇਅੰਤ ਹੈ।(ਉਸ ਗੁਣੀ ਮਨੁੱਖ ਨੂੰ ਗਿਆਨ ਹੁੰਦਾ ਹੈ ਕਿ) ਪ੍ਰਭੂ ਦਾ ਨਾਮ ਕਿਸੇ ਵੀ ਕੀਮਤ ਨਾਲ ਨਹੀਂ ਪਾਇਆ ਜਾ ਸਕਦਾ, ਪ੍ਰਭੂ ਦਾ ਨਾਮ (ਕੇਵਲ) ਗੁਰੂ ਦੇ ਸ਼ਬਦ ਦੀ ਬਿਚਾਰ ਨਾਲ ਪਾਇਆ ਜਾ ਸਕਦਾ ਹੈ।੫। ਜੋ ਗੁਰਮੁਖ ਹੁੰਦਾ ਹੈ, ਉਹ (ਪ੍ਰਭੂ ਨੂੰ ਅਪਣੇ) ਸਰੀਰ ਦੇ ਅੰਦਰੋਂ ਖੋਜਦਾ ਹੈ, ਹੋਰ (ਬਾਕੀ ਸਾਰੀ ਦੁਨੀਆਂ) ਭਰਮ ਨੇ ਭੁਲਾਈ ਹੋਈ ਹੈ (ਭਰਮ ਵਿਚ ਪੈ ਕੇ ਕੁਰਾਹੇ ਪਈ ਹੋਈ ਹੈ)। ਜਿਸ ਨੂੰ ਪ੍ਰਭੂ (ਅਪਣੇ ਨਾਮ ਦੀ ਦਾਤ) ਦੇਂਦਾ ਹੈ, ਉਹ ਮਨੁੱਖ ਹੀ ਨਾਮ ਪ੍ਰਾਪਤ ਕਰਦਾ ਹੈ ,(ਇਸ ਤੋਂ ਬਿਨਾ) ਹੋਰ ਕੋਈ ਮਨੁੱਖ ਕੀ ਚਤਰਾਈ ਕਰ ਸਕਦਾ ਹੈ? (ਨਾਮ ਦੀ ਪ੍ਰਾਪਤੀ ਮਨੁੱਖ ਦੇ ਵਸ ਵਿਚ ਨਹੀਂ)। ਸਰੀਰ ਦੇ ਅੰਦਰ ਹੀ (ਰੱਬੀ) ਡਰ ਅਤੇ ਪ੍ਰੇਮ ਵਸਦਾ ਹੈ, (ਪਰ ਇਹ ਦਾਤ ਵੀ) ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦੀ ਹੈ।੬।(ਹੇ ਭਾਈ! ਪ੍ਰਭੂ) ਸਰੀਰ ਦੇ ਅੰਦਰ ਹੀ ਵਸਦਾ ਹੈ, ਜਿਸ ਤੋਂ ਬ੍ਰਹਮਾ, ਵਿਸ਼ਨੂੰ ,ਸ਼ਿਵ ਜੀ ਅਤੇ ਸਾਰੇ ਸੰਸਾਰ ਦੀ ਉਤਪਤੀ ਹੋਈ ਹੈ।(ਇਸ ਸੰਸਾਰ ਵਿਚ) ਆਵਾਗਵਨ ਰੂਪ ਪਸਾਰਾ ਸੱਚੇ ਪ੍ਰਭੂ ਨੇ ਅਪਣਾ (ਇਕ ਤਰ੍ਹਾਂ ਦਾ) ਖੇਲ ਰਚਾਇਆ ਹੈ।(ਜਿਸ ਮਨੁੱਖ ਨੂੰ ਇਹ ਖੇਲ) ਆਪ ਸਤਿਗੁਰੂ ਨੇ ਦਿਖਾ ਦਿਤਾ ਹੈ, ਸੱਚੇ ਨਾਮ ਵਿਚ ਜੁੜ ਕੇ (ਉਸ ਦਾ) ਪਾਰ ਉਤਾਰਾ ਹੋ ਜਾਂਦਾ ਹੈ।੭।(ਹੇ ਭਾਈ!) ਉਹ ਸਰੀਰ ਸਫਲ ਹੈ, ਜੋ ਸਤਿਗੁਰੂ ਦੀ ਸੇਵਾ ਕਰਦਾ ਹੈ, (ਉਸ ਨੂੰ) ਸੱਚੇ ਪ੍ਰਭੂ ਨੇ ਆਪ ਹੀ ਸਵਾਰ ਦਿਤਾ ਹੈ। ਨਾਮ ਜਪੇ ਤੋਂ ਬਿਨਾ ਪ੍ਰਭੂ ਦੇ ਦਰ ਤੇ ਢੋਈ ਨਹੀਂ ਮਿਲਦੀ, ਤਦੇ ਹੀ ਜਮ (ਇਸ ਨੂੰ) ਖੁਆਰ ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਉਤੇ ਪ੍ਰਭੂ ਕ੍ਰਿਪਾ ਕਰਦਾ ਹੈ, ਉਹ ਸੱਚੀ ਵਡਿਆਈ ਪਾਉਂਦਾ ਹੈ।੮।੨।

ਪਦਾਰਥ = ਤੋਲਿ-ਤੋਲ (ਪਰਖ) ਕੇ। ਤੋਲਾਵੈ-ਵਜਨ ਕਰਾਉਂਦਾ ਹੈ; ਕੀਮਤ ਪਾਉਂਦਾ ਹੈ। ਆਪੇ-ਪ੍ਰਭੂ ਆਪ ਹੀ। ਤੋਲਣਹਾਰਾ-ਤੋਲਣ ਵਾਲਾ। ਤਿਸ ਕਾ-ਉਸ ਦਾ। ਅਫਾਰਾ-ਬੇਅੰਤ। ਮੋਲਿ-ਮੁੱਲ ਨਾਲ। ਕਿਤ ਹੀ-ਕਿਸੇ ਵੀ।੫। ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ। ਸੁ-ਉਹ। ਭਰਮਿ ਭੁਲਾਈ-ਭਰਮ ਨੇ ਭੁਲਾਈ ਹੋਈ ਹੈ। ਜਿਸ ਨੋ-ਜਿਸ ਨੂੰ। ਦੇਇ-ਦੇਂਦਾ ਹੈ। ਸੋਈ-ਉਹ ਹੀ। ਕੋ-ਕੋਈ। ਚਤੁਰਾਈ-ਸਿਆਣਪ। ਭਉ-ਡਰ। ਭਾਉ-ਪ੍ਰੇਮ। ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ।੬। ਸਭ ਓਪਤਿ-ਸਾਰੀ ਉਤਪਤੀ। ਜਿਤੁ -ਜਿਸ ਤੋਂ। ਸਚੈ-ਸੱਚੇ ਪ੍ਰਭੂ ਨੇ। ਆਵਾਗਉਣੁ-ਜੰਮਣਾ ਮਰਨਾ। ਪਾਸਾਰਾ-ਖਿਲਾਰਾ; ਫੈਲਾਉ। ਸਤਿਗੁਰਿ-ਸਤਿਗੁਰੂ ਨੇ। ਸਚਿ ਨਾਮਿ-ਪ੍ਰਭੂ ਦੇ ਸੱਚੇ ਨਾਮ ਵਿਚ। ਨਿਸਤਾਰਾ-ਪਾਰ ਉਤਾਰਾ; ਮੁਕਤੀ।੭। ਸਾ-ਉਹ। ਦਰਿ-(ਰੱਬ ਦੇ) ਦਰ ਤੇ। ਢੋਈ-ਆਸਰਾ। ਤਾ-ਤਦੋਂ। ਖੁਆਰੀ-ਖੁਆਰ; ਬੇਇਜਤੀ; ਦੁਖੀ। ਜਿਸ ਨੋ-ਜਿਸ ਉਤੇ। ਧਾਰੀ-ਕਰਦਾ ਹੈ।੮।੨।

ਅੰਗ ੭੫੫ = ਰਾਗੁ ਸੂਹੀ ਮਹਲਾ ੩ ਘਰੁ ੧੦ ੴ ਸਤਿਗੁਰ ਪ੍ਰਸਾਦਿ ॥ ਦੁਨੀਆ ਨ ਸਾਲਾਹਿ, ਜੋ ਮਰਿ ਵੰਞਸੀ ॥ ਲੋਕਾ ਨ ਸਾਲਾਹਿ, ਜੋ ਮਰਿ ਖਾਕੁ ਥੀਈ ॥੧॥ ਵਾਹੁ ਮੇਰੇ ਸਾਹਿਬਾ ਵਾਹੁ ॥ ਗੁਰਮੁਖਿ ਸਦਾ ਸਲਾਹੀਐ, ਸਚਾ ਵੇਪਰਵਾਹੁ ॥੧॥

ਰਹਾਉ॥ ਦੁਨੀਆ ਕੇਰੀ ਦੋਸਤੀ, ਮਨਮੁਖ ਦਝਿ ਮਰੰਨਿ ॥ ਜਮਪੁਰਿ ਬਧੇ ਮਾਰੀਅਹਿ, ਵੇਲਾ ਨ ਲਾਹੰਨਿ ॥੨॥ ਗੁਰਮੁਖਿ ਜਨਮੁ ਸਕਾਰਥਾ, ਸਚੈ ਸਬਦਿ ਲਗੰਨਿ ॥ ਆਤਮ ਰਾਮੁ ਪ੍ਰਗਾਸਿਆ, ਸਹਜੇ ਸੁਖਿ ਰਹੰਨਿ ॥੩॥ ਗੁਰ ਕਾ ਸਬਦੁ ਵਿਸਾਰਿਆ, ਦੂਜੈ ਭਾਇ ਰਚੰਨਿ ॥ ਤਿਸਨਾ ਭੁਖ ਨ ਉਤਰੈ, ਅਨਦਿਨੁ ਜਲਤ ਫਿਰੰਨਿ ॥੪॥ ਦੁਸਟਾ ਨਾਲਿ ਦੋਸਤੀ, ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ,ਸਗਲੇ ਕੁਲ ਡੋਬੰਨਿ ॥੫॥ ਨਿੰਦਾ ਭਲੀ ਕਿਸੈ ਕੀ ਨਾਹੀ, ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ, ਨਰਕੇ ਘੋਰਿ ਪਵੰਨਿ ॥੬॥ (ਹੇ ਭਾਈ! ਤੂੰ) ਦੁਨੀਆਂ ਦੀ ਵਡਿਆਈ ਨਾ ਕਰ, ਜੋ ਮਰ (ਨਾਸ਼ ਹੋ) ਜਾਏਗੀ।ਲੋਕਾਂ ਦੀ ਵੀ (ਝੂਠੀ) ਵਡਿਆਈ ਨਾ ਕਰ, ਜੋ ਮਰ ਕੇ ਮਿੱਟੀ ਹੋ ਜਾਣਗੇ।੧।ਹੇ ਮੇਰੇ ਮਾਲਕ ਪ੍ਰਭੂ! ਤੂੰ ਧੰਨ ਹੈਂ, ਤੂੰ ਧੰਨ ਹੈਂ।(ਹੇ ਭਾਈ! ਦੁਨੀਆਂ ਅਤੇ ਲੋਕਾਂ ਨੂੰ ਸਲਾਹੁਣ ਦੀ ਬਜਾਏ ਉਸ ਪ੍ਰਭੂ ਨੂੰ) ਗੁਰੂ ਦੀ ਸ਼ਰਨ ਵਿਚ ਪੈ ਕੇ ਸਦਾ ਸਲਾਹੁਣਾ ਚਾਹੀਦਾ ਹੈ, ਜੋ ਸਦਾ ਕਾਇਮ ਰਹਿਣ ਵਾਲਾ ਹੈ ਅਤੇ ਬੇਪ੍ਰਵਾਹ ਹੈ।੧।ਰਹਾਉ।(ਹੇ ਭਾਈ!) ਦੁਨੀਆਂ ਦੀ ਦੋਸਤੀ ਵਿਚ ਮਨਮੁਖ ਲੋਕ ਸੜ ਮਰਦੇ ਹਨ।ਉਹ ਜਮ ਪੁਰੀ ਵਿਚ ਬੰਨ੍ਹੇ (ਕੈਦੀ ਕੀਤੇ) ਹੋਏ ਮਾਰੇ ਕੁੱਟੇ ਜਾਂਦੇ ਹਨ, (ਮੁੜ ਕੇ ਉਹ ਮਨੁੱਖਾ ਜਨਮ ਦਾ) ਸਮਾਂ ਨਹੀਂ ਪ੍ਰਾਪਤ ਕਰ ਸਕਦੇ।੨।ਗੁਰਮੁਖਾਂ ਦਾ ਜਨਮ ਸਫਲ ਹੁੰਦਾ ਹੈ, (ਕਿਉਂਕਿ ਉਹ) ਸੱਚੇ ਪ੍ਰਭੂ ਦੇ ਸ਼ਬਦ ਵਿਚ ਲਗ (ਜੁੜ) ਜਾਂਦੇ ਹਨ।(ਸ਼ਬਦ ਦੀ ਬਰਕਤ ਕਰਕੇ ਉਨ੍ਹਾਂ ਦੇ ਅੰਦਰ) ਸਰਬ ਵਿਆਪਕ ਪ੍ਰਮਾਤਮਾ ਦਾ ਪ੍ਰਕਾਸ਼ ਹੋਇਆ ਹੈ ਅਤੇ ਉਹ ਸਹਜੇ ਹੀ ਸੁਖ ਵਿਚ ਰਹਿੰਦੇ ਹਨ।੩।(ਮਨਮੁੱਖਾਂ ਨੇ) ਗੁਰੂ ਦਾ ਸ਼ਬਦ ਭੁਲਾ ਦਿਤਾ ਹੈ ਅਤੇ ਦ੍ਵੈਤ ਭਾਵ ਵਿਚ ਰਚੇ ਰਹਿੰਦੇ ਹਨ।(ਉਨ੍ਹਾਂ ਦੇ ਅੰਦਰੋਂ ਪਦਾਰਥਾਂ ਦੀ) ਤ੍ਰਿਸ਼ਨਾ ਅਤੇ ਭੁੱਖ ਨਹੀਂ ਉਤਰਦੀ, (ਇਸੇ ਕਰਕੇ ਉਹ) ਹਰ ਰੋਜ ਸੜਦੇ ਫਿਰਦੇ ਹਨ।੪।(ਉਹ) ਭੈੜੇ ਬੰਦਿਆਂ ਨਾਲ ਮਿਤ੍ਰਤਾ ਰਖਦੇ ਹਨ ਅਤੇ ਸੰਤਾਂ ਨਾਲ ਵੈਰ ਕਰਦੇ ਹਨ।(ਜਿਸ ਕਰਕੇ ਉਹ) ਆਪ ਤਾਂ ਪ੍ਰਵਾਰ ਸਮੇਤ (ਭਵਜਲ ਵਿਚ) ਡੁੱਬੇ ਹੋਏ ਹਨ, ਅਪਣੇ ਸਾਰੇ ਖਾਨਦਾਨ ਨੂੰ ਡੋਬ ਲੈਂਦੇ ਹਨ।੫।ਕਿਸੇ ਦੀ ਵੀ ਨਿੰਦਿਆ ਕਰਨੀ ਚੰਗੀ ਨਹੀਂ, (ਪਰ) ਮਨਮੁਖ ਮੂਰਖ ਹਨ, (ਜੋ ਸਦਾ ਦੂਜਿਆਂ ਦੀ ਨਿੰਦਿਆ) ਕਰਦੇ ਰਹਿੰਦੇ ਹਨ।ਉਨ੍ਹਾਂ ਨਿੰਦਕਾਂ ਦੇ (ਇਸ ਸੰਸਾਰ ਵਿਚ) ਮੂੰਹ ਕਾਲੇ (ਬੇਇੱਜਤ) ਹੁੰਦੇ ਹਨ ਅਤੇ (ਅੱਗੇ ਵੀ ਉਹ) ਭਿਆਨਕ ਨਰਕ ਵਿਚ ਪੈਂਦੇ ਹਨ।੬।

ਪਦਾਰਥ = ਨ ਸਾਲਾਹਿ–ਸ਼ਲਾਘਾ ਨ ਕਰ।ਮਰਿ ਵੰਞਸੀ–ਮਰ ਜਾਏਗੀ।ਲੋਕਾ–ਲੋਕਾਂ ਨੂੰ; (ਦੇਵਤਿਆਂ ਦੀਆਂ) ਪੁਰੀਆਂ ਨੂੰ।ਖਾਕੁ ਥੀਈ–ਮਿੱਟੀ ਹੋ ਜਾਏਗੀ।੧।ਵਾਹੁ–ਧੰਨ।ਸਾਹਿਬਾ–ਹੇ ਮਾਲਕ ਪ੍ਰਭੂ!।ਗੁਰਮੁਖਿ–ਗੁਰੂ ਦੀ ਸ਼ਰਨ ਵਿਚ ਪੈ ਕੇ।ਸਲਾਹੀਐ–ਸਲਾਹੁਣਾ ਚਾਹੀਦਾ ਹੈ।ਵੇਪਰਵਾਹੁ–ਇੱਛਾ ਰਹਿਤ; ਭੈ ਰਹਿਤ; ਬੇਮੁਹਤਾਜ।੧।ਰਹਾਉ।ਕੇਰੀ–ਦੀ।ਦਝਿ ਮਰੰਨਿ–ਸੜ ਮਰਦੇ ਹਨ।ਜਮ ਪੁਰਿ–ਜਮਾਂ ਦੀ ਪੁਰੀ (ਨਰਕ) ਵਿਚ।ਬਧੇ–ਬੰਨ੍ਹੇ ਹੋਏ।ਮਾਰੀਅਹਿ–ਮਾਰ ਖਾਂਦੇ (ਕੁੱਟੇ ਜਾਂਦੇ) ਹਨ।ਵੇਲਾ–ਸਮਾਂ; ਮੌਕਾ।ਨ ਲਾਹੰਨਿ–ਪ੍ਰਾਪਤ ਨਹੀਂ ਕਰ ਸਕਦੇ।੨।ਸਕਾਰਥਾ–ਸਫਲ।ਸਚੈ ਸਬਦਿ–ਸੱਚੇ ਪ੍ਰਭੂ ਦੇ ਸ਼ਬਦ ਵਿਚ।ਲਗੰਨਿ–ਲਗ ਜਾਂਦੇ ਹਨ।ਆਤਮ ਰਾਮੁ–ਸਰਬ ਵਿਆਪਕ ਪ੍ਰਮਾਤਮਾ।ਸਹਜੇ–ਸੁਭਾਵਕ।ਸੁਖਿ–ਸੁਖ ਵਿਚ।੩।ਵਿਸਾਰਿਆ–ਭੁਲਾ ਦਿਤਾ।ਦੂਜੈ ਭਾਇ–ਦ੍ਵੈਤ ਭਾਵ (ਮਾਇਆ ਦੇ ਪਿਆਰ) ਵਿਚ।ਰਚੰਨਿ–ਮਸਤ ਰਹਿੰਦੇ ਹਨ।ਅਨਦਿਨੁ–ਹਰ ਰੋਜ।ਜਲਤ ਫਿਰੰਨਿ–ਸੜਦੇ ਫਿਰਦੇ ਹਨ।੪।ਦੁਸਟਾ–ਭੈੜੇ ਬੰਦੇ।ਕਰੰਨਿ–ਕਰਦੇ ਹਨ।ਕੁਟੰਬ ਸਿਉ–ਪ੍ਰਵਾਰ ਸਮੇਤ।ਸਗਲੇ ਕੁਲ–ਸਾਰੇ ਖਾਨਦਾਨ ਨੂੰ।ਡੋਬੰਨਿ–ਡੋਬ ਲੈਂਦੇ ਹਨ।੫।ਭਲੀ–ਚੰਗੀ।ਮੁਗਧ–ਮੂਰਖ।ਤਿਨ–ਉਨ੍ਹਾਂ ਦੇ।ਨਰਕੇ ਘੋਰਿ–ਭਿਆਨਕ ਨਰਕ ਵਿਚ।ਪਵੰਨਿ–ਪੈਂਦੇ ਹਨ।੬।

ਏ ਮਨ ਜੈਸਾ ਸੇਵਹਿ ਤੈਸਾ ਹੋਵਹਿ, ਤੇਹੇ ਕਰਮ ਕਮਾਇ ॥ ਆਪਿ ਬੀਜਿ ਆਪੇ ਹੀ ਖਾਵਣਾ, ਕਹਣਾ ਕਿਛੂ ਜਾਇ ॥੭॥ ਮਹਾ ਪੁਰਖਾ ਕਾ ਬੋਲਣਾ, ਹੋਵੈ ਕਿਤੈ ਪਰਥਾਇ ॥ ਓਇ ਅੰਮ੍ਰਿਤ ਭਰੇ ਭਰਪੂਰ ਹਹਿ, ਓਨਾ ਤਿਲੁ ਨ ਤਮਾਇ ॥੮॥ ਗੁਣਕਾਰੀ ਗੁਣ ਸੰਘਰੈ, ਅਵਰਾ ਉਪਦੇਸੇਨਿ ॥ ਸੇ ਵਡਭਾਗੀ ਜਿ ਓਨਾ ਮਿਲਿ ਰਹੇ, ਅਨਦਿਨੁ ਨਾਮੁ ਲਏਨਿ ॥੯॥ ਦੇਸੀ ਰਿਜਕੁ ਸੰਬਾਹਿ, ਜਿਨਿ ਉਪਾਈ ਮੇਦਨੀ ॥ ਏਕੋ ਹੈ ਦਾਤਾਰੁ ,ਸਚਾ ਆਪਿ ਧਣੀ ॥੧੦॥ ਸੋ ਸਚੁ ਤੇਰੈ ਨਾਲਿ ਹੈ, ਗੁਰਮੁਖਿ ਨਦਰਿ ਨਿਹਾਲਿ ॥ ਆਪੇ ਬਖਸੇ ਮੇਲਿ ਲਏ, ਸੋ ਪ੍ਰਭੁ ਸਦਾ ਸਮਾਲਿ ॥੧੧॥ ਮਨੁ ਮੈਲਾ ਸਚੁ ਨਿਰਮਲਾ, ਕਿਉ ਕਰਿ ਮਿਲਿਆ ਜਾਇ ॥ ਪ੍ਰਭੁ ਮੇਲੇ ਤਾ ਮਿਲਿ ਰਹੈ, ਹਉਮੈ ਸਬਦਿ ਜਲਾਇ ॥੧੨॥ ਸੋ ਸਹੁ ਸਚਾ ਵੀਸਰੈ, ਧ੍ਰਿਗੁ ਜੀਵਣੁ ਸੰਸਾਰਿ ॥ ਨਦਰਿ ਕਰੇ ਨ ਵੀਸਰੈ, ਗੁਰਮਤੀ ਵੀਚਾਰਿ ॥੧੩॥ ਹੇ ਮੇਰੇ ਮਨ! ਜਿਹੋ ਜਿਹੇ (ਇਸ਼ਟ ਦੀ ਤੂੰ) ਸੇਵਾ ਕਰੇਂਗਾ, ਉਹੋ ਜਿਹਾ (ਉਸ ਵਰਗਾ) ਤੂੰ ਹੋ ਜਾਵੇਂਗਾ ਅਤੇ (ਉਸੇ ਕਿਸਮ ਦੇ ਤੇਰੇ ਸੰਸਕਾਰ ਬਣ ਜਾਣਗੇ, ਫਿਰ ਉਨ੍ਹਾਂ ਸੰਸਕਾਰਾਂ ਅਨੁਸਾਰ) ਉਹੋ ਜਿਹੇ ਹੀ ਤੂੰ ਕਰਮ ਕਰੇਂਗਾ {ਜੈਸਾ ਸੇਵੈ ਤੈਸੋ ਹੋਇ ੨੨੩}।ਆਪ ਬੀਜ ਕੇ ਆਪ ਹੀ (ਉਸ ਦਾ ਚੰਗਾ ਮੰਦਾ ਫਲ) ਖਾਣਾ ਪੈਂਦਾ ਹੈ, (ਇਹ ਕੁਦਰਤੀ ਨਿਯਮ ਹੈ, ਇਸ

ਦੇ ਉਲਟ ਹੋਰ) ਕੁਛ ਕਿਹਾ ਨਹੀਂ ਜਾ ਸਕਦਾ।੭।(ਹੇ ਭਾਈ!) ਮਹਾਂ ਪੁਰਖਾਂ ਦਾ ਬੋਲਣਾ (ਬਚਨ) ਕਿਸੇ ਪ੍ਰਸੰਗ ਅਨੁਸਾਰ ਹੀ (ਕਿਸੇ ਜੀਵ ਪ੍ਰਤੀ ਉਚਾਰਿਆ) ਹੁੰਦਾ ਹੈ {ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ੬੪੭}।ਉਹ ਮਹਾਂ ਪੁਰਖ (ਨਾਮ ਦੇ) ਅੰਮ੍ਰਿਤ ਰਸ ਨਾਲ ਪੂਰੀ ਤਰ੍ਹਾਂ ਭਰੇ ਹੁੰਦੇ ਹਨ, ਉਨ੍ਹਾਂ ਨੂੰ ਤਿਲ ਭਰ ਵੀ ਲਾਲਚ ਨਹੀਂ ਹੁੰਦਾ।੮।ਗੁਣ ਕਰਨ ਵਾਲੇ (ਪਰਉਪਕਾਰੀ) ਪੁਰਖ ਸ਼ੁੱਭ ਗੁਣ ਇਕੱਠੇ ਕਰਦੇ ਹਨ ਅਤੇ ਹੋਰਨਾਂ ਲੋਕਾਂ ਨੂੰ ਉਪਦੇਸ਼ ਦੇਂਦੇ ਹਨ।ਉਹ (ਮਨੁੱਖ) ਵੱਡੇ ਭਾਗਾਂ ਵਾਲੇ ਹਨ, ਜਿਹੜੇ ਉਨ੍ਹਾਂ ਨੂੰ ਮਿਲ ਕੇ (ਉਨ੍ਹਾਂ ਦੀ ਸੰਗਤ ਵਿਚ) ਰਹਿੰਦੇ ਹਨ ਅਤੇ ਹਰ ਰੋਜ ਹਰੀ ਦਾ ਨਾਮ ਲੈਂਦੇ (ਜਪਦੇ) ਹਨ ।੯।(ਉਹ ਜਾਣਦੇ ਹਨ ਕਿ) ਜਿਸ ਪ੍ਰਭੂ ਨੇ ਦੁਨੀਆਂ ਪੈਦਾ ਕੀਤੀ ਹੈ, (ਉਹ ਸਭ ਜੀਵਾਂ ਨੂੰ) ਰਿਜਕ ਪਹੁੰਚਾ ਦੇਂਦਾ ਹੈ।(ਉਹ ਇਹ ਵੀ ਜਾਣਦੇ ਹਨ ਕਿ) ਸੱਚਾ ਪ੍ਰਭੂ ਆਪ ਹੀ (ਸਭ ਦਾ) ਮਾਲਕ ਹੈ ਅਤੇ ਉਹ ਇਕੋ (ਸਭ ਦਾ) ਦਾਤਾ ਹੈ।੧੦।(ਹੇ ਭਾਈ!) ਉਹ ਸੱਚਾ ਪਭੂ ਸਦਾ ਤੇਰੇ ਨਾਲ ਹੈ, ਗੁਰੂ ਰਾਹੀਂ (ਉਸ ਨੂੰ ਦੈਵੀ) ਨਜਰ ਨਾਲ ਦੇਖ।ਆਪ ਹੀ (ਉਹ ਤੇਰੇ ਔਗਣ) ਬਖਸ਼ ਕੇ (ਤੈਨੂੰ ਅਪਣੇ ਨਾਲ) ਮੇਲ ਲਵੇਗਾ, (ਇਸ ਕਰਕੇ ਤੂੰ) ਉਸ ਪ੍ਰਭੂ ਨੂੰ ਸਦਾ ਯਾਦ ਰਖਿਆ ਕਰ।੧੧।(ਹੇ ਭਾਈ! ਮਨੁੱਖ ਦਾ) ਮਨ ਮੈਲਾ ਹੈ, ਸੱਚਾ ਪ੍ਰਭੂ ਪਵਿਤ੍ਰ ਹੈ, (ਮੈਲੇ ਮਨ ਨਾਲ ਪ੍ਰਭੂ ਨੂੰ) ਕਿਸ ਤਰ੍ਹਾਂ ਮਿਲਿਆ ਜਾ ਸਕਦਾ ਹੈ? ਜੇ ਪ੍ਰਭੂ ਮੇਲਣਾ ਚਾਹੇ, ਤਾਂ (ਮਨੁੱਖ ਗੁਰੂ ਦੇ) ਸ਼ਬਦ ਵਿਚ ਜੁੜ ਕੇ ਹਉਮੈ ਦੀ ਮੈਲ ਨੂੰ ਜਲਾ ਕੇ (ਪ੍ਰਭੂ ਨਾਲ ਸਦਾ) ਮਿਲਿਆ ਰਹਿੰਦਾ ਹੈ।੧੨।(ਹੇ ਭਾਈ! ਜਿਸ ਮਨੁੱਖ ਨੂੰ) ਉਹ ਸੱਚਾ ਪਤੀ ਪ੍ਰਭੂ ਭੁਲ ਜਾਂਦਾ ਹੈ, ਸੰਸਾਰ ਵਿਚ (ਉਸ ਦਾ) ਜੀਵਨ ਧ੍ਰਿਗ ਹੈ।ਗੁਰੂ ਦੀ ਸਿਖਿਆ ਦੀ ਵਿਚਾਰ ਕਰਨ ਨਾਲ ਪ੍ਰਭੂ ਮੇਹਰ ਦੀ ਨਜਰ ਕਰਦਾ ਹੈ, (ਫਿਰ ਮਨੁੱਖ ਦੇ ਮਨ ਵਿਚੋਂ ਪ੍ਰਭੂ ਕਦੇ) ਨਹੀਂ ਭੁਲਦਾ।੧੩।

ਓਇ ਅੰਮ੍ਰਿਤ ਭਰੇ ਭਰਪੂਰ ਹਹਿ = ਉਨ੍ਹਾਂ ਨੂੰ ਗੱਲ ਕਰਨ ਵਿਚ ਕੋਈ ਗਰਜ ਨਹੀਂ ਹੁੰਦੀ, ਨਾ ਉਨ੍ਹਾਂ ਵਿਚ ਕਿਸੇ ਵਿਰੁੱਧ ਜਹਿਰ ਭਰਿਆ ਹੁੰਦਾ ਹੈ, ਉਨ੍ਹਾਂ ਵਿਚ ਤਾਂ ਹਰ ਇਕ ਲਈ ਪ੍ਰੇਮ ਤੇ ਅੰਮ੍ਰਿਤ ਵਰਗੀ ਮਿਠਾਸ ਹੁੰਦੀ ਹੈ, ਇਸ ਲਈ ਜੋ ਕੁਝ ਵੀ ਉਹ ਕਹਿੰਦੇ ਹਨ, ਕਿਸੇ ਨਾ ਕਿਸੇ ਦੇ ਉਪਕਾਰ ਹਿਤ ਹੀ ਹੁੰਦਾ ਹੈ (ਸ਼ਬਦਾਰਥ)।

ਪਦਾਰਥ = ਏ ਮਨ–ਹੇ ਮਨ!।ਜੈਸਾ ਸੇਵਹਿ–ਜਿਹੋ ਜਿਹੇ ਦੀ ਤੂੰ ਸੇਵਾ ਕਰੇਂਗਾ।ਤੈਸਾ ਹੋਵਹਿ–ਉਹੋ ਜਿਹਾ ਤੂੰ ਹੋਵੇਂਗਾ।ਤੇਹੇ–ਉਹੋ ਜਿਹੇ।ਕਰਮ ਕਮਾਇ–ਕਰਮ ਕਰੇਂਗਾ।ਬੀਜਿ–(ਕਰਮਾਂ ਦਾ ਬੀਜ) ਬੀਜ ਕੇ।ਆਪੇ–ਆਪ ਹੀ।੭।ਬੋਲਣਾ–ਬਚਨ ਬੋਲਣਾ। ਕਿਤੈ ਪਰਥਾਇ–ਕਿਸੇ ਦੇ ਨਮਿੱਤ; ਕਿਸੇ ਪ੍ਰਸੰਗ ਅਨੁਸਾਰ; ਕਿਸੇ ਲਾਭ ਹਿਤ।ਓਇ–ਉਹ (ਬਹੁਤ ਵਚਨ)।ਹਹਿ–ਹੁੰਦੇ ਹਨ।ਓਨਾ –ਉਨ੍ਹਾਂ ਨੂੰ।ਤਿਲੁ–ਤਿਲ ਭਰ (ਥੋੜ੍ਹਾ ਜਿਹਾ) ਵੀ।ਤਮਾਇ–ਲਾਲਚ।੮।ਗੁਣਕਾਰੀ–ਗੁਣ ਕਰਨ ਵਾਲਾ; ਪਰਉਪਕਾਰੀ ਪੁਰਖ। ਸੰਘਰੈ–ਇਕੱਠਾ ਕਰਦੇ ਹਨ।ਅਵਰਾ–ਹੋਰਨਾਂ ਨੂੰ।ਉਪਦੇਸੇਨਿ–ਉਪਦੇਸ਼ ਦੇਂਦੇ ਹਨ।ਸੇ–ਉਹ।ਜਿ–ਜਿਹੜੇ।ਅਨਦਿਨੁ–ਹਰ ਰੋਜ ।ਲਏਨਿ–ਲੈਂਦੇ (ਜਪਦੇ) ਹਨ।੯।ਦੇਸੀ–ਦੇਂਦਾ ਹੈ।ਰਿਜਕ–ਖੁਰਾਕ।ਸੰਬਾਹਿ–ਪਹੁੰਚਾਉਂਦਾ ਹੈ।ਜਿਨਿ–ਜਿਸ ਨੇ।ਉਪਾਈ–ਪੈਦਾ ਕੀਤੀ ਹੈ।ਮੇਦਨੀ–ਦੁਨੀਆਂ।ਧਣੀ–ਮਾਲਕ।੧੦।ਸੋ–ਉਹ।ਗੁਰਮੁਖਿ–ਗੁਰੂ ਰਾਹੀਂ।ਨਦਰਿ–ਨਜਰ ਨਾਲ।ਨਿਹਾਲਿ–ਦੇਖ ।ਬਖਸੇ–ਬਖਸ਼ ਕੇ।ਸਮਾਲਿ–ਯਾਦ ਕਰਿਆ ਕਰ।੧੧।ਨਿਰਮਲਾ–ਪਵਿਤ੍ਰ।ਕਿਉ ਕਰਿ–ਕਿਸ ਤਰ੍ਹਾਂ।ਸਬਦਿ–ਸਬਦ ਵਿਚ ਜੁੜ ਕੇ।ਜਲਾਇ–ਜਲਾ ਕੇ।੧੨।ਸਹੁ–ਪਤੀ ਪ੍ਰਭੂ।ਵੀਸਰੈ–ਭੁੱਲ ਜਾਵੇ।ਧ੍ਰਿਗੁ–ਫਿਟਕਾਰ ਯੋਗ।ਜੀਵਣੁ–ਜੀਵਨ।ਸੰਸਾਰਿ–ਸੰਸਾਰ ਵਿਚ।ਨਦਰਿ–ਮੇਹਰ ਦੀ ਨਜਰ।ਗੁਰਮਤੀ–ਗੁਰੂ ਦੀ ਸਿੱਖਿਆ।ਵੀਚਾਰਿ–ਵਿਚਾਰ ਕਰਨ ਨਾਲ।੧੩।

ਸਤਿਗੁਰੁ ਮੇਲੇ ਤਾ ਮਿਲਿ ਰਹਾ, ਸਾਚੁ ਰਖਾ ਉਰ ਧਾਰਿ ॥ ਮਿਲਿਆ ਹੋਇ ਨ ਵੀਛੁੜੈ, ਗੁਰ ਕੈ ਹੇਤਿ ਪਿਆਰਿ ॥੧੪॥ ਪਿਰੁ ਸਾਲਾਹੀ ਆਪਣਾ, ਗੁਰ ਕੈ ਸਬਦਿ ਵੀਚਾਰਿ ॥ ਮਿਲਿ ਪ੍ਰੀਤਮ ਸੁਖੁ ਪਾਇਆ, ਸੋਭਾਵੰਤੀ ਨਾਰਿ ॥੧੫॥ ਮਨਮੁਖ ਮਨੁ ਨ ਭਿਜਈ, ਅਤਿ ਮੈਲੇ ਚਿਤਿ ਕਠੋਰ ॥ ਸਪੈ ਦੁਧੁ ਪੀਆਈਐ, ਅੰਦਰਿ ਵਿਸੁ ਨਿਕੋਰ ॥੧੬॥ ਆਪਿ ਕਰੇ ਕਿਸੁ ਆਖੀਐ, ਆਪੇ ਬਖਸਣਹਾਰੁ ॥ ਗੁਰ ਸਬਦੀ ਮੈਲੁ ਉਤਰੈ, ਤਾ ਸਚੁ ਬਣਿਆ ਸੀਗਾਰੁ ॥੧੭॥ ਸਚਾ ਸਾਹੁ ਸਚੇ ਵਣਜਾਰੇ, ਓਥੈ ਕੂੜੇ ਨ ਟਿਕੰਨਿ ॥ ਓਨਾ ਸਚੁ ਨ ਭਾਵਈ, ਦੁਖ ਹੀ ਮਾਹਿ ਪਚੰਨਿ ॥੧੮॥ ਸਤਿਗੁਰੂ (ਜੇ ਮੈਨੂੰ ਅਪਣੇ ਨਾਲ) ਮੇਲ ਲੈਣ, ਤਾਂ ਮੈਂ (ਉਸ ਨਾਲ) ਮਿਲਿਆ ਰਹਿ ਸਕਦਾ ਹਾਂ ਅਤੇ ਸੱਚੇ ਨਾਮ ਨੂੰ ਅਪਣੇ ਹਿਰਦੇ ਵਿਚ ਟਿਕਾ ਕੇ ਰਖ ਸਕਦਾ ਹਾਂ।(ਜਿਹੜਾ ਮਨੁੱਖ) ਗੁਰੂ ਦੇ ਹਿਤ ਅਤੇ ਪਿਆਰ ਦੁਆਰਾ ਪ੍ਰਭੂ ਨਾਲ ਮਿਲਿਆ ਹੋਵੇ, (ਉਹ ਫਿਰ ਕਦੇ ਪ੍ਰਭੂ ਨਾਲੋਂ) ਵਿਛੜਦਾ ਨਹੀਂ।੧੪।(ਜਿਹੜੀ ਜੀਵ ਇਸਤ੍ਰੀ) ਗੁਰੂ ਦੇ ਸ਼ਬਦ ਦੁਆਰਾ ਵਿਚਾਰ ਕਰਕੇ ਅਪਣੇ ਪਤੀ ਪ੍ਰਭੂ ਨੂੰ ਸਲਾਹੁੰਦੀ ਹੈ।(ਉਸ ਨੇ) ਪਿਆਰੇ ਪਤੀ ਪ੍ਰਭੂ ਨੂੰ ਮਿਲ ਕੇ ਸੁਖ ਪਾਇਆ ਹੈ ਅਤੇ ਉਹ ਇਸਤ੍ਰੀ ਸੋਭਾ ਵਾਲੀ ਹੈ।੧੫।ਮਨਮੁਖਾਂ ਦਾ ਮਨ (ਪ੍ਰਭੂ ਦੇ ਪ੍ਰੇਮ ਵਿਚ) ਭਿਜਦਾ ਨਹੀਂ (ਉਨ੍ਹਾਂ ਦਾ ਮਨ ਦਇਆ ਵਾਲਾ ਨਹੀਂ ਹੁੰਦਾ), ਉਹ ਮੈਲੇ ਅਤੇ ਕਠੋਰ ਚਿਤ ਵਾਲੇ ਹਨ।(ਜਿਵੇਂ) ਸੱਪ ਨੂੰ ਦੁੱਧ ਪਿਲਾਈਏ, (ਤਾਂ ਵੀ ਉਸ ਦੇ)

ਅੰਦਰ ਨਿਰੀ ਜਹਿਰ ਹੀ ਰਹਿੰਦੀ ਹੈ।੧੬।(ਹੇ ਭਾਈ!) ਪ੍ਰਭੂ ਆਪ ਹੀ ਸਭ ਕੁਛ ਕਰ ਰਿਹਾ ਹੈ (ਮਨੁੱਖ ਨੂੰ ਉਸ ਦੇ ਕੀਤੇ ਕਰਮਾਂ ਨੇ ਮਨਮੁਖ ਬਣਾਇਆ ਹੈ, ਤਾਂ ਬੁਰਾ) ਕਿਸ ਨੂੰ ਆਖੀਏ? ਪ੍ਰਭੂ ਆਪ ਹੀ (ਮਨਮੁਖ ਦੇ ਗੁਨਾਹ) ਬਖਸ਼ ਦੇਣ ਵਾਲਾ ਹੈ। ਗੁਰੂ ਦੇ ਸ਼ਬਦ ਦੀ ਬਰਕਤ ਨਾਲ (ਜਦੋਂ ਮਨ ਦੀ) ਮੈਲ ਉਤਰ ਜਾਂਦੀ ਹੈ ਤਾਂ (ਸਮਝੋ ਇਸਤ੍ਰੀ ਦਾ) ਬਣਿਆ ਸ਼ਿੰਗਾਰ ਸੱਚਾ ਹੈ (ਜੀਵ ਦਾ ਕੀਤਾ ਸਾਧਨ ਸਫਲ ਹੈ)।੧੭।(ਹੇ ਭਾਈ! ਨਾਮ ਧਨ ਦੇਣ ਵਾਲਾ) ਸ਼ਾਹ ਸੱਚਾ ਗੁਰੂ ਹੈ, (ਨਾਮ ਦਾ) ਵਪਾਰ ਕਰਨ ਵਾਲੇ (ਸਿੱਖ ਵੀ) ਸੱਚੇ ਹਨ, ਉਥੇ (ਗੁਰੂ ਦੇ ਦਰਬਾਰ ਵਿਚ) ਝੂਠੇ ਵਣਜਾਰੇ ਨਹੀਂ ਟਿਕ ਸਕਦੇ।(ਕਿਉਂਕਿ) ਉਨ੍ਹਾਂ ਨੂੰ ਸੱਚ ਚੰਗਾ ਨਹੀਂ ਲਗਦਾ, (ਇਸ ਕਰਕੇ ਉਹ ਝੂਠੇ ਵਣਜਾਰੇ) ਦੁਖ ਵਿਚ ਹੀ ਸੜ ਮਰਦੇ ਹਨ।੧੮।

ਅੰਗ ੭੫੬ = ਹਉਮੈ ਮੈਲਾ ਜਗੁ ਫਿਰੈ, ਮਰਿ ਜੰਮੈ ਵਾਰੋ ਵਾਰ ॥ ਪਇਐ ਕਿਰਤਿ ਕਮਾਵਣਾ, ਕੋਇ ਨ ਮੇਟਣਹਾਰ ॥੧੯॥ ਸੰਤਾ ਸੰਗਤਿ ਮਿਲਿ ਰਹੈ, ਤਾ ਸਚਿ ਲਗੈ ਪਿਆਰੁ ॥ ਸਚੁ ਸਲਾਹੀ ਸਚੇ ਮਨਿ, ਦਰਿ ਸਚੈ ਸਚਿਆਰੁ ॥੨੦॥ (ਹੇ ਭਾਈ!) ਹਉਮੈ ਨਾਲ ਮੈਲਾ ਹੋਇਆ ਜਗਤ ਭਟਕਦਾ ਫਿਰਦਾ ਹੈ, (ਇਸੇ ਕਰਕੇ) ਬਾਰ ਬਾਰ ਜੰਮਦਾ ਮਰਦਾ ਰਹਿੰਦਾ ਹੈ।ਅਪਣੇ ਕੀਤੇ ਕਰਮਾਂ ਦੇ ਪਏ ਹੋਏ ਸੰਸਕਾਰਾਂ ਅਨੁਸਾਰ (ਮਨੁੱਖ ਕਰਮ) ਕਰਦਾ ਹੈ, (ਜਿਸ ਨੂੰ ਗੁਰੂ ਤੋਂ ਬਿਨਾ) ਕੋਈ ਮੇਟਣ ਵਾਲਾ ਨਹੀਂ। ੧੯।(ਹੇ ਭਾਈ! ਜੇ ਮਨੁੱਖ) ਸੰਤਾਂ ਦੀ ਸੰਗਤ ਵਿਚ ਮਿਲਿਆ ਰਹੇ, ਤਾਂ (ਇਸ ਦਾ) ਸਚੇ ਪ੍ਰਭੂ ਨਾਲ ਪਿਆਰ ਲਗ ਜਾਂਦਾ ਹੈ। (ਫਿਰ ਉਹ) ਸੱਚੇ ਪ੍ਰਭੂ ਨੂੰ ਸਲਾਹ ਕੇ, ਮਨ ਵਿਚ ਸੱਚੇ ਪ੍ਰਭੂ ਨੂੰ ਟਿਕਾ ਕੇ ਸੱਚੇ ਪ੍ਰਭੂ ਦੇ ਦਰ ਤੇ ਸਚਿਆਰ ਹੁੰਦਾ ਹੈ।੨੦।

ਪਦਾਰਥ = ਮਿਲਿ ਰਹਾ–ਮਿਲਿਆ ਰਹਿ ਸਕਦਾ ਹਾਂ।ਸਾਚੁ–ਸੱਚੇ ਨਾਮ ਨੂੰ।ਰਖਾ–ਰਖ ਸਕਦਾ ਹਾਂ।ਉਰ ਧਾਰਿ–ਹਿਰਦੇ ਵਿਚ ਟਿਕਾ ਕੇ।ਕੈ–ਦੇ।ਹੇਤਿ ਪਿਆਰਿ–ਹਿਤ ਤੇ ਪਿਆਰ ਦੁਆਰਾ।੧੪।ਪਿਰੁ–ਪਤੀ ਪ੍ਰਭੂ।ਸਾਲਾਹੀ–ਸਲਾਹੁੰਦੀ ਹੈ।ਸਬਦਿ ਵੀਚਾਰਿ –ਸ਼ਬਦ ਦੁਆਰਾ ਵਿਚਾਰ ਕਰਕੇ।ਨਾਰਿ–ਇਸਤ੍ਰੀ।੧੫।ਨ ਭਿਜਈ–ਭਿਜਦਾ ਨਹੀਂ।ਅਤਿ–ਬਹੁਤ।ਚਿਤਿ ਕਠੋਰ–ਸਖਤ ਚਿਤ ਵਾਲੇ।ਸਪੈ–ਸੱਪ ਨੂੰ।ਵਿਸੁ–ਜਹਿਰ।ਨਿਕੋਰ–ਨਿਰੀ; ਕੇਵਲ।੧੬।ਸਬਦੀ–ਸ਼ਬਦ ਦੀ ਬਰਕਤ ਨਾਲ।ਉਤਰੈ–ਲਹਿ ਜਾਂਦੀ ਹੈ। ਤਾ–ਤਾਂ; ਤਦ।੧੭।ਸਾਹੁ–ਸ਼ਾਹੂਕਾਰ (ਗੁਰੂ)।ਵਣਜਾਰੇ–ਵਪਾਰੀ।ਓਥੈ–ਉਥੇ (ਸ਼ਾਹ ਦੇ ਦਰਬਾਰ ਵਿਚ)।ਕੂੜੇ–ਝੂਠੇ।ਨ ਟਿਕੰਨਿ –ਟਿਕ ਨਹੀਂ ਸਕਦੇ।ਓਨਾ–ਉਨ੍ਹਾਂ ਨੂੰ।ਨ ਭਾਵਈ–ਚੰਗਾ ਨਹੀਂ ਲਗਦਾ।ਮਾਹਿ–ਵਿਚ।ਪਚੰਨਿ–ਸੜਦੇ ਹਨ।੧੮।ਜਗੁ–ਜਗਤ। ਫਿਰੈ–ਫਿਰਦਾ ਹੈ।ਪਇਐ ਕਿਰਤਿ–ਕੀਤੇ ਕਰਮਾਂ ਦੇ ਪਏ ਸੰਸਕਾਰਾਂ ਅਨੁਸਾਰ।੧੯।ਸਚਿ–ਸੱਚੇ ਪ੍ਰਭੂ ਨਾਲ।ਸਲਾਹੀ–ਸਲਾਹ ਕੇ।ਮਨਿ–ਮਨ ਵਿਚ।ਦਰਿ ਸਚੈ–ਸੱਚੇ ਪ੍ਰਭੂ ਦੇ ਦਰ ਤੇ।ਸਚਿਆਰੁ–ਸੱਚਾ ਮਨੁੱਖ।੨੦।

ਗੁਰ ਪੂਰੇ ਪੂਰੀ ਮਤਿ ਹੈ, ਅਹਿਨਿਸਿ ਨਾਮੁ ਧਿਆਇ ॥ ਹਉਮੈ ਮੇਰਾ ਵਡ ਰੋਗੁ ਹੈ, ਵਿਚਹੁ ਠਾਕਿ ਰਹਾਇ ॥੨੧॥ ਗੁਰੁ ਸਾਲਾਹੀ ਆਪਣਾ, ਨਿਵਿ ਨਿਵਿ ਲਾਗਾ ਪਾਇ ॥ ਤਨੁ ਮਨੁ ਸਉਪੀ ਆਗੈ ਧਰੀ, ਵਿਚਹੁ ਆਪੁ ਗਵਾਇ ॥੨੨॥ ਖਿੰਚੋਤਾਣਿ ਵਿਗੁਚੀਐ, ਏਕਸੁ ਸਿਉ ਲਿਵ ਲਾਇ ॥ ਹਉਮੈ ਮੇਰਾ ਛਡਿ ਤੂ ,ਤਾ ਸਚਿ ਰਹੈ ਸਮਾਇ ॥੨੩॥ ਸਤਿਗੁਰ ਨੋ ਮਿਲੇ ਸਿ ਭਾਇਰਾ, ਸਚੈ ਸਬਦਿ ਲਗੰਨਿ ॥ ਸਚਿ ਮਿਲੇ ਨ ਵਿਛੁੜਹਿ, ਦਰਿ ਸਚੈ ਦਿਸੰਨਿ ॥੨੪॥ ਸੇ ਭਾਈ ਸੇ ਸਜਣਾ, ਜੋ ਸਚਾ ਸੇਵੰਨਿ ॥ ਅਵਗਣ ਵਿਕਣਿ ਪਲ੍ਹਰਨਿ, ਗੁਣ ਕੀ ਸਾਝ ਕਰੰਨ੍ਹਿ ॥੨੫॥ ਗੁਣ ਕੀ ਸਾਝ ਸੁਖੁ ਊਪਜੈ, ਸਚੀ ਭਗਤਿ ਕਰੇਨਿ ॥ ਸਚੁ ਵਣੰਜਹਿ ਗੁਰ ਸਬਦ ਸਿਉ ,ਲਾਹਾ ਨਾਮੁ ਲਏਨਿ ॥੨੬॥ ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ, ਚਲੈ ਨ ਚਲਦਿਆ ਨਾਲਿ ॥ ਵਿਣੁ ਨਾਵੈ ਨਾਲਿ ਨ ਚਲਸੀ, ਸਭ ਮੁਠੀ ਜਮ ਕਾਲਿ ॥੨੭॥ (ਹੇ ਭਾਈ!) ਪੂਰੇ ਗੁਰੂ ਦੀ ਸਿੱਖਿਆ ਪੂਰੀ ਹੈ (ਅਧੂਰੀ ਨਹੀਂ, ਤੂੰ ਗੁਰੂ ਤੋਂ ਸਿਖਿਆ ਲੈ ਕੇ) ਦਿਨ ਰਾਤ ਪ੍ਰਭੂ ਦੇ ਨਾਮ ਨੂੰ ਸਿਮਰ।ਹਉਮੈ ਅਤੇ ਮੇਰਾਪਣ ਦਾ ਰੋਗ ਵੱਡਾ ਹੈ, (ਇਸ ਨੂੰ) ਅਪਣੇ ਮਨ ਵਿਚੋਂ ਰੋਕ ਕੇ ਰੱਖ।੨੧।(ਹੇ ਭਾਈ!) ਮੈਂ ਅਪਣੇ ਗੁਰੂ ਨੂੰ ਸਲਾਹੁੰਦਾ ਰਹਾਂ ਅਤੇ ਝੁਕ ਝੁਕ ਕੇ (ਗੁਰੂ ਦੇ) ਚਰਨੀ ਲੱਗਾਂ।(ਫਿਰ ਮੈਂ ਅਪਣੇ) ਮਨ ਵਿਚੋਂ ਆਪਾ ਭਾਵ ਗੁਆ ਕੇ (ਗੁਰੂ) ਅੱਗੇ ਮਨ ਸਉਂਪ ਦੇਵਾਂ ਅਤੇ ਤਨ ਵੀ ਰੱਖ ਦਿਆਂ।੨੨।(ਹੇ ਭਾਈ!) ਖਿਚਾ ਖਿਚੀ (ਕਸ਼ਮਕਸ਼) ਵਿਚ ਖੁਆਰ ਹੋਈਦਾ ਹੈ (ਦ੍ਵੈਤ ਭਾਵ ਰਖਣ ਨਾਲ ਦੁਬਿਧਾ ਬਣੀ ਰਹਿੰਦੀ ਹੈ, ਦੁਪਾਸੜ ਖਿੱਚ ਰਹਿੰਦੀ ਹੈ, ਜਿਸ ਕਰਕੇ ਮਨੁੱਖ ਦੁਖੀ ਰਹਿੰਦਾ ਹੈ, ਇਸ ਤੋਂ ਬਚਣ ਲਈ ਤੂੰ) ਇਕ ਹਰੀ ਨਾਲ ਲਿਵ ਲਗਾ।ਤੂੰ ਹਉਮੈ ਤੇ ਮੇਰਾਪਣ ਛਡ ਦੇਹ, ਤਾਂ (ਫਿਰ ਤੇਰਾ ਮਨ) ਸੱਚੇ ਹਰੀ ਵਿਚ ਲੀਨ ਹੋਇਆ ਰਹੇਗਾ।੨੩।(ਜਿਹੜੇ ਮਨੁੱਖ) ਸਤਿਗੁਰੂ ਨੂੰ ਮਿਲੇ ਹਨ ਅਤੇ ਸੱਚੇ ਗੁਰੂ ਦੇ ਸ਼ਬਦ ਵਿਚ ਲੱਗੇ ਹਨ, ਉਹ (ਮੇਰੇ) ਭਰਾ ਹਨ।(ਜਿਹੜੇ ਮਨੁੱਖ) ਸੱਚੇ ਪ੍ਰਭੂ ਨਾਲ ਮਿਲੇ ਹਨ, ਉਹ (ਮੁੜ) ਵਿਛੜਦੇ ਨਹੀਂ ਅਤੇ ਸੱਚੇ ਪ੍ਰਭੂ ਦੇ ਦਰਬਾਰ ਵਿਚ ਸੋਭਦੇ ਦਿਸਦੇ ਹਨ।੨੪।ਉਹ ਸਾਡੇ ਭਰਾ ਹਨ, ਉਹ ਸਾਡੇ ਮਿਤ੍ਰ ਹਨ, ਜਿਹੜੇ ਸੱਚੇ

ਪ੍ਰਭੂ ਨੂੰ ਸਿਮਰਦੇ ਹਨ।(ਕਿਉਂਕਿ ਉਨ੍ਹਾਂ ਦੇ) ਅਉਗਣ ਪਰਾਲੀ ਵਾਂਗ ਵਿਕ ਜਾਣ (ਛਡ ਦੇਣ) ਕਰਕੇ ਉਹ ਦੈਵੀ ਗੁਣਾਂ ਦੀ ਸਾਂਝ ਕਰਦੇ ਹਨ।੨੫।ਗੁਣਾਂ ਦੀ ਸਾਂਝ ਨਾਲ ਸੁਖ ਪੈਦਾ ਹੁੰਦਾ ਹੈ, (ਇਸ ਲਈ ਉਹ) ਸੱਚੀ ਭਗਤੀ ਕਰਦੇ ਹਨ।ਗੁਰੂ ਦੇ ਸ਼ਬਦ ਨਾਲ ਉਹ ਸੱਚਾ ਨਾਮ ਖ੍ਰੀਦਦੇ ਹਨ, (ਇਉਂ ਉਹ) ਪ੍ਰਭੂ ਦੇ ਨਾਮ ਸਿਮਰਨ ਦਾ ਲਾਭ ਲੈਂਦੇ ਹਨ।੨੬।(ਹੇ ਭਾਈ!) ਪਾਪ ਕਰਮ ਕਰ ਕਰ ਕੇ ਸੋਨਾ ਚਾਂਦੀ ਇਕੱਠਾ ਕਰੀਦਾ ਹੈ, (ਪਰ ਇਹ ਸਭ ਪ੍ਰਲੋਕ ਨੂੰ) ਚੱਲਣ ਵੇਲੇ ਕਿਸੇ ਦੇ ਨਾਲ ਨਹੀਂ ਜਾਂਦਾ।ਹਰੀ ਦੇ ਨਾਮ ਤੋਂ ਬਿਨਾ ਕੁਛ ਵੀ (ਜੀਵ ਦੇ) ਨਾਲ ਨਹੀਂ ਜਾਂਦਾ, (ਇਸ ਕਰਕੇ) ਜਮ ਕਾਲ ਨੇ ਸਾਰੀ ਦੁਨੀਆਂ ਲੁੱਟ ਲਈ ਹੈ।੨੭।

ਪਦਾਰਥ = ਮਤਿ–ਸਿੱਖਿਆ।ਅਹਿਨਿਸਿ–ਦਿਨ ਰਾਤ।ਮੇਰਾ–ਮੇਰਾਪਣ; ਮਮਤਾ।ਵਿਚਹੁ–ਮਨ ਵਿਚੋਂ।ਠਾਕਿ ਰਹਾਇ–ਰੋਕੀ ਰੱਖ।੨੧।ਸਾਲਾਹੀ–ਸਲਾਹੁੰਦਾ ਰਹਾਂ।ਨਿਵਿ ਨਿਵਿ–ਨਿਉਂ ਨਿਉਂ ਕੇ।ਲਾਗਾ ਪਾਇ–ਚਰਨੀਂ ਲੱਗਾਂ।ਸਉਪੀ–ਮੈਂ ਸਉਂਪ ਦੇਵਾਂ।ਧਰੀ–ਰੱਖ ਦਿਆਂ।ਆਪੁ–ਆਪਾ ਭਾਵ (ਅਪਣੱਤ)।ਗਵਾਇ–ਗਵਾ ਕੇ।੨੨।ਖਿੰਚੋਤਾਣਿ–ਕਸ਼ਮਕਸ਼; ਖਿਚਾ ਖਿਚੀ; ਝਗੜਾ; ਦੁਬਿਧਾ।ਵਿਗੁਚੀਐ–ਖੱਜਲ ਖੁਆਰ ਹੋਈਦਾ ਹੈ।ਏਕਸੁ ਸਿਉ–ਇਕ ਹਰੀ ਨਾਲ।ਲਿਵ ਲਾਇ–ਧਿਆਨ ਲਾ ਲੈ।ਸਚਿ–ਸੱਚੇ ਹਰੀ ਵਿਚ। ਰਹੈ ਸਮਾਇ–ਲੀਨ ਰਹਿੰਦਾ ਹੈ।੨੩।ਨੋ–ਨੂੰ।ਸਿ–ਉਹ।ਭਾਇਰਾ–ਭਰਾ।ਸਚੈ ਸਬਦਿ–ਸੱਚੇ ਗੁਰੂ ਦੇ ਸ਼ਬਦ ਵਿਚ।ਲਗੰਨਿ–ਲੱਗੇ ਹਨ।ਸੇ–ਉਹ।ਦਰਿ ਸਚੈ–ਸੱਚੇ ਪ੍ਰਭੂ ਦੇ ਦਰਬਾਰ ਵਿਚ।ਦਿਸੰਨਿ–ਦਿਸਦੇ ਹਨ।੨੪।ਸੇਵੰਨਿ–ਸਿਮਰਦੇ ਹਨ।ਵਿਕਣਿ–ਵਿਕ ਜਾਣ (ਛਡ ਦੇਣ) ਕਰਕੇ।ਪਲਰਨਿ–ਪਰਾਲੀ (ਭੋ ਜਾਂ ਫੋਗ) ਵਾਂਗ।ਸਾਝ–ਭਾਈਵਾਲੀ; ਹਿੱਸੇਦਾਰੀ।੨੫।ਊਪਜੈ–ਪੈਦਾ ਹੁੰਦਾ ਹੈ।ਕਰੇਨਿ–ਕਰਦੇ ਹਨ।ਵਣੰਜਹਿ–ਖ੍ਰੀਦਦੇ ਹਨ।ਸਿਉ–ਨਾਲ।ਲਾਹਾ–ਲਾਭ।ਲਏਨਿ–ਲੈਂਦੇ ਹਨ।੨੬।ਸੁਇਨਾ–ਸੋਨਾ।ਰੁਪਾ–ਚਾਂਦੀ।ਸੰਚੀਐ–ਇਕੱਠਾ ਕਰੀਦਾ ਹੈ।ਵਿਣੁ ਨਾਵੈ–ਨਾਮ ਤੋਂ ਬਿਨਾ।ਨ ਚਲਸੀ–ਨਹੀਂ ਜਾਂਦਾ।ਸਭ–ਸਾਰੀ (ਦੁਨੀਆਂ)।ਮੁਠੀ–ਲੁੱਟ ਲਈ।ਜਮ ਕਾਲਿ–ਕਾਲ ਕਰਨ ਵਾਲੇ ਜਮ ਨੇ।੨੭।

ਮਨ ਕਾ ਤੋਸਾ ਹਰਿ ਨਾਮੁ ਹੈ, ਹਿਰਦੈ ਰਖਹੁ ਸਮ੍ਹਾਲਿ ॥ ਏਹੁ ਖਰਚੁ ਅਖੁਟੁ ਹੈ, ਗੁਰਮੁਖਿ ਨਿਬਹੈ ਨਾਲਿ ॥੨੮॥ ਏ ਮਨ ਮੂਲਹੁ ਭੁਲਿਆ, ਜਾਸਹਿ ਪਤਿ ਗਵਾਇ ॥ ਇਹੁ ਜਗਤੁ ਮੋਹਿ ਦੂਜੈ ਵਿਆਪਿਆ, ਗੁਰਮਤੀ ਸਚੁ ਧਿਆਇ ॥੨੯॥ ਹਰਿ ਕੀ ਕੀਮਤਿ ਨ ਪਵੈ, ਹਰਿ ਜਸੁ ਲਿਖਣੁ ਨ ਜਾਇ ॥ ਗੁਰ ਕੈ ਸਬਦਿ ਮਨੁ ਤਨੁ ਰਪੈ, ਹਰਿ ਸਿਉ ਰਹੈ ਸਮਾਇ ॥੩੦॥ ਸੋ ਸਹੁ ਮੇਰਾ ਰੰਗੁਲਾ ,ਰੰਗੇ ਸਹਜਿ ਸੁਭਾਇ ॥ ਕਾਮਣਿ ਰੰਗੁ ਤਾ ਚੜੈ, ਜਾ ਪਿਰ ਕੈ ਅੰਕਿ ਸਮਾਇ ॥੩੧॥ ਚਿਰੀ ਵਿਛੁੰਨੇ ਭੀ ਮਿਲਨਿ, ਜੋ ਸਤਿਗੁਰੁ ਸੇਵੰਨਿ ॥ ਅੰਤਰਿ ਨਵ ਨਿਧਿ ਨਾਮੁ ਹੈ, ਖਾਨਿ ਖਰਚਨਿ ਨ ਨਿਖੁਟਈ, ਹਰਿ ਗੁਣ ਸਹਜਿ ਰਵੰਨਿ ॥੩੨॥ ਨਾ ਓਇ ਜਨਮਹਿ ਨਾ ਮਰਹਿ, ਨਾ ਓਇ ਦੁਖ ਸਹੰਨਿ ॥ ਗੁਰਿ ਰਾਖੇ ਸੇ ਉਬਰੇ, ਹਰਿ ਸਿਉ ਕੇਲ ਕਰੰਨਿ ॥੩੩॥ ਸਜਣ ਮਿਲੇ ਨ ਵਿਛੁੜਹਿ, ਜਿ ਅਨਦਿਨੁ ਮਿਲੇ ਰਹੰਨਿ ॥ ਇਸੁ ਜਗ ਮਹਿ ਵਿਰਲੇ ਜਾਣੀਅਹਿ, ਨਾਨਕ ਸਚੁ ਲਹੰਨਿ ॥੩੪॥੧॥੩॥ (ਹੇ ਭਾਈ! ਪ੍ਰਲੋਕ ਦੇ ਰਸਤੇ ਵਿਚ ਕੰਮ ਆਉਣ ਵਾਲਾ) ਮਨ ਦਾ ਖਰਚ ਹਰੀ ਦਾ ਨਾਮ ਹੈ, (ਇਸ ਨੂੰ ਅਪਣੇ) ਹਿਰਦੇ ਵਿਚ ਸੰਭਾਲ ਕੇ ਰੱਖੋ।ਏਹ ਖਰਚ ਮੁੱਕਣ ਵਾਲਾ ਨਹੀਂ, (ਪ੍ਰਲੋਕ ਦੇ ਰਸਤੇ ਵਿਚ ਇਹ) ਗੁਰਮੁਖਾਂ ਦੇ ਨਾਲ ਨਿਭਦਾ ਹੈ।੨੮।ਹੇ ਮਨ! ਤੂੰ ਜਗਤ ਦੇ ਮੂਲ ਪ੍ਰਭੂ ਤੋਂ ਭੁੱਲਿਆ ਹੋਇਆ ਹੈਂ, (ਇਸ ਕਰਕੇ ਤੂੰ ਏਥੋਂ ਅਪਣੀ) ਇੱਜਤ ਗੁਆ ਕੇ ਜਾਏਂਗਾ।ਇਹ ਜਗਤ ਮੋਹ ਕਰਕੇ ਦੂਜੇ ਭਾਵ ਵਿਚ ਫਸਿਆ ਹੋਇਆ ਹੈ, (ਪਰ ਤੂੰ ਇਸ ਦੇ ਮੋਹ ਨੂੰ ਛਡ ਕੇ) ਗੁਰੂ ਦੀ ਸਿੱਖਿਆ ਅਨੁਸਾਰ ਸੱਚੇ ਨਾਮ ਨੂੰ ਸਿਮਰ।੨੯।(ਹੇ ਭਾਈ! ਕਿਸੇ ਪਾਸੋਂ) ਹਰੀ ਦੀ ਕੀਮਤ ਨਹੀਂ ਪੈ ਸਕਦੀ ਅਤੇ ਨਾ ਹੀ ਹਰੀ ਦਾ (ਸੰਪੂਰਨ) ਜਸ ਲਿਖਿਆ ਜਾ ਸਕਦਾ ਹੈ।(ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਵਿਚ ਅਪਣੇ ਮਨ ਤੇ ਤਨ ਨੂੰ ਰੰਗ ਲੈਂਦਾ ਹੈ, ਉਹ ਹਰੀ ਨਾਲ ਲੀਨ ਹੋਇਆ ਰਹਿੰਦਾ ਹੈ।੩੦।ਉਹ ਮੇਰਾ ਮਾਲਕ ਖੁਸ਼ੀਆਂ ਦੇਣ ਵਾਲਾ ਹੈ, ਸਹਿਜ ਸੁਭਾਵਕ ਹੀ (ਉਹ ਸਿੱਖ ਦੇ ਮਨ ਨੂੰ ਅਪਣੇ ਪ੍ਰੇਮ ਵਿਚ) ਰੰਗ ਦੇਂਦਾ ਹੈ।ਜੀਵ ਇਸਤ੍ਰੀ (ਦੇ ਮਨ ਉਤੇ ਪ੍ਰੇਮ ਦਾ) ਰੰਗ ਤਾਂ ਚੜ੍ਹਦਾ ਹੈ, ਜਦੋਂ (ਉਹ) ਪਤੀ ਪ੍ਰਭੂ ਦੇ ਸਰੂਪ ਵਿਚ ਸਮਾ ਜਾਂਦੀ ਹੈ।੩੧।ਜੋ ਮਨੁੱਖ ਸਤਿਗੁਰੂ ਦੀ ਸੇਵਾ ਕਰਦੇ ਹਨ, ਉਹ ਚਿਰਾਂ ਤੋਂ ਵਿਛੜੇ ਹੋਏ ਵੀ (ਪ੍ਰਭੂ ਨੂੰ ਆ) ਮਿਲਦੇ ਹਨ।(ਉਨ੍ਹਾਂ ਦੇ) ਹਿਰਦੇ ਅੰਦਰ ਨਉਂ ਨਿਧੀਆਂ ਦਾ ਦਾਤਾ ਨਾਮ ਹੈ, (ਉਹ ਇਸੇ ਨੂੰ) ਖਾਂਦੇ ਤੇ ਖਰਚਦੇ ਹਨ (ਆਪ ਜਪਦੇ ਹਨ ਤੇ ਹੋਰਨਾਂ ਨੂੰ ਜਪਾਉਂਦੇ ਹਨ, ਫਿਰ ਵੀ) ਮੁਕਦਾ ਨਹੀਂ, (ਉਹ) ਸਹਜੇ ਹੀ ਹਰੀ ਦੇ ਗੁਣ ਉਚਾਰਦੇ ਹਨ।੩੨।ਉਹ ਮਨੁੱਖ ਨਾ ਜੰਮਦੇ ਹਨ, ਨਾ ਹੀ ਮਰਦੇ ਹਨ ਅਤੇ ਨਾ ਹੀ ਦੁਖ ਸਹਿੰਦੇ ਹਨ।(ਜਿਨ੍ਹਾਂ ਮਨੁੱਖਾਂ ਦੀ) ਰੱਖਿਆ ਗੁਰੂ ਨੇ ਕੀਤੀ ਹੈ, ਉਹ (ਜਨਮ ਮਰਨ ਦੇ ਗੇੜ ਤੋਂ) ਬਚ ਗਏ ਹਨ ਅਤੇ ਪ੍ਰਭੂ ਨਾਲ ਮਿਲ ਕੇ ਅਨੰਦ ਮਾਣਦੇ ਹਨ।੩੩।ਜਿਹੜੇ ਸੱਜਣ ਹਰ ਰੋਜ ਪ੍ਰਭੂ ਨਾਲ ਮਿਲੇ ਰਹਿੰਦੇ ਹਨ, ਉਹ ਮਿਲੇ ਹੋਏ

ਪ੍ਰਭੂ ਨਾਲੋਂ ਕਦੇ ਵਿਛੜਦੇ ਨਹੀਂ। ਨਾਨਕ ਗੁਰੂ ਜੀ ਆਖਦੇ ਹਨ ਕਿ ਇਸ ਜਗਤ ਵਿਚ ਅਜੇਹੇ ਵਿਰਲੇ ਮਨੁੱਖ ਜਾਣੇ ਜਾਂਦੇ ਹਨ, ਜਿਹੜੇ ਸੱਚ ਸਰੂਪ ਪ੍ਰਮਾਤਮਾ ਨੂੰ ਲੱਭ ਲੈਂਦੇ ਹਨ।੩੪।੧।੩।

ਪਦਾਰਥ = ਤੋਸਾ–(ਪ੍ਰਲੋਕ ਦੇ ਰਸਤਾ ਦਾ) ਖਰਚ। ਹਿਰਦੈ–ਹਿਰਦੇ ਵਿਚ। ਸਮ੍ਹਾਲਿ–ਸੰਭਾਲ ਕੇ। ਅਖੁਟੁ–ਨਾ ਮੁੱਕਣ ਵਾਲਾ।੨੮। ਮੂਲਹੁ–ਜਗਤ ਦੇ ਮੂਲ ਪ੍ਰਭੂ ਤੋਂ। ਜਾਸਹਿ–ਜਾਵੇਂਗਾ। ਪਤਿ ਗਵਾਇ–ਇੱਜਤ ਗਵਾ ਕੇ। ਵਿਆਪਿਆ–ਫਸਿਆ ਹੋਇਆ ਹੈ। ਮੋਹਿ ਦੂਜੈ–ਮੋਹ ਕਰਕੇ ਦੂਜੇ ਭਾਵ ਵਿਚ। ਗੁਰਮਤੀ–ਗੁਰੂ ਦੀ ਸਿੱਖਿਆ ਅਨੁਸਾਰ। ਕੈ ਸਬਦਿ–ਦੇ ਸ਼ਬਦ ਵਿਚ। ਰਪੈ–ਰੰਗ ਲੈਂਦਾ ਹੈ। ਸਿਉ–ਨਾਲ। ਰਹੈ ਸਮਾਇ–ਲੀਨ ਰਹਿੰਦਾ ਹੈ।੩੦। ਸੋ–ਉਹ। ਸਹੁ–ਮਾਲਕ। ਰੰਗੁਲਾ–ਖੁਸ਼ੀਆਂ ਦੇਣ ਵਾਲਾ। ਸਹਜਿ ਸੁਭਾਇ–ਸਹਿਜ ਸੁਭਾਵਕ; ਕੁਦਰਤੀ। ਕਾਮਣਿ–ਜੀਵ ਇਸਤ੍ਰੀ। ਰੰਗੁ–ਪ੍ਰੇਮ ਦਾ ਰੰਗ। ਤਾ–ਤਾਂ; ਤਦੋਂ। ਜਾ–ਜਦੋਂ। ਪਿਰ ਕੈ–ਪਤੀ ਪ੍ਰਭੂ ਦੇ। ਅੰਕਿ–ਗੋਦ (ਸਰੂਪ) ਵਿਚ।੩੧। ਚਿਰੀ–ਚਿਰਾਂ ਤੋਂ। ਵਿਛੁੰਨੇ–ਵਿਛੜੇ ਹੋਏ। ਮਿਲਨਿ–ਮਿਲਦੇ ਹਨ। ਸੇਵੰਨਿ–ਸੇਵਾ ਕਰਦੇ ਹਨ। ਅੰਤਰਿ–ਹਿਰਦੇ ਅੰਦਰ। ਨਵਨਿਧਿ–ਦੁਨੀਆਂ ਦੇ ਸਾਰੇ ਨਉਂ ਖਜਾਨੇ। ਖਾਨਿ–ਖਾਂਦੇ ਹਨ। ਖਰਚਨਿ–ਖਰਚਦੇ ਹਨ। ਨ ਨਿਖੁਟਈ–ਮੁੱਕਦਾ ਨਹੀਂ। ਰਵੰਨਿ–ਉਚਾਰਦੇ (ਗਾਉਂਦੇ) ਹਨ।੩੨। ਓਇ–ਉਹ। ਸਹੰਨਿ–ਸਹਿੰਦੇ ਹਨ। ਗੁਰਿ–ਗੁਰੂ ਨੇ। ਰਾਖੇ–ਰੱਖਿਆ ਕੀਤੀ। ਸੇ–ਉਹ। ਉਬਰੇ–ਬਚ ਗਏ। ਕੇਲ ਕਰੰਨਿ–ਅਨੰਦ ਮਾਣਦੇ ਹਨ।੩੩। ਸਜਣ–ਸ੍ਰੇਸਟ ਪੁਰਖ। ਜਿ–ਜਿਹੜੇ। ਅਨਦਿਨੁ–ਹਰ ਰੋਜ। ਰਹੰਨਿ–ਰਹਿੰਦੇ ਹਨ। ਜਗ ਮਹਿ–ਜਗਤ ਵਿਚ। ਜਾਣੀਅਹਿ–ਜਾਣੇ ਜਾਂਦੇ ਹਨ। ਲਹੰਨਿ–ਲੱਭ ਲੈਂਦੇ ਹਨ।੩੪।੧।੩।

ਸੂਹੀ ਮਹਲਾ ੩ ॥ ਹਰਿ ਜੀ ਸੂਖਮੁ ਅਗਮੁ ਹੈ, ਕਿਤੁ ਬਿਧਿ ਮਿਲਿਆ ਜਾਇ ॥ ਗੁਰ ਕੈ ਸਬਦਿ ਭ੍ਰਮੁ ਕਟੀਐ, ਅਚਿੰਤੁ ਵਸੈ ਮਨਿ ਆਇ ॥੧॥ ਗੁਰਮੁਖਿ ਹਰਿ ਹਰਿ ਨਾਮੁ ਜਪੰਨਿ ॥ ਹਉ ਤਿਨ ਕੈ ਬਲਿਹਾਰਣੈ, ਮਨਿ ਹਰਿ ਗੁਣ ਸਦਾ ਰਵੰਨਿ ॥੧॥ਰਹਾਉ॥ ਗੁਰੁ ਸਰਵਰੁ ਮਾਨਸਰੋਵਰੁ ਹੈ, ਵਡਭਾਗੀ ਪੁਰਖ ਲਹੰਨ੍ਹਿ ॥ (ਹੇ ਭਾਈ!) ਹਰੀ ਸੂਖਮ (ਅਦਿੱਖ) ਅਤੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, (ਦੱਸੋ ਹਰੀ ਨੂੰ) ਕਿਸ ਵਿਧੀ ਨਾਲ ਮਿਲਿਆ ਜਾਵੇ? (ਉਤਰ) ਗੁਰੂ ਦੇ ਸ਼ਬਦ ਵਿਚ ਜੁੜ ਕੇ (ਜਦੋਂ ਮਨ ਵਿਚੋਂ) ਭਰਮ ਕੱਟਿਆ ਜਾਵੇ, ਤਾਂ ਉਹ ਅਚਨਚੇਤ (ਮਨੁੱਖ ਦੇ) ਮਨ ਵਿਚ ਆ ਵਸਦਾ ਹੈ।੧।(ਹੇ ਭਾਈ!) ਗੁਰਮੁਖ ਹਰਿ ਹਰਿ ਨਾਮ ਜਪਦੇ ਹਨ। ਮੈਂ ਉਨ੍ਹਾਂ (ਗੁਰਮੁਖਾਂ) ਦੇ ਸਦਕੇ ਜਾਂਦਾ ਹਾਂ, (ਜਿਹੜੇ) ਮਨ ਕਰਕੇ ਸਦਾ ਹਰੀ ਦੇ ਗੁਣ ਗਾਉਂਦੇ ਹਨ।੧। ਰਹਾਉ। (ਹੇ ਭਾਈ!) ਗੁਰੂ ਸਰੋਵਰ ਹੈ, ਮਾਨ ਸਰੋਵਰ ਹੈ, ਵੱਡੇ ਭਾਗਾਂ ਵਾਲੇ ਪੁਰਖ (ਐਸੇ ਗੁਰੂ ਨੂੰ) ਲੱਭ ਲੈਂਦੇ ਹਨ।

ਅੰਗ ੭੫੭ = ਸੇਵਕ ਗੁਰਮੁਖਿ ਖੋਜਿਆ, ਸੇ ਹੰਸੁਲੇ ਨਾਮੁ ਲਹੰਨਿ ॥੨॥ ਨਾਮੁ ਧਿਆਇਨ੍ਹਿ ਰੰਗਿ ਸਿਉ ,ਗੁਰਮੁਖਿ ਨਾਮਿ ਲਗੰਨ੍ਹਿ ॥ ਧੁਰਿ ਪੂਰਬਿ ਹੋਵੈ ਲਿਖਿਆ, ਗੁਰ ਭਾਣਾ ਮੰਨਿ ਲਏਨ੍ਹਿ ॥੩॥ ਵਡਭਾਗੀ ਘਰੁ ਖੋਜਿਆ, ਪਾਇਆ ਨਾਮੁ ਨਿਧਾਨੁ ॥ ਗੁਰਿ ਪੂਰੈ ਵੇਖਾਲਿਆ, ਪ੍ਰਭੁ ਆਤਮ ਰਾਮੁ ਪਛਾਨੁ ॥੪॥ ਗੁਰਮੁਖ ਸੇਵਕਾਂ ਨੇ (ਉਸ ਮਾਨਸਰੋਵਰ ਰੂਪ ਗੁਰੂ ਨੂੰ) ਖੋਜ ਲਿਆ ਹੈ ਅਤੇ ਉਹ ਹੰਸ (ਗੁਰਮੁਖ, ਗੁਰੂ ਰੂਪ ਮਾਨ ਸਰੋਵਰ ਵਿਚੋਂ) ਨਾਮ ਰੂਪ ਮੋਤੀ ਲੱਭ ਲੈਂਦੇ ਹਨ।੨।(ਗੁਰਮੁਖ) ਪ੍ਰੇਮ ਨਾਲ ਹਰੀ ਦਾ ਨਾਮ ਸਿਮਰਦੇ ਹਨ, (ਉਹ) ਗੁਰੂ ਦੀ ਸ਼ਰਣ ਵਿਚ ਪੈ ਕੇ ਨਾਮ ਵਿਚ ਲਗਦੇ ਹਨ। (ਜਿਨ੍ਹਾਂ ਦੇ ਭਾਗਾਂ ਵਿਚ) ਪਹਿਲਾਂ ਹੀ ਧਰ ਤੋਂ ਲਿਖਿਆ ਹੁੰਦਾ ਹੈ, ਉਹ ਗੁਰੂ ਦਾ ਭਾਣਾ ਮੰਨ ਲੈਂਦੇ ਹਨ।੩।(ਹੇ ਭਾਈ! ਜਿਸ) ਵੱਡੇ ਭਾਗਾਂ ਵਾਲੇ ਮਨੁੱਖ ਨੇ ਅਪਣੇ ਹਿਰਦੇ ਘਰ ਨੂੰ ਖੋਜਿਆ ਹੈ, (ਉਸ ਨੇ) ਨਾਮ ਰੂਪ ਖਜਾਨਾ ਪਾਇਆ ਹੈ। (ਉਸ ਨੂੰ ਹਿਰਦੇ ਵਿਚ ਨਾਮ ਖਜਾਨਾ) ਪੂਰੇ ਗੁਰੂ ਨੇ ਦਿਖਾਇਆ ਹੈ, (ਹੇ ਭਾਈ! ਤੁਸੀਂ ਅਪਣੀ) ਆਤਮਾ ਨੂੰ ਸਰਬ ਵਿਆਪਕ ਪ੍ਰਭੂ ਦੀ ਅੰਸ ਪਛਾਣੋ (ਸਮਝੋ)।੪।

ਪਦਾਰਥ = ਸੂਖਮੁ–ਜੋ ਅੱਖਾਂ ਨਾਲ ਦੇਖਿਆ ਨਾ ਜਾ ਸਕੇ (ਅਦਿੱਖ)। ਅਗਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ; ਕਠਨ। ਕਿਤੁ ਬਿਧਿ–ਕਿਸ ਤਰੀਕੇ ਨਾਲ। ਕੈ–ਦੇ। ਅਚਿੰਤੁ–ਅਚਨਚੇਤ; ਆਪਣੇ ਆਪ; ਨਿਰਯਤਨ; ਸੁਤੇ ਸਿਧ; ਚਿੰਤਾ ਰਹਿਤ ਪ੍ਰਭੂ। ਮਨਿ–ਮਨ ਵਿਚ।੧। ਗੁਰਮੁਖਿ–ਗੁਰੂ ਦੇ ਦੱਸੇ ਰਸਤੇ ਤੇ ਚੱਲਣ ਵਾਲਾ ਮਨੁੱਖ। ਹਉ–ਮੈਂ। ਤਿਨ ਕੈ–ਉਨ੍ਹਾਂ ਦੇ। ਬਲਿਹਾਰਣੈ–ਸਦਕੇ ਜਾਂਦਾ ਹਾਂ। ਰਵੰਨਿ–ਉਚਾਰਦੇ (ਗਾਉਂਦੇ) ਹਨ।੧। ਰਹਾਉ। ਸਰਵਰੁ–ਸਰੋਵਰ। ਵਡਭਾਗੀ–ਵੱਡੇ ਭਾਗਾਂ ਵਾਲੇ। ਲਹੰਨ੍ਹਿ–ਲੱਭਦੇ ਹਨ। ਸੇ–ਉਹ। ਹੰਸੁਲੇ–ਹੰਸ।੨। ਧਿਆਇਨ੍ਹਿ–ਸਿਮਰਦੇ ਹਨ। ਰੰਗ ਸਿਉ–ਪ੍ਰੇਮ ਨਾਲ। ਨਾਮਿ–ਨਾਮ ਵਿਚ। ਧੁਰਿ–ਧੁਰ ਦਰਗਾਹ ਤੋਂ। ਪੂਰਬਿ–ਪਹਿਲਾਂ ਹੀ। ਭਾਣਾ–ਰਜ਼ਾ; ਆਗਿਆ। ਮੰਨਿ ਲਏਨ੍ਹਿ–ਮੰਨ ਲੈਂਦੇ ਹਨ।੩। ਘਰੁ–ਹਿਰਦੇ ਘਰ ਨੂੰ। ਨਾਮੁ ਨਿਧਾਨੁ–ਨਾਮ ਰੂਪ ਖਜਾਨਾ। ਗੁਰਿ ਪੂਰੈ–ਪੂਰੇ ਗੁਰੂ ਨੇ। ਪ੍ਰਭੁ ਆਤਮ ਰਾਮੁ–ਆਤਮਾ ਸਰਬ ਵਿਆਪਕ ਪ੍ਰਭੂ ਦੀ ਅੰਸ ਹੈ।੪।

ਸਭਨਾ ਕਾ ਪ੍ਰਭੁ ਏਕੁ ਹੈ, ਦੂਜਾ ਅਵਰੁ ਨ ਕੋਇ ॥ ਗੁਰ ਪਰਸਾਦੀ ਮਨਿ ਵਸੈ, ਤਿਤੁ ਘਟਿ ਪਰਗਟੁ ਹੋਇ ॥੫॥ ਸਭੁ ਅੰਤਰਜਾਮੀ ਬ੍ਰਹਮੁ ਹੈ, ਬ੍ਰਹਮੁ ਵਸੈ ਸਭ ਥਾਇ ॥ ਮੰਦਾ ਕਿਸ ਨੋ ਆਖੀਐ, ਸਬਦਿ ਵੇਖਹੁ ਲਿਵ ਲਾਇ ॥੬॥ ਬੁਰਾ ਭਲਾ ਤਿਚਰੁ ਆਖਦਾ, ਜਿਚਰੁ ਹੈ ਦੁਹੁ ਮਾਹਿ ॥ ਗੁਰਮੁਖਿ ਏਕੋ ਬੁਝਿਆ, ਏਕਸੁ ਮਾਹਿ ਸਮਾਇ ॥੭॥ ਸੇਵਾ ਸਾ ਪ੍ਰਭ ਭਾਵਸੀ, ਜੋ ਪ੍ਰਭੁ ਪਾਏ ਥਾਇ ॥ ਜਨ ਨਾਨਕ ਹਰਿ ਆਰਾਧਿਆ, ਗੁਰ ਚਰਣੀ ਚਿਤੁ ਲਾਇ ॥੮॥੨॥੪॥੯॥ (ਹੇ ਭਾਈ!) ਸਾਰੇ ਜੀਵਾਂ ਦਾ ਮਾਲਕ ਇਕ ਪ੍ਰਭੂ ਹੀ ਹੈ, ਹੋਰ ਦੂਜਾ ਕੋਈ ਨਹੀਂ। ਗੁਰੂ ਦੀ ਕ੍ਰਿਪਾ ਨਾਲ (ਉਹ ਪ੍ਰਭੂ ਜਿਸ ਮਨੁੱਖ ਦੇ) ਮਨ ਵਿਚ ਵਸ ਜਾਂਦਾ ਹੈ, ਉਸ ਦੇ ਹਿਰਦੇ ਵਿਚੋਂ ਹੀ ਪ੍ਰਗਟ ਹੋ ਜਾਂਦਾ ਹੈ।੫।(ਉਹ ਜਾਣ ਲੈਂਦਾ ਹੈ ਕਿ) ਬ੍ਰਹਮ ਸਭ ਜੀਵਾਂ ਦੇ ਅੰਦਰ ਦੀ ਜਾਨਣ ਵਾਲਾ ਹੈ ਅਤੇ ਬ੍ਰਹਮ ਸਭ ਥਾਵਾਂ ਤੇ ਵਸਦਾ ਹੈ।(ਹੇ ਭਾਈ! ਤੁਸੀਂ ਵੀ) ਸ਼ਬਦ ਵਿਚ ਲਿਵ ਲਾ ਕੇ ਦੇਖ ਲਵੋ, (ਸਭ ਵਿਚ ਹਰੀ ਦਿਸੇਗਾ, ਫਿਰ) ਮੰਦਾ ਕਿਸ ਨੂੰ ਕਿਹਾ ਜਾਵੇ?।੬।(ਹੇ ਭਾਈ! ਮਨੁੱਖ ਕਿਸੇ ਨੂੰ) ਬੁਰਾ ਤੇ ਕਿਸੇ ਨੂੰ ਭਲਾ ਉਤਨਾ ਚਿਰ ਹੀ ਆਖਦਾ ਹੈ, ਜਿੰਨਾ ਚਿਰ ਉਹ ਦੁਚਿੱਤੇਪਣ ਵਿਚ ਹੈ।(ਜਿਸ) ਗੁਰਮੁਖ ਨੇ (ਬੁਰੇ ਭਲੇ ਸਭ ਜੀਵਾਂ ਵਿਚ) ਇਕ ਪ੍ਰਭੂ ਨੂੰ ਵਸਦਾ ਸਮਝਿਆ ਹੈ, ਉਹ ਇਕ ਪ੍ਰਭੂ ਵਿਚ ਸਮਾ ਜਾਂਦਾ ਹੈ।੭।(ਹੇ ਭਾਈ!) ਉਹ ਸੇਵਾ ਪ੍ਰਭੂ ਨੂੰ ਚੰਗੀ ਲਗਦੀ ਹੈ, ਜਿਹੜੀ (ਸੇਵਾ) ਪ੍ਰਭੂ ਪ੍ਰਵਾਨ ਕਰ ਲਵੇ। ਦਾਸ ਨਾਨਕ ਨੇ ਗੁਰੂ ਦੇ ਚਰਨਾਂ ਵਿਚ ਚਿਤ ਲਾ (ਜੋੜ) ਕੇ ਹਰੀ ਨੂੰ ਸਿਮਰਿਆ ਹੈ।੮।੨।੪।੯।

ਪਦਾਰਥ = ਸਭਨਾ ਕਾ–ਸਾਰੇ ਜੀਵਾਂ ਦਾ। ਅਵਰੁ–ਹੋਰ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਮਨਿ–ਮਨ ਵਿਚ। ਤਿਤੁ ਘਟਿ–ਉਸ ਹਿਰਦੇ ਵਿਚ।੫। ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ। ਬ੍ਰਹਮੁ–ਪ੍ਰਭੂ। ਸਭ ਥਾਇ–ਸਭ ਥਾਵਾਂ ਵਿਚ। ਕਿਸ ਨੋ–ਕਿਸ ਨੂੰ। ਸਬਦਿ–ਸ਼ਬਦ ਵਿਚ। ਲਿਵ ਲਾਇ–ਸੁਰਤ ਲਾ (ਜੋੜ) ਕੇ।੬। ਤਿਚਰੁ–ਉਤਨਾ ਚਿਰ। ਜਿਚਰੁ–ਜਿੰਨਾ ਚਿਰ। ਦੁਹੁ ਮਾਹਿ–ਦੁਚਿੱਤੇਪਣ ਵਿਚ; ਬੁਰੇ ਭਲੇ ਵਾਲੇ ਖਿਆਲ ਵਿਚ। ਬੁਝਿਆ–ਸਮਝਿਆ ਹੈ। ਸਮਾਇ–ਮਿਲ ਜਾਂਦਾ ਹੈ।੭। ਸਾ–ਉਹ। ਭਾਵਸੀ–ਚੰਗੀ ਲਗਦੀ ਹੈ। ਪਾਏ ਥਾਇ–ਪ੍ਰਵਾਨ ਕਰ ਲਵੇ। ਜਨ–ਦਾਸ। ਚਰਣੀ–ਚਰਨਾਂ ਵਿਚ।੮।੨।੪।੯।

ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ, ਹਉ ਤਿਸੁ ਪਹਿ ਆਪੁ ਵੇਚਾਈ ॥੧॥ ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ, ਹਰਿ ਹਰਿ ਨਾਮੁ ਧਿਆਈ ॥੧॥ਰਹਾਉ॥ ਜੇ ਸੁਖੁ ਦੇਹਿ ਤ ਤੁਝਹਿ ਅਰਾਧੀ, ਦੁਖਿ ਭੀ ਤੁਝੈ ਧਿਆਈ ॥੨॥ ਜੇ ਭੁਖ ਦੇਹਿ ਤ ਇਤਹੀ ਰਾਜਾ, ਦੁਖ ਵਿਚਿ ਸੂਖ ਮਨਾਈ ॥੩॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ, ਵਿਚਿ ਅਗਨੀ ਆਪੁ ਜਲਾਈ ॥੪॥ ਪਖਾ ਫੇਰੀ ਪਾਣੀ ਢੋਵਾ, ਜੋ ਦੇਵਹਿ ਸੋ ਖਾਈ ॥੫॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ, ਹਰਿ ਮੇਲਿ ਲੈਹੁ ਵਡਿਆਈ ॥੬॥ ਅਖੀ ਕਾਢਿ ਧਰੀ ਚਰਣਾ ਤਲਿ, ਸਭ ਧਰਤੀ ਫਿਰਿ ਮਤਿ ਪਾਈ ॥੭॥ ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ, ਜੇ ਮਾਰਿ ਕਢਹਿ ਭੀ ਧਿਆਈ ॥੮॥ ਜੇ ਲੋਕੁ ਸਲਾਹੇ ਤਾ ਤੇਰੀ ਉਪਮਾ, ਜੇ ਨਿੰਦੈ ਤ ਛੋਡਿ ਨ ਜਾਈ ॥੯॥ ਜੇ ਤੁਧੁ ਵਲਿ ਰਹੈ ਤ ਕੋਈ ਕਿਹੁ ਆਖਉ ,ਤੁਧੁ ਵਿਸਰਿਐ ਮਰਿ ਜਾਈ ॥੧੦॥ (ਹੇ ਭਾਈ!) ਕੋਈ (ਗੁਰਮੁਖ) ਆਣ ਕਰਕੇ ਮੈਨੂੰ ਮੇਰਾ ਪਿਆਰਾ ਪ੍ਰੀਤਮ ਸਤਿਗੁਰੂ ਮਿਲਾ ਦੇਵੇ ,ਤਾਂ ਮੈਂ ਉਸ ਪਾਸ ਆਪਣੇ ਆਪ ਨੂੰ ਵੇਚ ਦਿਆਂ (ਉਸ ਦੀ ਆਗਿਆ ਦਾ ਪਾਲਨ ਕਰਾਂ।੧। ਹੇ ਭਾਈ! ਤੂੰ ਕਿਸ ਵਾਸਤੇ ਵੇਚਣਾ ਚਾਹੁੰਦਾ ਹੈਂ? ਉਤਰ =) ਹਰੀ ਦੇ ਦਰਸ਼ਨ ਦੇਖਣ ਦੇ ਵਾਸਤੇ। ਹੇ ਪ੍ਰਭੂ! ਜੇ ਤੂੰ ਕ੍ਰਿਪਾ ਕਰੇਂ ਤਾਂ ਮੈਨੂੰ ਸਤਿਗੁਰੂ ਮਿਲਾ ਦੇਵੇਂ, (ਫਿਰ ਮੈਂ ਤੇਰਾ) ਹਰਿ ਹਰਿ ਨਾਮ ਸਿਮਰਦਾ ਰਹਾਂ।੧।ਰਹਾਉ।(ਹੇ ਪ੍ਰਭੂ!) ਜੇ ਤੂੰ ਮੈਨੂੰ ਸੁਖ ਦੇਵੇਂ, ਤਾਂ ਵੀ ਮੈਂ ਤੈਨੂੰ ਧਿਆਉਂਦਾ ਰਹਾਂ ਅਤੇ ਦੁਖ ਵਿਚ ਵੀ ਤੈਨੂੰ ਧਿਆਉਂਦਾ ਰਹਾਂ।੨। ਜੇ ਤੂੰ (ਮੈਨੂੰ) ਭੁਖ ਦੇਵੇਂ, ਤਾਂ ਮੈਂ ਇਸ ਭੁੱਖ ਵਿਚ ਹੀ ਰੱਜਿਆ ਰਹਾਂ ਅਤੇ (ਤੇਰੇ ਦਿਤੇ) ਦੁਖ ਵਿਚ ਵੀ ਸੁਖ ਮਨਾਵਾਂ (ਤੇਰੇ ਭਾਣੇ ਵਿਚ ਰਹਾਂ)।੩।(ਤੇਰੇ ਦਰਸ਼ਨ ਕਰਨ ਵਾਸਤੇ ਮੈਂ ਅਪਣਾ) ਸਰੀਰ ਕੱਟ ਕੇ ਤੇ ਮਨ ਵੀ ਕੱਟ ਕੇ ਸਭ ਕੁਛ (ਤੇਰੇ ਅੱਗੇ) ਭੇਟਾ ਕਰ ਦਿਆਂਗਾ ਅਤੇ ਅੱਗ ਵਿਚ ਅਪਣੇ ਆਪ ਨੂੰ ਜਲਾ ਦੇਵਾਂਗਾ।੪।(ਤੇਰੀ ਸਾਧ ਸੰਗਤ ਵਿਚ ਜਾ ਕੇ ਮੈਂ) ਪੱਖਾਂ ਝੱਲਾਂਗਾ, (ਉਨ੍ਹਾਂ ਦੇ ਇਸ਼ਨਾਨ ਲਈ) ਪਾਣੀ ਢੋਵਾਂਗਾ, ਜੋ ਕੁਛ ਤੂੰ ਮੈਨੂੰ ਖਾਣ ਲਈ ਦੇਵੇਂਗਾ, ਮੈਂ ਉਹ ਹੀ (ਖੁਸ਼ ਹੋ ਕੇ) ਖਾਵਾਂਗਾ।੫। ਹੇ ਹਰੀ! (ਤੇਰਾ ਦਾਸ) ਗਰੀਬ ਨਾਨਕ ਤੇਰੇ ਦੁਆਰੇ ਤੇ ਢਹਿ ਪਿਆ ਹੈ, (ਕ੍ਰਿਪਾ ਕਰਕੇ ਮੈਨੂੰ ਅਪਣੇ ਨਾਲ) ਮੇਲ ਲਵੋ, (ਇਹ ਤੇਰੀ ਹੀ) ਵਡਿਆਈ ਹੋਵੇਗੀ।੬।(ਹੇ ਪ੍ਰਭੂ! ਮੈਂ ਅਪਣੀਆਂ) ਅੱਖਾਂ ਕਢ ਕੇ ਤੇਰੇ ਚਰਨਾਂ ਥੱਲੇ ਰੱਖ ਦਿਆਂ ਅਤੇ ਸਾਰੀ ਧਰਤੀ ਫਿਰ ਕੇ (ਭਾਲ ਕਰਾਂ), ਸ਼ਾਇਦ ਮੈਂ ਤੈਨੂੰ ਪ੍ਰਾਪਤ ਕਰ ਲਵਾਂ; ਸਾਰੀ ਧਰਤੀ ਫਿਰ ਕੇ ਮੈ (ਗੁਰੂ ਪਾਸੋਂ) ਇਹ ਸਿੱਖਿਆ ਪਾਈ ਹੈ ਕਿ ਅੱਖਾਂ ਕਢ ਕੇ ਤੇਰੇ ਚਰਨਾਂ ਹੇਠ ਧਰ ਦਿਆਂ (ਸੰ.ਸ.; ਫ.ਸ.; ਇੰਗਲਿਸ਼ ਟੀਕਾ;

ਟਕਸਾਲ)।੭।(ਜੇ ਤੂੰ ਮੈਨੂੰ ਅਪਣੇ) ਪਾਸ ਬਿਠਾ ਲਵੇਂ ਤਾਂ ਤੈਨੂੰ ਅਰਾਧਦਾ ਰਹਾਂ, ਜੇ ਮਾਰ ਕੁੱਟ ਕੇ (ਮੈਨੂੰ ਅਪਣੇ ਦਰ ਤੋਂ) ਬਾਹਰ ਕੱਢ ਦੇਵੇਂ, ਤਾਂ ਵੀ ਤੈਨੂੰ ਧਿਆਵਾਂਗਾ।੮।ਜੇ ਜਗਤ ਮੇਰੀ ਸ਼ਲਾਘਾ ਕਰੇ ਤਾਂ ਮੈਂ ਇਹ ਤੇਰੀ ਹੀ ਉਪਮਾ ਸਮਝਾਂਗਾ {ਜੋ ਹਰਿ ਦਾਸਨ ਕੀ ਉਸਤਤਿ ਹੈ, ਸਾ ਹਰਿ ਕੀ ਵਡਿਆਈ ੬੫੨}, ਜੇ (ਕੋਈ ਮਨੁਖ ਮੇਰੀ) ਨਿੰਦਿਆ ਕਰੇ, ਤਾਂ ਵੀ (ਮੈਂ ਤੈਨੂੰ) ਛਡ ਕੇ (ਕਿਸੇ ਹੋਰ ਪਾਸੇ) ਨਹੀਂ ਜਾਵਾਂਗਾ।੯।ਜੇ ਤੇਰੇ ਵੱਲ ਮੇਰੀ ਪ੍ਰੀਤ ਬਣੀ ਰਹੇ, ਤਾਂ ਕੋਈ (ਮਨੁੱਖ ਜੋ ਮਰਜੀ) ਕੁਛ ਆਖੀ ਜਾਵੇ (ਮੈਨੂੰ ਪ੍ਰਵਾਹ ਨਹੀਂ, ਪਰ) ਤੈਨੂੰ ਭੁੱਲ ਜਾਣ ਨਾਲ ਮੈਂ ਮਰ ਜਾਵਾਂਗਾ।੧੦।

ਪਦਾਰਥ = ਆਣਿ–ਆ ਕੇ; ਲਿਆ ਕੇ।ਹਉ–ਮੈਂ।ਤਿਸੁ ਪਹਿ–ਉਸ ਪਾਸ।ਆਪੁ–ਆਪਣੇ ਆਪ ਨੂੰ।ਵੇਚਾਈ–ਵੇਚ ਦਿਆਂ।੧। ਕੈ ਤਾਈ–ਦੇ ਵਾਸਤੇ।ਕਰਹਿ–ਕਰੇਂ।ਮੇਲਹਿ–ਮਿਲਾ ਦੇਵੇਂ।ਧਿਆਈ–ਮੈਂ ਧਿਆਵਾਂ।੧।ਰਹਾਉ।ਦੇਹਿ–ਦੇਵੇਂ।ਤ–ਤਾਂ।ਤੁਝਹਿ– ਤੈਨੂੰ।ਅਰਾਧੀ–ਸਿਮਰਦਾ ਰਹਾਂ।੨।ਇਤਹੀ–ਇਸ ਵਿਚ ਹੀ।ਰਾਜਾ–ਰੱਜਿਆ ਰਹਾਂ।ਮਨਾਈ–ਮਨਾਵਾਂ।੩।ਤਨੁ–ਸਰੀਰ।ਸਭੁ ਅਰਪੀ–ਸਭ ਕੁਛ ਭੇਟਾ ਕਰ ਦੇਵਾਂਗਾ।ਅਗਨੀ–ਅੱਗ।ਜਲਾਈ–ਜਲਾ ਦੇਵਾਂਗਾ।੪।ਫੇਰੀ–ਫੇਰਾਂਗਾ (ਝੱਲਾਂਗਾ)।ਢੋਵਾ–ਢੋਵਾਂਗਾ। ਦੇਵਹਿ–ਦੇਵੇਂਗਾ।ਸੋ–ਉਹ ਹੀ।ਖਾਈ–ਖਾਵਾਂਗਾ।੫।ਗਰੀਬੁ–ਨਿਮਾਣਾ।ਦੁਆਰੈ–ਤੇਰੇ ਦਰ ਉਤੇ।ਵਡਿਆਈ–ਉੱਚਤਾ; ਵੱਡਾ ਪਣ; ਉਸਤਤੀ।੬।ਅਖੀ–ਅੱਖਾਂ।ਧਰੀ–ਧਰ (ਰੱਖ) ਦਿਆਂ।ਤਲਿ–ਥੱਲੇ।ਫਿਰਿ–ਫਿਰ ਕੇ।ਮਤ–ਸ਼ਾਇਦ; ਸਿੱਖਿਆ।ਪਾਈ– ਪ੍ਰਾਪਤ ਕਰ ਲਵਾਂ।੭।ਬਹਾਲਹਿ–ਬਿਠਾ ਲਵੇਂ।ਮਾਰਿ–ਮਾਰ ਕੁੱਟ ਕੇ।੮।ਲੋਕੁ–ਜਗਤ।ਸਲਾਹੇ–ਸ਼ਲਾਘਾ ਕਰੇ।ਨ ਜਾਈ–ਨਾ ਜਾਵਾਂ।੯। ਤੁਧੁ ਵਲਿ–ਤੇਰੇ ਪਾਸੇ।ਕਿਹੁ ਆਖਉ–ਕੋਈ ਕੁਛ ਆਖੀ ਜਾਵੇ।ਮਰਿ ਜਾਈ–ਮਰ ਜਾਵਾਂਗਾ।੧੦।

ਵਾਰਿ ਵਾਰਿ ਜਾਈ ਗੁਰ ਊਪਰਿ, ਪੈ ਪੈਰੀ ਸੰਤ ਮਨਾਈ ॥੧੧॥ ਨਾਨਕੁ ਵਿਚਾਰਾ ਭਇਆ ਦਿਵਾਨਾ, ਹਰਿ ਤਉ ਦਰਸਨ ਕੈ ਤਾਈ ॥੧੨॥ ਝਖੜੁ ਝਾਗੀ ਮੀਹੁ ਵਰਸੈ, ਭੀ ਗੁਰੁ ਦੇਖਣ ਜਾਈ ॥੧੩॥ ਸਮੁੰਦੁ ਸਾਗਰੁ ਹੋਵੈ ਬਹੁ ਖਾਰਾ, ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥ ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ, ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥ ਜਿਉ ਧਰਤੀ ਸੋਭ ਕਰੇ ਜਲੁ ਬਰਸੈ, ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥ (ਹੇ ਭਾਈ!) ਮੈਂ ਅਪਣੇ ਗੁਰੂ ਉਪਰੋਂ ਵਾਰ ਵਾਰ ਵਾਰਨੇ ਜਾਵਾਂ ਅਤੇ ਸੰਤ ਗੁਰੂ ਦੇ ਚਰਨਾਂ ਤੇ ਪੈ ਕੇ (ਗੁਰੂ ਨੂੰ) ਪ੍ਰਸੰਨ ਕਰਾਂ।ਹੇ ਹਰੀ! ਤੇਰੇ ਦਰਸਨ ਕਰਨ ਵਾਸਤੇ ਵਿਚਾਰਾ ਨਾਨਕ ਦਿਵਾਨਾ ਹੋਇਆ ਫਿਰਦਾ ਹੈ।੨।ਜੇ ਝੱਖੜ ਝੁਲਦਾ ਹੋਵੇ, ਤੁਫਾਨ ਚਲਦਾ ਹੋਵੇ ਅਤੇ ਮੀਂਹ ਵਰਸਦਾ ਹੋਵੇ, ਫਿਰ ਵੀ ਮੈਂ ਗੁਰੂ ਦੇ ਦਰਸ਼ਨ ਕਰਨ ਜਾਵਾਂ।ਬਹੁਤ ਖਾਰਾ ਸਮੁੰਦਰ ਸਾਗਰ ਹੋਵੇ, ਗੁਰੂ ਦਾ ਸਿੱਖ (ਉਸ ਨੂੰ) ਲੰਘ ਕੇ ਗੁਰੂ ਪਾਸ ਪੁਜ ਜਾਂਦਾ ਹੈ।੧੪।ਜਿਵੇਂ ਪ੍ਰਾਣੀ ਜਲ ਤੋਂ ਬਿਨਾ ਮਰਨ ਲਗਦਾ ਹੈ, ਤਿਵੇਂ ਸਿਖ ਗੁਰੂ ਤੋਂ ਬਿਨਾ ਮਰ ਜਾਂਦਾ ਹੈ।੧੫।ਜਿਵੇਂ ਪਾਣੀ (ਜਦੋਂ ਮੀਂਹ) ਵਰਸਦਾ ਹੈ, ਤਾਂ ਧਰਤੀ ਸੋਹਣੀ ਲਗਦੀ ਹੈ, ਤਿਵੇਂ ਗੁਰੂ ਨੂੰ ਮਿਲ ਕੇ ਸਿੱਖ ਖਿੜ ਜਾਂਦਾ ਹੈ।੧੬।

ਅੰਗ ੭੫੮ = ਸੇਵਕ ਕਾ ਹੋਇ ਸੇਵਕੁ ਵਰਤਾ, ਕਰਿ ਕਰਿ ਬਿਨਉ ਬੁਲਾਈ ॥੧੭॥ ਨਾਨਕ ਕੀ ਬੇਨੰਤੀ ਹਰਿ ਪਹਿ, ਗੁਰ ਮਿਲਿ ਗੁਰ ਸੁਖੁ ਪਾਈ ॥੧੮॥ ਤੂ ਆਪੇ ਗੁਰੁ ਚੇਲਾ ਹੈ ਆਪੇ, ਗੁਰ ਵਿਚੁ ਦੇ ਤੁਝਹਿ ਧਿਆਈ ॥੧੯॥ ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ, ਤੁਧੁ ਸੇਵਕ ਪੈਜ ਰਖਾਈ ॥੨੦॥ ਭੰਡਾਰ ਭਰੇ ਭਗਤੀ ਹਰਿ ਤੇਰੇ, ਜਿਸੁ ਭਾਵੈ ਤਿਸੁ ਦੇਵਾਈ ॥੨੧॥ (ਹੇ ਪ੍ਰਭੂ! ਕ੍ਰਿਪਾ ਕਰ, ਮੈਂ ਤੇਰੇ) ਸੇਵਕਾਂ ਦਾ ਸੇਵਕ ਹੋ ਕੇ ਵਰਤਾਂ (ਰਹਾਂ, ਅਤੇ ਉਨ੍ਹਾਂ ਨੂੰ) ਬੇਨਤੀ ਕਰ ਕਰਕੇ ਬੁਲਾਵਾਂ।੧੭।ਨਾਨਕ ਦੀ ਹਰੀ ਪਾਸ ਬੇਨਤੀ ਹੈ ਕਿ ਗੁਰੂ ਨੂੰ ਮਿਲ ਕੇ ਵੱਡਾ ਸੁਖ ਪ੍ਰਾਪਤ ਕਰਾਂ; ਗੁਰੂ ਵਾਲਾ ਹੋਣ ਦਾ ਸੁਖ ਪਾਵਾਂ (ਸ਼ਬਦਾਰਥ); ਜੋ ਸੁਖ ਗੁਰੂ ਨੂੰ ਹੈ, ਉਹ ਸੁਖ ਪਾ ਲਵਾਂ।੧੮।(ਹੇ ਪ੍ਰਭੂ!) ਮੈਂ ਗੁਰੂ ਵਿਚੋਂ ਦੀ (ਗੁਰੂ ਰਾਹੀਂ ਤੈਨੂੰ) ਧਿਆਉਂਦਾ ਹਾਂ, (ਕਿਉਂਕਿ ਜਦ) ਤੂੰ ਆਪੇ ਹੀ ਗੁਰੂ ਰੂਪ ਹੈਂ ਅਤੇ ਆਪੇ ਚੇਲਾ ਰੂਪ ਹੈਂ (ਤਦ ਗੁਰੂ ਨੂੰ ਧਿਆਉਂਦਿਆਂ ਤੈਨੂੰ ਧਿਆਇਆ ਜਾਂਦਾ ਹੈ, ਕਿਉਂਕਿ ਗੁਰੂ ਵੀ ਤੈਨੂੰ ਧਿਆ ਧਿਆ ਕੇ ਤੇਰਾ ਰੂਪ ਹੋ ਗਿਆ ਹੈ)।ਸ਼ਬਦਾਰਥ।੧੯।(ਹੇ ਪ੍ਰਭੂ!) ਜੋ ਤੈਨੂੰ ਸਿਮਰਦੇ ਹਨ, ਉਹ (ਮਨੁੱਖ) ਤੇਰਾ ਹੀ ਰੂਪ ਹੋ ਜਾਂਦੇ ਹਨ, ਤੂੰ (ਅਪਣੇ) ਸੇਵਕਾਂ ਦੀ ਲਾਜ ਰਖਦਾ ਹੈਂ।੨੦।ਹੇ ਹਰੀ! ਤੇਰੇ ਪਾਸ ਭੰਡਾਰ ਭਗਤੀ ਨਾਲ ਭਰੇ ਪਏ ਹਨ, ਜਿਸ (ਪੁਰਖ) ਨੂੰ ਤੂੰ ਚਾਹੁੰਦਾ ਹੈਂ ਉਸ ਨੂੰ (ਗੁਰੂ ਰਾਹੀਂ ਇਹ ਭੰਡਾਰ) ਦਿਵਾ ਦੇਂਦਾ ਹੈਂ।੨੧।

ਪਦਾਰਥ = ਵਾਰਿ ਵਾਰਿ ਜਾਈ–ਵਾਰ ਵਾਰ ਵਾਰਨੇ ਜਾਂਦਾ ਹਾਂ (ਇਸ ਦੇ ਦੂਹਰੇ ਅਰਥ ਹਨ)।ਪੈ ਪੈਰੀ–ਪੈਰੀਂ (ਚਰਨੀਂ) ਪੈ ਕੇ। ਸੰਤ–ਗੁਰੂ ਸੰਤ ਨੂੰ।ਮਨਾਈ–ਪ੍ਰਸੰਨ ਕਰਾਂ; ਪੂਜਾ ਕਰਾਂ।੧੧।ਦਿਵਾਨਾ–ਮਸਤਾਨਾ।ਤਉ–ਤੇਰੇ।ਕੈ ਤਾਈ–ਦੇ ਵਾਸਤੇ।੧੨। ਝਖੜੁ–ਤੇਜ ਹਨ੍ਹੇਰੀ।ਝਾਗੀ–ਤੁਫਾਨ; ਮੀਂਹ ਸਮੇਤ ਬਹੁਤ ਤੇਜ ਹਨ੍ਹੇਰੀ; ਲੰਘ ਕੇ।ਵਰਸੈ–ਵਰਸਦਾ ਹੈ।੧੩।ਬਹੁ–ਬਹੁਤ।ਪਹਿ–

ਪਾਸ। ਜਾਈ–ਜਾਂਦਾ ਹੈ।੧੪। ਜਿਉ–ਜਿਵੇਂ। ਪ੍ਰਾਣੀ–ਪ੍ਰਾਣ ਧਾਰੀ ਜੀਵ। ਹੈ ਮਰਤਾ–ਮਰਨ ਲਗਦਾ ਹੈ। ਮਰਿ ਜਾਈ–ਮਰ ਜਾਂਦਾ ਹੈ।੧੫। ਸੋਭ ਕਰੇ–ਸੋਹਣੀ ਲਗਦੀ ਹੈ; ਹਰੀ ਭਰੀ ਹੁੰਦੀ ਹੈ। ਬਰਸੈ–ਵਰ੍ਹਦਾ ਹੈ। ਬਿਗਸਾਈ–ਖਿੜ (ਖੁਸ਼ ਹੋ) ਜਾਂਦਾ ਹੈ।੧੬। ਹੋਇ–ਹੋ (ਬਣ) ਕੇ। ਵਰਤਾ–ਵਰਤਾਂ (ਰਹਾਂ; ਚੱਲਾਂ)। ਬਿਨਉ–ਬੇਨਤੀ। ਬੁਲਾਈ–ਬੁਲਾਵਾਂ।੧੭। ਗੁਰ ਮਿਲਿ–ਗੁਰੂ ਨੂੰ ਮਿਲ ਕੇ। ਗੁਰੁ ਸੁਖੁ–ਵੱਡਾ ਸੁਖ; ਗੁਰੂ ਵਾਲਾ ਸੁਖ। ਪਾਈ–ਪ੍ਰਾਪਤ ਕਰਾਂ।੧੮। ਗੁਰ ਵਿਚੁ ਦੇ–ਗੁਰੂ ਦੇ ਰਾਹੀਂ। ਤੁਝਹਿ–ਤੈਨੂੰ। ਧਿਆਈ–ਧਿਆਉਂਦਾ ਹਾਂ।੧੯। ਤੁਧੁ–ਤੈਨੂੰ। ਸੇਵਹਿ–ਸਿਮਰਦੇ ਹਨ। ਸੇ–ਉਹ। ਤੂ ਹੈ ਹੋਵਹਿ–ਤੂੰ ਹੀ ਹੋ ਜਾਂਦਾ ਹੈਂ (ਤੇਰਾ ਰੂਪ ਹੋ ਜਾਂਦਾ ਹੈ)। ਪੈਜ ਰਖਾਈ–ਇੱਜਤ ਰੱਖਦਾ ਹੈਂ।੨੦। ਭੰਡਾਰ–ਖਜਾਨੇ। ਭਾਵੈ–ਚਾਹੁੰਦਾ ਹੈਂ। ਦੇਵਾਈ–ਦਿਵਾ ਦੇਂਦਾ ਹੈਂ।੨੧।

ਜਿਸੁ ਤੂੰ ਦੇਹਿ ਸੋਈ ਜਨੁ ਪਾਏ, ਹੋਰ ਨਿਹਫਲ ਸਭ ਚਤੁਰਾਈ ॥੨੨॥ ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ, ਸੋਇਆ ਮਨੁ ਜਾਗਾਈ ॥੨੩॥ ਇਕੁ ਦਾਨੁ ਮੰਗੈ ਨਾਨਕੁ ਵੇਚਾਰਾ, ਹਰਿ ਦਾਸਨਿ ਦਾਸੁ ਕਰਾਈ ॥੨੪॥ ਜੇ ਗੁਰੁ ਝਿੜਕੇ ਤ ਮੀਠਾ ਲਾਗੈ, ਜੇ ਬਖਸੇ ਤ ਗੁਰ ਵਡਿਆਈ ॥੨੫॥ ਗੁਰਮੁਖਿ ਬੋਲਹਿ ਸੋ ਥਾਇ ਪਾਏ, ਮਨਮੁਖਿ ਕਿਛੁ ਥਾਇ ਨ ਪਾਈ ॥੨੬॥ ਪਾਲਾ ਕਕਰੁ ਵਰਫ ਵਰਸੈ, ਗੁਰਸਿਖੁ ਗੁਰ ਦੇਖਣ ਜਾਈ ॥੨੭॥ ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ, ਵਿਚਿ ਅਖੀ ਗੁਰ ਪੈਰ ਧਰਾਈ ॥੨੮॥ ਅਨੇਕ ਉਪਾਵ ਕਰੀ ਗੁਰ ਕਾਰਣਿ, ਗੁਰ ਭਾਵੈ ਸੋ ਥਾਇ ਪਾਈ ॥੨੯॥ ਰੈਣਿ ਦਿਨਸੁ ਗੁਰ ਚਰਣ ਅਰਾਧੀ, ਦਇਆ ਕਰਹੁ ਮੇਰੇ ਸਾਈ ॥੩੦॥ ਨਾਨਕ ਕਾ ਜੀਉ ਪਿੰਡੁ ਗੁਰੂ ਹੈ, ਗੁਰ ਮਿਲਿ ਤ੍ਰਿਪਤਿ ਅਘਾਈ ॥੩੧॥ ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ, ਜਤ ਕਤ ਤਤ ਗੋਸਾਈ ॥੩੨॥੧॥ (ਹੇ ਪ੍ਰਭੂ! ਭਗਤੀ ਦਾ ਖਜਾਨਾ) ਉਹ ਸੇਵਕ ਹੀ ਪ੍ਰਾਪਤ ਕਰਦਾ ਹੈ, ਜਿਸ ਨੂੰ ਤੂੰ ਆਪ ਦੇਂਦਾ ਹੈਂ, ਹੋਰ (ਵਿਦਿਆ ਦੀਆਂ) ਸਭ ਚਤਰਾਈਆਂ ਨਿਸਫਲ ਹਨ।੨੨। ਅਪਣੇ ਗੁਰੂ ਨੂੰ ਮਨ, ਬਾਣੀ ਅਤੇ ਸਰੀਰ ਦੁਆਰਾ ਸਿਮਰ ਕੇ (ਅਗਿਆਨ ਦੀ ਨੀਂਦ ਵਿਚ) ਸੁੱਤੇ ਪਏ ਮਨ ਨੂੰ ਮੈਂ ਜਗਾਉਂਦਾ ਹਾਂ।੨੩। ਹੇ ਹਰੀ! (ਤੇਰੇ ਪਾਸੋਂ) ਨਿਮਾਣਾ ਨਾਨਕ ਇਕ ਦਾਨ ਮੰਗਦਾ ਹੈ, ਮੈਨੂੰ ਅਪਣੇ ਦਾਸਾਂ ਦਾ ਦਾਸ ਬਣਾ ਦੇਹ।੨੪। (ਹੇ ਭਾਈ!) ਜੇ (ਕਿਸੇ ਗਲਤੀ ਕਰਕੇ ਮੈਨੂੰ) ਗੁਰੂ ਝਿੜਕਦਾ ਹੈ, ਤਾਂ (ਝਿੜਕ ਵਾਲਾ ਬਚਨ ਮੈਨੂੰ) ਮਿੱਠਾ ਲਗਦਾ ਹੈ, ਜੇ (ਗੁਰੂ ਮੇਰੀ ਗਲਤੀ) ਬਖਸ਼ ਦੇਵੇ, ਤਾਂ ਇਹ ਗੁਰੂ ਦਾ ਵੱਡਾਪਣ ਹੈ।੨੫। ਗੁਰਮੁਖ ਜੋ ਕੁਛ ਬੋਲਦੇ ਹਨ, ਉਹ (ਬੋਲ ਪ੍ਰਭੂ) ਪ੍ਰਵਾਨ ਕਰਦਾ ਹੈ, (ਪਰ) ਮਨਮੁਖਾਂ ਦਾ ਕੁਛ ਵੀ (ਬੋਲਿਆ ਹੋਇਆ ਪ੍ਰਭੂ ਦੇ ਦਰ ਤੇ) ਪ੍ਰਵਾਨ ਨਹੀਂ ਹੁੰਦਾ।੨੬। ਬਹੁਤ ਠੰਢ ਹੋਵੇ, ਕੋਰਾ ਪੈਂਦਾ ਹੋਵੇ ਤੇ ਬਰਫ ਵਰਸਦੀ ਹੋਵੇ, (ਫਿਰ ਵੀ) ਗੁਰੂ ਦਾ ਸਿਖ ਗੁਰੂ ਦੇ ਦਰਸ਼ਨ ਕਰਨ ਜਾਂਦਾ ਹੈ।੨੭। ਸਾਰਾ ਦਿਨ ਤੇ ਰਾਤ ਮੈਂ ਅਪਣੇ ਗੁਰੂ ਦੇ ਦਰਸ਼ਨ ਕਰਦਾ ਰਹਾਂ ਅਤੇ (ਅਪਣੀਆਂ) ਅੱਖਾਂ ਵਿਚ ਗੁਰੂ ਦੇ ਚਰਨ ਟਿਕਾਈ ਰੱਖਾਂ (ਅੱਖਾਂ ਗੁਰੂ ਦੇ ਚਰਨਾਂ ਵਿਚ ਲਾਈ ਰੱਖਾਂ, ਸਦਾ ਚਰਨਾਂ ਵਿਚ ਧਿਆਨ ਜੋੜੀ ਰੱਖਾਂ)।੨੮। ਗੁਰੂ ਦੀ ਪ੍ਰਸੰਨਤਾ ਹਾਸਲ ਕਰਨ ਵਾਸਤੇ ਮੈਂ ਅਨੇਕਾਂ ਜਤਨ ਕਰਦਾ ਰਹਾਂ, (ਪਰ ਜਿਹੜਾ ਜਤਨ) ਗੁਰੂ ਨੂੰ ਚੰਗਾ ਲੱਗੇ, ਉਹ (ਜਤਨ ਗੁਰੂ) ਪ੍ਰਵਾਨ ਕਰਦਾ ਹੈ।੨੯। ਹੇ ਮੇਰੇ ਮਾਲਕ! (ਮੇਰੇ ਤੇ) ਦਇਆ ਕਰੋ, ਮੈਂ ਰਾਤ ਦਿਨ ਗੁਰੂ ਦੇ ਚਰਣ ਅਰਾਧਦਾ ਰਹਾਂ।੩੦। ਨਾਨਕ ਦਾ ਤਨ ਮਨ (ਸਭ ਕੁਛ) ਗੁਰੂ ਹੀ ਹੈ (ਗੁਰੂ ਦੇ ਆਸਰੇ ਸਰੀਰ ਚਲਦਾ ਹੈ ਤੇ ਜਿੰਦ ਜਾਨ ਕਾਇਮ ਹੈ), ਗੁਰੂ ਨੂੰ ਮਿਲ ਕੇ ਪੂਰਨ ਤੌਰ ਤੇ ਰੱਜ ਗਿਆ ਹਾਂ (ਕੋਈ ਭੁੱਖ ਰਹੀ ਹੀ ਨਹੀਂ)।੩੧। ਨਾਨਕ ਦਾ ਪ੍ਰਭੂ ਸਭ ਥਾਂ ਪੂਰਨ ਹੋ ਰਿਹਾ ਹੈ, ਜਿਥੇ ਕਿਥੇ ਦੇਖਦਾ ਹਾਂ, ਉਥੇ ਉਹ ਮਾਲਕ ਪ੍ਰਭੂ (ਦਿਸਦਾ) ਹੈ।੩੨।੧।

ਪਦਾਰਥ = ਦੇਹਿ–ਦੇਂਦਾ ਹੈਂ। ਸੋਈ–ਉਹ ਹੀ। ਪਾਏ–ਪ੍ਰਾਪਤ ਕਰਦਾ ਹੈ। ਨਿਹਫਲ–ਵਿਅਰਥ। ਚਤੁਰਾਈ–ਸਿਆਣਪ।੨੨। ਸਿਮਰਿ–ਸਿਮਰ ਕੇ। ਸੋਇਆ–ਸੁੱਤਾ ਪਿਆ। ਜਾਗਾਈ–ਜਗਾਉਂਦਾ ਹਾਂ।੨੩। ਵੇਚਾਰਾ–ਨਿਮਾਣਾ; ਗਰੀਬ। ਦਾਸਨਿ ਦਾਸੁ–ਦਾਸਾਂ ਦਾ ਦਾਸ। ਕਰਾਈ–ਕਰ (ਬਣਾ) ਦੇਹ।੨੪। ਝਿੜਕੇ–ਡਾਂਟਦਾ ਹੈ; ਤਾੜਦਾ ਹੈ। ਤ–ਤਾਂ। ਬਖਸੇ–(ਗਲਤੀ) ਮਾਫ ਕਰ ਦੇਵੇ। ਗੁਰ ਵਡਿਆਈ–ਗੁਰੂ ਦਾ ਵੱਡਾਪਣ ਹੈ।੨੫। ਗੁਰਮੁਖਿ–ਗੁਰੂ ਦੀ ਮੱਤ ਅਨੁਸਾਰ ਚੱਲਣ ਵਾਲਾ ਮਨੁੱਖ। ਸੋ–ਉਹ। ਮਨਮੁਖਿ–ਮਨਮੱਤ ਧਾਰਨ ਵਾਲਾ ਮਨੁੱਖ। ਥਾਇ ਪਾਈ–ਪ੍ਰਵਾਨ ਕਰਦਾ ਹੈ; ਸਫਲ ਹੁੰਦਾ ਹੈ।੨੬। ਪਾਲਾ ਕਕਰੁ–ਸਖਤ ਸਰਦੀ; ਠੰਢ ਅਤੇ ਕੋਰਾ। ਜਾਈ–ਜਾਂਦਾ ਹੈ।੨੭। ਦਿਨਸੁ ਰੈਣਿ–ਦਿਨ ਰਾਤ। ਦੇਖਉ–ਮੈਂ ਦੇਖਦਾ ਰਹਾਂ। ਵਿਚਿ ਅਖੀ–ਅੱਖਾਂ ਵਿਚ। ਪੈਰ ਧਰਾਈ–ਚਰਨ ਟਿਕਾਈ ਰੱਖਾਂ।੨੮। ਉਪਾਵ–ਜਤਨ। ਕਰੀ–ਕਰਦਾ ਰਹਾਂ। ਕਾਰਣਿ–ਵਾਸਤੇ। ਗੁਰ ਭਾਵੈ–ਗੁਰੂ ਨੂੰ ਚੰਗਾ ਲੱਗੇ।੨੯। ਅਰਾਧੀ–ਮੈਂ ਅਰਾਧਦਾ ਰਹਾਂ। ਸਾਈ (ਸਾਈਂ ਉਚਾਰੋ)–ਹੇ ਮਾਲਕ!।੩੦। ਜੀਉ–ਜਿੰਦ ਜਾਨ। ਪਿੰਡੁ–ਸਰੀਰ। ਮਿਲਿ–ਮਿਲ ਕੇ। ਤ੍ਰਿਪਤਿ ਅਘਾਈ–ਪੂਰੀ ਤਰ੍ਹਾਂ ਰੱਜ ਗਿਆ ਹਾਂ।੩੧। ਪੂਰਿ ਰਹਿਓ–ਪੂਰਨ ਹੋ ਰਿਹਾ ਹੈ। ਜਤ–ਜਿੱਥੇ। ਕਤ–ਕਿੱਥੇ। ਤਤ–ਉਥੇ। ਗੋਸਾਈ–(ਗੋ–ਪ੍ਰਿਥਵੀ + ਸਾਈ–ਮਾਲਕ) ਪ੍ਰਿਥਵੀ ਦਾ ਮਾਲਕ ਵਾਹਿਗੁਰੂ।੩੨।੧।

ਰਾਗੁ ਸੂਹੀ ਮਹਲਾ ੪ ਅਸਟਪਦੀਆ ਘਰੁ ੧੦ ੴ ਸਤਿਗੁਰ ਪ੍ਰਸਾਦਿ ॥ ਅੰਦਰਿ ਸਚਾ ਨੇਹੁ, ਲਾਇਆ ਪ੍ਰੀਤਮ ਆਪਣੈ ॥ ਤਨੁ ਮਨੁ ਹੋਇ ਨਿਹਾਲੁ ,ਜਾ ਗੁਰੁ ਦੇਖਾ ਸਾਮ੍ਹਣੇ ॥੧॥ ਮੈ ਹਰਿ ਹਰਿ ਨਾਮੁ ਵਿਸਾਹੁ ॥ ਗੁਰ ਪੂਰੇ ਤੇ ਪਾਇਆ, ਅੰਮ੍ਰਿਤੁ ਅਗਮ ਅਥਾਹੁ ॥੧॥ਰਹਾਉ॥ ਹਉ ਸਤਿਗੁਰੁ ਵੇਖਿ ਵਿਗਸੀਆ, ਹਰਿ ਨਾਮੇ ਲਗਾ ਪਿਆਰੁ ॥ ਕਿਰਪਾ ਕਰਿ ਕੈ ਮੇਲਿਅਨੁ , ਪਾਇਆ ਮੋਖ ਦੁਆਰੁ ॥੨॥ ਸਤਿਗੁਰੁ ਬਿਰਹੀ ਨਾਮ ਕਾ, ਜੇ ਮਿਲੈ ਤ ਤਨੁ ਮਨੁ ਦੇਉ ॥ ਜੇ ਪੂਰਬਿ ਹੋਵੈ ਲਿਖਿਆ, ਤਾ ਅੰਮ੍ਰਿਤੁ ਸਹਜਿ ਪੀਏਉ ॥੩॥ ਸੁਤਿਆ ਗੁਰੁ ਸਾਲਾਹੀਐ, ਉਠਦਿਆ ਭੀ ਗੁਰੁ ਆਲਾਉ ॥ ਕੋਈ ਐਸਾ ਗੁਰਮੁਖਿ ਜੇ ਮਿਲੈ, ਹਉ ਤਾ ਕੇ ਧੋਵਾ ਪਾਉ ॥੪॥ (ਹੇ ਭਾਈ!) ਮੈਂ ਅਪਣੇ ਹਿਰਦੇ ਅੰਦਰ ਪਿਆਰੇ ਗੁਰੂ ਨਾਲ ਸੱਚਾ ਪਿਆਰ ਲਾਇਆ ਹੋਇਆ ਹੈ। ਜਦੋਂ ਮੈਂ ਅਪਣੇ ਗੁਰੂ ਨੂੰ ਸਾਹਮਣੇ ਦੇਖਦਾ ਹਾਂ, ਤਾਂ ਮੇਰਾ ਤਨ ਮਨ ਨਿਹਾਲ ਹੋ (ਖਿੜ) ਜਾਂਦਾ ਹੈ।੧।ਮੈਂ ਹਰਿ ਹਰਿ ਨਾਮ ਖ੍ਰੀਦ ਲਿਆ ਹੈ; ਮੈਨੂੰ ਹਰਿ ਹਰਿ ਨਾਮ ਤੇ ਹੀ ਭਰੋਸਾ ਹੈ।ਮਨ ਬਾਣੀ ਦੀ ਪਹੁੰਚ ਤੋਂ ਪਰੇ ਅਥਾਹ ਪ੍ਰਭੂ ਦਾ ਅੰਮ੍ਰਿਤ ਨਾਮ ਮੈਂ ਪੂਰੇ ਗੁਰੂ ਤੋਂ ਪਾਇਆ ਹੈ।੧।ਰਹਾਉ।(ਹੇ ਭਾਈ!) ਮੈਂ ਸਤਿਗੁਰੂ ਨੂੰ ਦੇਖ (ਦਰਸ਼ਨ ਕਰ) ਕੇ ਪ੍ਰਸੰਨ ਹੋ ਗਿਆ ਹਾਂ, (ਗੁਰੂ ਦੀ ਕ੍ਰਿਪਾ ਨਾਲ ਮੇਰਾ) ਹਰੀ ਦੇ ਨਾਮ ਵਿਚ ਪਿਆਰ ਲਗ ਗਿਆ ਹੈ।(ਨਾਮ ਸਿਮਰਨ ਦਾ ਸਦਕਾ ਮੈਂ) ਮੁਕਤੀ ਦਾ ਦਰਵਾਜਾ ਗਿਆਨ ਪਾ ਲਿਆ ਹੈ, (ਗਿਆਨ ਦੀ ਬਰਕਤ ਨਾਲ) ਪ੍ਰਭੂ ਨੇ ਕ੍ਰਿਪਾ ਕਰਕੇ (ਮੈਨੂੰ ਅਪਣੇ ਨਾਲ) ਮਿਲਾ ਲਿਆ ਹੈ।੨।(ਹੇ ਭਾਈ!) ਹਰੀ ਦੇ ਨਾਮ ਦਾ ਪ੍ਰੇਮੀ ਸਤਿਗੁਰੂ ਜੇ ਮੈਨੂੰ ਮਿਲ ਪਵੇ, ਤਾਂ ਮੈਂ (ਉਸ ਨੂੰ ਅਪਣਾ) ਤਨ ਮਨ ਭੇਟਾ ਕਰ ਦਿਆਂ।ਜੇ ਪਹਿਲਾਂ ਤੋਂ ਹੀ (ਭਾਗਾਂ ਵਿਚ ਗੁਰੂ ਮਿਲਾਪ ਦਾ ਲੇਖ) ਲਿਖਿਆ ਹੋਵੇ, (ਤਾਂ ਮੈਂ ਗੁਰੂ ਪਾਸੋਂ) ਨਾਮ ਅੰਮ੍ਰਿਤ ਲੈ ਕੇ ਸਹਜੇ ਹੀ ਪੀ ਲਵਾਂ।੩।(ਹੇ ਭਾਈ!) ਸੁੱਤੇ ਪਿਆਂ ਵੀ ਗੁਰੂ ਨੂੰ ਸਲਾਹੁਣਾ ਚਾਹੀਦਾ ਹੈ ਅਤੇ ਉਠਦੇ ਸਾਰ ਵੀ ਗੁਰੂ ਨੂੰ ਯਾਦ ਕਰਾਂ।(ਨਾਮ ਸਿਮਰਨ ਕਰਨ ਵਾਲਾ) ਕੋਈ ਅਜੇਹਾ ਗੁਰਮੁਖ ਜੇ ਮੈਨੂੰ ਮਿਲ ਜਾਵੇ, ਤਾਂ ਮੈਂ ਉਸ ਦੇ ਪੈਰ ਧੋਵਾਂ।੪।

ਪਦਾਰਥ = ਅੰਦਰਿ-ਹਿਰਦੇ ਅੰਦਰ।ਨੇਹੁ-ਪਿਆਰ।ਪ੍ਰੀਤਮ ਆਪਣੈ-ਅਪਣੇ ਪਿਆਰੇ (ਗੁਰੂ) ਦਾ।ਤਨੁ-ਸਰੀਰ।ਨਿਹਾਲੁ-ਪ੍ਰਸੰਨ।ਜਾ-ਜਦੋਂ।ਦੇਖਾ-ਦੇਖਦਾ ਹਾਂ।੧।ਵਿਸਾਹੁ-ਖ੍ਰੀਦ ਲਿਆ ਹੈ।ਤੇ-ਤੋਂ।ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਥਾਹੁ-ਬਹੁਤ ਡੂੰਘਾ।੧।ਰਹਾਉ।ਹਉ-ਮੈਂ।ਵਿਗਸੀਆ-ਪ੍ਰਸੰਨ ਹੋ ਗਿਆ ਹਾਂ।ਨਾਮੇ-ਨਾਮ ਵਿਚ।ਮੇਲਿਅਨੁ-ਮਿਲਾ ਲਿਆ।ਮੋਖ ਦੁਆਰੁ-ਮੁਕਤੀ ਦਾ ਦਰਵਾਜਾ ਗਿਆਨ।੨।ਬਿਰਹੀ-ਪ੍ਰੇਮੀ।ਤ-ਤਾਂ।ਦੇਉ-ਭੇਟਾ ਕਰ ਦੇਵਾਂ।ਪੂਰਬਿ-ਪਹਿਲੇ ਜਨਮ ਤੋਂ।ਸਹਜਿ -ਸੁਭਾਵਕ ਹੀ।ਪੀਏਉ-ਪੀਵਾਂ।੩।ਸੁਤਿਆ-ਸੁਤੇ ਪਿਆਂ।ਆਲਾਉ-ਯਾਦ ਕਰਾਂ।ਤਾ ਕੇ-ਉਸ ਦੇ।ਪਾਉ-ਪੈਰ।੪।

ਕੋਈ ਐਸਾ ਸਜਣੁ ਲੋੜਿ ਲਹੁ ,ਮੈ ਪ੍ਰੀਤਮੁ ਦੇਇ ਮਿਲਾਇ ॥ ਸਤਿਗੁਰਿ ਮਿਲਿਐ ਹਰਿ ਪਾਇਆ, ਮਿਲਿਆ ਸਹਜਿ ਸੁਭਾਇ ॥੫॥ ਸਤਿਗੁਰੁ ਸਾਗਰੁ ਗੁਣ ਨਾਮ ਕਾ, ਮੈ ਤਿਸੁ ਦੇਖਣ ਕਾ ਚਾਉ ॥ (ਹੇ ਭਾਈ!) ਕੋਈ ਅਜੇਹਾ ਸੱਜਣ ਲੱਭ ਲਵੋ, ਜਿਹੜਾ ਮੈਨੂੰ ਪਿਆਰੇ ਗੁਰੂ ਨਾਲ ਮਿਲਾ ਦੇਵੇ।ਸਤਿਗੁਰੂ ਦੇ ਮਿਲਿਆਂ ਹੀ ਹਰੀ ਪ੍ਰਾਪਤ ਹੁੰਦਾ ਹੈ, (ਜਿਸ ਮਨੁੱਖ ਨੂੰ ਹਰੀ ਮਿਲਿਆ ਹੈ, ਉਹ ਗੁਰੂ ਦੀ ਕ੍ਰਿਪਾ ਨਾਲ) ਸਹਿਜ ਸੁਭਾਵਕ ਹੀ ਮਿਲਿਆ ਹੈ।੫।(ਹੇ ਭਾਈ!) ਸਤਿਗੁਰੂ ਦੈਵੀ ਗੁਣਾਂ ਅਤੇ ਨਾਮ ਦਾ ਸਮੁੰਦਰ ਹੈ, ਮੈਨੂੰ ਉਸ (ਗੁਰੂ) ਨੂੰ ਦੇਖਣ ਦਾ ਚਾਉ ਹੈ।

ਅੰਗ ੭੫੯ = ਹਉ ਤਿਸੁ ਬਿਨੁ ਘੜੀ ਨ ਜੀਵਊ ,ਬਿਨੁ ਦੇਖੇ ਮਰਿ ਜਾਉ ॥੬॥ ਜਿਉ ਮਛੁਲੀ ਵਿਣੁ ਪਾਣੀਐ, ਰਹੈ ਨ ਕਿਤੈ ਉਪਾਇ ॥ ਤਿਉ ਹਰਿ ਬਿਨੁ ਸੰਤੁ ਨ ਜੀਵਈ, ਬਿਨੁ ਹਰਿ ਨਾਮੈ ਮਰਿ ਜਾਇ ॥੭॥ ਮੈ ਸਤਿਗੁਰ ਸੇਤੀ ਪਿਰਹੜੀ, ਕਿਉ ਗੁਰ ਬਿਨੁ ਜੀਵਾ ਮਾਉ ॥ ਮੈ ਗੁਰਬਾਣੀ ਆਧਾਰੁ ਹੈ, ਗੁਰਬਾਣੀ ਲਾਗਿ ਰਹਾਉ ॥੮॥ ਹਰਿ ਹਰਿ ਨਾਮੁ ਰਤੰਨੁ ਹੈ, ਗੁਰੁ ਤੁਠਾ ਦੇਵੈ ਮਾਇ ॥ ਮੈ ਧਰ ਸਚੇ ਨਾਮ ਕੀ, ਹਰਿ ਨਾਮਿ ਰਹਾ ਲਿਵ ਲਾਇ ॥੯॥ ਮੈਂ ਉਸ (ਗੁਰੂ) ਤੋਂ ਬਿਨਾ ਇਕ ਘੜੀ ਨਹੀਂ ਜਿਉਂਦਾ ਰਹਿ ਸਕਦਾ ਅਤੇ (ਗੁਰੂ ਨੂੰ) ਦੇਖੇ ਬਿਨਾ ਮਰ ਜਾਂਦਾ (ਬਹੁਤ ਦੁਖੀ ਹੁੰਦਾ) ਹਾਂ।੬।(ਹੇ ਭਾਈ!) ਜਿਵੇਂ ਮੱਛੀ ਪਾਣੀ ਤੋਂ ਬਿਨਾ ਕਿਸੇ ਵੀ ਜਤਨ ਨਾਲ ਜਿਉਂਦੀ ਨਹੀਂ ਰਹਿ ਸਕਦੀ।ਤਿਵੇਂ ਹਰੀ ਤੋਂ ਬਿਨਾ ਸੰਤ ਜਿਉਂਦਾ ਨਹੀਂ ਰਹਿ ਸਕਦਾ, (ਉਹ) ਹਰੀ ਦੇ ਨਾਮ ਤੋਂ ਬਿਨਾ ਮਰ ਜਾਂਦਾ ਹੈ।੭।ਹੇ ਮਾਂ! ਮੇਰੀ ਸਤਿਗੁਰੂ ਨਾਲ ਪ੍ਰੀਤ ਹੈ, ਮੈਂ ਗੁਰੂ ਤੋਂ ਬਿਨਾ ਕਿਵੇਂ ਜੀਵਾਂਗਾ? ਮੈਨੂੰ ਗੁਰਬਾਣੀ ਦਾ ਆਸਰਾ ਹੈ ਅਤੇ ਗੁਰਬਾਣੀ ਨਾਲ ਲਗ (ਜੁੜ) ਕੇ ਜਿਉਂਦਾ ਰਹਿੰਦਾ ਹਾਂ।੮।ਹੇ ਮਾਂ! ਹਰਿ ਹਰਿ ਨਾਮ ਰਤਨ (ਅਮੋਲਕ) ਹੈ ,(ਜਿਸ ਮਨੁੱਖ ਉਤੇ) ਗੁਰੂ ਖੁਸ਼ ਹੁੰਦਾ ਹੈ, (ਉਸ ਨੂੰ ਨਾਮ ਦੀ ਦਾਤ) ਦੇਂਦਾ ਹੈ।ਮੈਨੂੰ ਸੱਚੇ ਨਾਮ ਦੀ ਓਟ ਹੈ ਅਤੇ ਮੈਂ ਹਰੀ ਦੇ ਨਾਮ ਵਿਚ ਲਿਵ ਲਗਾ ਕੇ ਰਹਿੰਦਾ ਹਾਂ।੯।

ਪਦਾਰਥ = ਸਜਣੁ-ਨੇਕ ਪੁਰਖ। ਲੋੜਿ ਲਹੁ-ਲੱਭ ਲਵੋ। ਮੈ-ਮੈਨੂੰ। ਦੇਇ ਮਿਲਾਇ-ਮਿਲਾ ਦੇਵੇ। ਸਤਿਗੁਰਿ ਮਿਲਿਐ-ਸਤਿਗੁਰੂ ਦੇ ਮਿਲਿਆਂ। ਸਹਜਿ ਸੁਭਾਇ-ਸਹਿਜ ਸੁਭਾਵਕ ਹੀ।੫। ਸਾਗਰੁ-ਸਮੁੰਦਰ। ਤਿਸੁ-ਉਸ ਨੂੰ। ਚਾਉ-ਉਤਸ਼ਾਹ। ਨ ਜੀਵਊ-ਨਹੀਂ ਜਿਉਂਦਾ ਰਹਿੰਦਾ। ਹਉ-ਮੈਂ। ਮਰਿ ਜਾਉ-ਮਰ ਜਾਂਦਾ ਹਾਂ।੬। ਕਿਤੈ ਉਪਾਇ-ਕਿਸੇ ਵੀ ਜਤਨ ਨਾਲ। ਨ ਜੀਵਈ-ਜਿਉਂਦਾ ਨਹੀਂ ਰਹਿੰਦਾ।੭। ਸੇਤੀ-ਨਾਲ। ਪਿਰਹੜੀ-ਪ੍ਰੀਤ। ਕਿਉ ਜੀਵਾ-ਕਿਵੇਂ ਜੀਵਾਂਗਾ? ਮਾਉ-ਹੇ ਮਾਂ!। ਆਧਾਰੁ-ਆਸਰਾ। ਲਾਗਿ ਰਹਾਉ-ਲਗਾ ਕੇ ਰਹਿੰਦਾ ਹਾਂ।੮। ਤੁਠਾ-ਪ੍ਰਸੰਨ ਹੁੰਦਾ ਹੈ। ਮਾਇ-ਹੇ ਮਾਂ!। ਧਰ-ਆਸਰਾ। ਲਿਵ ਲਾਇ-ਲਿਵ ਲਾ ਕੇ।੯।

ਗੁਰ ਗਿਆਨੁ ਪਦਾਰਥੁ ਨਾਮੁ ਹੈ, ਹਰਿ ਨਾਮੋ ਦੇਇ ਦ੍ਰਿੜਾਇ ॥ ਜਿਸੁ ਪਰਾਪਤ ਸੋ ਲਹੈ, ਗੁਰ ਚਰਣੀ ਲਾਗੈ ਆਇ ॥੧੦॥ ਅਕਥ ਕਹਾਣੀ ਪ੍ਰੇਮ ਕੀ, ਕੋ ਪ੍ਰੀਤਮੁ ਆਖੈ ਆਇ ॥ ਤਿਸੁ ਦੇਵਾ ਮਨੁ ਆਪਣਾ, ਨਿਵਿ ਨਿਵਿ ਲਾਗਾ ਪਾਇ ॥੧੧॥ ਸਜਣੁ ਮੇਰਾ ਏਕੁ ਤੂੰ ,ਕਰਤਾ ਪੁਰਖੁ ਸੁਜਾਣੁ ॥ ਸਤਿਗੁਰਿ ਮੀਤਿ ਮਿਲਾਇਆ, ਮੈ ਸਦਾ ਸਦਾ ਤੇਰਾ ਤਾਣੁ ॥੧੨॥ ਸਤਿਗੁਰੁ ਮੇਰਾ ਸਦਾ ਸਦਾ ,ਨਾ ਆਵੈ ਨਾ ਜਾਇ ॥ ਓਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ ॥੧੩॥ ਰਾਮ ਨਾਮ ਧਨੁ ਸੰਚਿਆ, ਸਾਬਤੁ ਪੂੰਜੀ ਰਾਸਿ ॥ ਨਾਨਕ ਦਰਗਹ ਮੰਨਿਆ, ਗੁਰ ਪੂਰੇ ਸਾਬਾਸਿ ॥੧੪।੧॥੨॥੧੧॥ (ਹੇ ਭਾਈ!) ਗੁਰੂ ਦਾ ਗਿਆਨ ਪਦਾਰਥ ਹਰੀ ਦਾ ਨਾਮ ਜਪਣ ਨਾਲ ਪ੍ਰਾਪਤ ਹੁੰਦਾ ਹੈ, ਹਰੀ ਦਾ ਨਾਮ (ਸਿੱਖ ਨੂੰ ਗੁਰੂ) ਦ੍ਰਿੜ ਕਰਾ ਦੇਂਦਾ ਹੈ। ਜਿਸ ਮਨੁੱਖ ਦੇ ਭਾਗਾਂ ਵਿਚ ਨਾਮ ਪ੍ਰਾਪਤ ਹੋਣਾ ਲਿਖਿਆ ਹੈ, ਉਹ ਗੁਰੂ ਦੇ ਚਰਨੀਂ ਆ ਕੇ ਲਗਦਾ ਹੈ ਅਤੇ ਨਾਮ (ਹਾਸਲ ਕਰ) ਲੈਂਦਾ ਹੈ।੧੦।(ਹੇ ਭਾਈ!) ਹਰੀ ਦੇ ਪ੍ਰੇਮ ਦੀ ਕਥਾ ਕਥੀ ਨਹੀਂ ਜਾ ਸਕਦੀ, ਜੇ ਕੋਈ ਪਿਆਰਾ ਸੱਜਣ ਮੇਰੇ ਪਾਸ ਆ ਕੇ (ਇਹ ਕਹਾਣੀ) ਆਖੇ। ਤਾਂ ਉਸ ਨੂੰ ਮੈਂ ਮਨ ਦੇ ਦੇਵਾਂ ਅਤੇ ਨਿਉਂ ਨਿਉਂ ਕੇ (ਉਸ ਦੇ) ਪੈਰੀ ਲੱਗ ਜਾਵਾਂ।੧੧।(ਹੇ ਪ੍ਰਭੂ!) ਇਕ ਤੂੰ ਹੀ ਮੇਰਾ ਸੱਜਣ ਮਿਤ੍ਰ ਹੈਂ, ਤੂੰ ਹੀ ਸਾਰੀ ਸ੍ਰਿਸਟੀ ਦਾ ਕਰਤਾ ਹੈਂ, ਵਿਆਪਕ ਪੁਰਖ ਹੈਂ ਅਤੇ ਸਿਆਣਾ ਹੈਂ। ਸਤਿਗੁਰੂ ਮਿਤ੍ਰ ਨੇ (ਮੈਨੂੰ ਤੇਰੇ ਨਾਲ) ਮਿਲਾਇਆ ਹੈ ਅਤੇ ਮੈਨੂੰ ਸਦਾ ਤੇਰਾ ਹੀ ਆਸਰਾ ਹੈ।੧੨।(ਹੇ ਭਾਈ!) ਮੇਰਾ ਸਤਿਗੁਰੂ ਸਦਾ ਕਾਇਮ ਰਹਿਣ ਵਾਲਾ ਹੈ, (ਉਹ) ਨਾ ਜੰਮਦਾ ਹੈ ਅਤੇ ਨਾ ਹੀ ਮਰਦਾ ਹੈ। ਉਹ ਨਾਸ਼ ਰਹਿਤ ਪੁਰਖ ਹੈ ਅਤੇ ਸਭ ਵਿਚ ਸਮਾ ਰਿਹਾ ਹੈ।੧੩।(ਜਿਸ ਮਨੁੱਖ ਨੇ) ਪ੍ਰਭੂ ਦਾ ਨਾਮ ਧਨ ਇਕੱਠਾ ਕੀਤਾ ਹੈ, (ਉਸ ਦੀ ਇਹ) ਪੂੰਜੀ ਰਾਸ਼ੀ ਸਾਬਤ ਰਹਿੰਦੀ ਹੈ (ਘਟਦੀ ਨਹੀਂ)। ਨਾਨਕ ਗੁਰੂ ਜੀ ਆਖਦੇ ਹਨ ਕਿ ਪੂਰੇ ਗੁਰੂ ਦੀ ਅਸ਼ੀਰਵਾਦ ਦਾ ਸਦਕਾ (ਉਹ) ਰੱਬੀ ਦਰਗਾਹ ਵਿਚ ਪ੍ਰਵਾਨ ਹੋ ਗਿਆ ਹੈ।੧੪।੧।੨।੧੧।

ਪਦਾਰਥ = ਨਾਮੋ-ਨਾਮ। ਦੇਇ ਦ੍ਰਿੜਾਇ-ਹਿਰਦੇ ਵਿਚ ਪੱਕੀ ਤਰ੍ਹਾਂ ਬਿਠਾ ਦਿੰਦਾ ਹੈ। ਸੋ-ਉਹ। ਲਹੈ-ਹਾਸਲ ਕਰ ਲੈਂਦਾ ਹੈ। ਆਇ-ਆ ਕੇ।੧੦। ਅਕਥ ਕਹਾਣੀ (ਅਕੱਥ ਬੋਲੋ)-ਬਿਆਨ ਨਾ ਹੋ ਸਕਣ ਵਾਲੀ ਕਥਾ। ਕੋ ਪ੍ਰੀਤਮੁ-ਕੋਈ ਪਿਆਰਾ ਸੱਜਣ। ਦੇਵਾ-ਦੇਵਾਂ। ਨਿਵਿ ਨਿਵਿ-ਨਿਉਂ ਨਿਉਂ ਕੇ। ਪਾਇ-ਪੈਰੀਂ।੧੧। ਸਜਣੁ-ਮਿਤ੍ਰ। ਕਰਤਾ-ਸ੍ਰਿਸਟੀ ਨੂੰ ਪੈਦਾ ਕਰਨ ਵਾਲਾ ਪ੍ਰਭੂ। ਸੁਜਾਣੁ-ਸਿਆਣਾ; ਜਾਣੀ ਜਾਣ। ਸਤਿਗੁਰਿ ਮੀਤਿ-ਸਤਿਗੁਰੂ ਮਿਤ੍ਰ ਨੇ। ਤਾਣੁ-ਬਲ; ਆਸਰਾ।੧੨। ਨਾ ਆਵੈ-ਨਾ ਜੰਮਦਾ ਹੈ। । ਨ ਜਾਇ-ਨਾ ਮਰਦਾ ਹੈ। ਅਬਿਨਾਸੀ-ਨਾਸ਼ ਰਹਿਤ। ਸਭ ਮਹਿ-ਸਾਰੇ ਜੀਵਾਂ ਵਿਚ।੧੩। ਸੰਚਿਆ-ਇਕੱਠਾ ਕੀਤਾ। ਸਾਬਤੁ-ਪੂਰੀ; ਅਖੰਡ; ਨਾ ਘਟਣ ਵਾਲੀ। ਮੰਨਿਆ-ਪ੍ਰਵਾਨ ਹੋਇਆ। ਸਾਬਾਸਿ-ਅਸ਼ੀਰਵਾਦ ਦਾ ਸਦਕਾ।੧੪।੧।੨।੧੧।

ਰਾਗੁ ਸੂਹੀ ਅਸਟਪਦੀਆ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ ॥ ਉਰਝਿ ਰਹਿਓ ਬਿਖਿਆ ਕੈ ਸੰਗਾ ॥ ਮਨਹਿ ਬਿਆਪਤ ਅਨਿਕ ਤਰੰਗਾ ॥੧॥ ਮੇਰੇ ਮਨ ਅਗਮ ਅਗੋਚਰ ॥ ਕਤ ਪਾਈਐ ਪੂਰਨ ਪਰਮੇਸਰ ॥੧॥ਰਹਾਉ॥ ਮੋਹ ਮਗਨ ਮਹਿ ਰਹਿਆ ਬਿਆਪੇ ॥ ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ ॥੨॥ ਬਸਇ ਕਰੋਧੁ ਸਰੀਰਿ ਚੰਡਾਰਾ ॥ ਅਗਿਆਨਿ ਨ ਸੂਝੈ ਮਹਾ ਗੁਬਾਰਾ ॥੩॥ ਭ੍ਰਮਤ ਬਿਆਪਤ ਜਰੇ ਕਿਵਾਰਾ ॥ ਜਾਣੁ ਨ ਪਾਈਐ ਪ੍ਰਭ ਦਰਬਾਰਾ ॥੪॥ (ਮਨੁੱਖ) ਵਿਸ਼ਿਆਂ ਦੀ ਸੰਗਤ ਵਿਚ ਫਸਿਆ ਰਹਿੰਦਾ ਹੈ।(ਇਸ ਦੇ) ਮਨ ਨੂੰ (ਮਾਇਆ ਦੇ ਲੋਭ ਦੀਆਂ) ਅਨੇਕਾਂ ਲਹਿਰਾਂ ਆ ਕੇ ਦਬਾਉਂਦੀਆਂ ਹਨ।੧। ਹੇ ਮੇਰੇ ਮਨ! (ਜਿਹੜਾ ਪ੍ਰਭੂ) ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ ਅਤੇ ਇੰਦ੍ਰੀਆਂ ਦੀ ਪਕੜ ਤੋਂ ਪਰੇ ਹੈ, (ਉਸ) ਪੂਰਨ ਪ੍ਰਭੂ ਨੂੰ ਕਿਵੇਂ ਪ੍ਰਾਪਤ ਕਰੀਏ?।੧। ਰਹਾਉ।(ਮਨੁੱਖ ਦਾ ਮਨ ਮਾਇਆ ਦੇ) ਮੋਹ ਦੀ ਮਸਤੀ ਵਿਚ ਫਸਿਆ ਰਹਿੰਦਾ ਹੈ।(ਇਸ ਨੂੰ ਮਾਇਆ ਦੀ) ਬਹੁਤ ਤ੍ਰਿਸ਼ਨਾ ਲੱਗੀ ਰਹਿੰਦੀ ਹੈ ਅਤੇ ਕਦੇ ਵੀ ਰੱਜਦਾ ਨਹੀਂ।੨।(ਮਨੁੱਖ ਦੇ) ਸਰੀਰ ਵਿਚ ਚੰਡਾਲ ਕ੍ਰੋਧ ਬਸਦਾ ਹੈ। ਅਗਿਆਨ ਦੇ ਕਾਰਨ ਬਹੁਤ ਹਨ੍ਹੇਰਾ ਰਹਿੰਦਾ ਹੈ, (ਇਸ ਨੂੰ ਜੀਵਨ ਦਾ ਸਹੀ ਰਸਤਾ) ਨਹੀਂ ਸੁੱਝਦਾ।੩। ਭਟਕਣਾ ਤੇ ਮਾਇਆ ਦਾ ਵਿਆਪਣਾ (ਮਨ ਨੂੰ ਇਹ ਦੋ) ਤਖਤੇ ਜੜੇ ਹੋਏ ਹਨ।(ਇਸ ਲਈ ਮਨੁੱਖ) ਪ੍ਰਭੂ ਦੇ ਦਰਬਾਰ ਵਿਚ ਪਹੁੰਚ ਨਹੀਂ ਸਕਦਾ।੪।

ਪਦਾਰਥ = ਉਰਝਿ ਰਹਿਓ–ਉਲਝਿਆ (ਫਸਿਆ) ਰਹਿੰਦਾ ਹੈ। ਬਿਖਿਆ ਕੈ–ਵਿਸ਼ਿਆਂ ਦੇ; ਮਾਇਆ ਦੇ। ਸੰਗਾ–ਸੰਗਤ ਵਿਚ। ਮਨਹਿ–ਮਨ ਨੂੰ। ਬਿਆਪਤ–ਦਬਾਇਆ ਹੋਇਆ ਹੈ। ਤਰੰਗਾ–ਲਹਿਰਾਂ।੧। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰ–ਇੰਦ੍ਰੀਆਂ ਦੀ ਪਕੜ ਤੋਂ ਪਰੇ। ਕਤ–ਕਿਵੇਂ।੧। ਰਹਾਉ। ਮਗਨ ਮਹਿ–ਮਸਤੀ ਵਿਚ। ਰਹਿਆ ਬਿਆਪੇ–ਫਸਿਆ ਰਹਿੰਦਾ ਹੈ। ਅਤਿ–ਬਹੁਤ। ਕਬਹੂ–ਕਦੇ ਵੀ। ਨਹੀ ਧ੍ਰਾਪੇ–ਰੱਜਦਾ ਨਹੀਂ।੨। ਬਸਇ–ਵਸਦਾ ਹੈ। ਸਰੀਰਿ–ਸਰੀਰ ਵਿਚ। ਚੰਡਾਰਾ–ਚੰਡਾਲ। ਅਗਿਆਨਿ–ਅਗਿਆਨ ਦੇ ਕਾਰਨ। ਨ ਸੂਝੈ–ਸੁੱਝਦਾ ਨਹੀਂ; ਦਿਸਦਾ ਨਹੀਂ। ਮਹਾ ਗੁਬਾਰਾ–ਬਹੁਤ ਹਨ੍ਹੇਰਾ।੩। ਭ੍ਰਮਤ–ਭਟਕਣਾ। ਬਿਆਪਤ–ਵਿਆਪਣਾ; ਫੈਲਾਉ। ਜਰੇ–ਜੜੇ ਹਨ। ਕਿਵਾਰਾ–ਤਖਤੇ। ਜਾਣੁ ਨ ਪਾਈਐ–ਪਹੁੰਚ ਨਹੀਂ ਸਕਦਾ।੪।

ਆਸਾ ਅੰਦੇਸਾ ਬੰਧਿ ਪਰਾਨਾ ॥ ਮਹਲੁ ਨ ਪਾਵੈ ਫਿਰਤ ਬਿਗਾਨਾ ॥੫॥ ਸਗਲ ਬਿਆਧਿ ਕੈ ਵਸਿ ਕਰਿ ਦੀਨਾ ॥ ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ॥੬॥ ਕਛੂ ਸਿਆਨਪ ਉਕਤਿ ਨ ਮੋਰੀ ॥ ਏਕ ਆਸ ਠਾਕੁਰ ਪ੍ਰਭ ਤੋਰੀ ॥੭॥ ਕਰਉ ਬੇਨਤੀ ਸੰਤਨ ਪਾਸੇ ॥ ਮੇਲਿ ਲੈਹੁ ਨਾਨਕ ਅਰਦਾਸੇ ॥੮॥ ਭਇਓ ਕ੍ਰਿਪਾਲੁ ਸਾਧ ਸੰਗੁ ਪਾਇਆ ॥ ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ਰਹਾਉ ਦੂਜਾ॥੧॥ (ਮਨੁੱਖ ਪਦਾਰਥਾਂ ਦੀ) ਆਸਾ ਅਤੇ ਫਿਕਰ ਦੇ ਬੰਧਨ ਵਿਚ ਪਿਆ ਹੋਇਆ ਹੈ। (ਇਹ) ਬਿਗਾਨਿਆਂ ਵਾਂਗ ਫਿਰਦਾ ਰਹਿੰਦਾ ਹੈ, (ਪ੍ਰਭੂ ਦਾ) ਮਹਿਲ ਨਹੀਂ ਪਾ ਸਕਦਾ।੫। (ਕੀਤੇ ਕਰਮਾਂ ਨੇ ਮਨੁੱਖ ਨੂੰ) ਸਾਰੇ ਕਿਸਮ ਰੋਗਾਂ ਦੇ ਵਸ ਵਿਚ ਕਰ ਦਿਤਾ ਹੈ। (ਪਦਾਰਥਾਂ ਦੀ) ਤ੍ਰਿਸ਼ਨਾ ਕਰਕੇ ਦੁਖੀ ਹੋਇਆ ਫਿਰਦਾ ਹੈ, ਜਿਵੇਂ ਮੱਛੀ ਪਾਣੀ ਤੋਂ ਬਿਨਾ ਤੜਫਦੀ ਹੈ।੬। (ਹੇ ਪ੍ਰਭੂ!) ਮੇਰੇ ਅੰਦਰ ਕੁਛ ਸਿਆਣਪ ਤੇ ਦਲੀਲ ਨਹੀਂ ਹੈ। ਹੇ ਮਾਲਕ ਪ੍ਰਭੂ! (ਮੈਨੂੰ) ਇਕ ਤੇਰੀ ਆਸ ਹੈ।੭। (ਹੇ ਪ੍ਰਭੂ!) ਮੈਂ ਸੰਤਾਂ ਪਾਸ ਬੇਨਤੀ ਕਰਦਾ ਹਾਂ, ਅਰਦਾਸ ਕਰਦਾ ਹਾਂ ਕਿ ਨਾਨਕ ਨੂੰ (ਸੰਤਾਂ ਦੀ ਸੰਗਤ ਦੁਆਰਾ ਅਪਣੇ ਚਰਨਾਂ ਵਿਚ) ਮੇਲ ਲਵੋ।੮। ਨਾਨਕ ਗੁਰੂ ਜੀ ਆਖਦੇ ਹਨ ਕਿ (ਮੇਰੇ ਉਤੇ) ਪ੍ਰਭੂ ਮੇਹਰਵਾਨ ਹੋਇਆ, (ਮੈਨੂੰ) ਸਾਧੂਆਂ ਦਾ ਸੰਗ ਪ੍ਰਾਪਤ ਹੋ ਗਿਆ। (ਜਿਥੋਂ ਮੈਂ) ਪੂਰਾ ਪ੍ਰਭੂ ਪ੍ਰਾਪਤ ਕਰ ਲਿਆ ਅਤੇ (ਪਦਾਰਥਾਂ ਦੀ ਤ੍ਰਿਸ਼ਨਾ ਵੱਲੋਂ ਮੈਂ) ਰੱਜ ਗਿਆ ਹਾਂ।੧। ਰਹਾਉ ਦੂਜਾ।੧। ਪਹਿਲੇ ਰਹਾਉ ਵਿਚ ਪ੍ਰਸ਼ਨ ਹੈ, ਦੂਜੇ ਰਹਾਉ ਵਿਚ ਉਤਰ ਹੈ।

ਪਦਾਰਥ = ਅੰਦੇਸਾ–ਚਿੰਤਾ। ਬੰਧਿ–ਬੰਧਨ ਵਿਚ। ਪਰਾਨਾ–ਪਿਆ ਹੋਇਆ ਹੈ। ਮਹਲੁ–ਪ੍ਰਭੂ ਦਾ ਮਹਿਲ। ਬਿਗਾਨਾ–ਓਪਰਾ।੫। ਸਗਲ–ਸਾਰੇ। ਬਿਆਧਿ–ਰੋਗ। ਕੈ ਵਸਿ–ਦੇ ਵਸ ਵਿਚ। ਪਿਆਸ–ਤ੍ਰਿਸ਼ਨਾ। ਮੀਨਾ–ਮੱਛੀ।੬। ਉਕਤਿ–ਦਲੀਲ; ਤਜਵੀਜ। ਮੋਰੀ–ਮੇਰੀ। ਤੋਰੀ–ਤੇਰੀ।੭। ਕਰਉ–ਮੈਂ ਕਰਦਾ ਹਾਂ। ਅਰਦਾਸੇ–ਅਰਦਾਸ ਕਰਦਾ ਹਾਂ।੭। ਭਇਓ ਕ੍ਰਿਪਾਲ–ਮੇਹਰਵਾਨ ਹੋਇਆ। ਤ੍ਰਿਪਤੇ–ਰੱਜ ਗਿਆ ਹਾਂ। ਪੂਰਾ–ਪੂਰਨ ਪ੍ਰਭੂ।੧। ਰਹਾਉ ਦੂਜਾ।੧।

ਅੰਗ ੭੬੦ = ਰਾਗੁ ਸੂਹੀ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥ ਮਿਥਨ ਮੋਹ ਅਗਨਿ ਸੋਕ ਸਾਗਰ ॥ ਕਰਿ ਕਿਰਪਾ ਉਧਰੁ ਹਰਿ ਨਾਗਰ ॥੧॥ ਚਰਣ ਕਮਲ ਸਰਣਾਇ ਨਰਾਇਣ ॥ ਦੀਨਾ ਨਾਥ ਭਗਤ ਪਰਾਇਣ ॥੧॥ਰਹਾਉ॥ ਅਨਾਥਾ ਨਾਥ ਭਗਤ ਭੈ ਮੇਟਨ ॥ ਸਾਧ ਸੰਗਿ ਜਮਦੂਤ ਨ ਭੇਟਨ ॥੨॥ ਜੀਵਨ ਰੂਪ ਅਨੂਪ ਦਇਆਲਾ ॥ ਰਵਣ ਗੁਣਾ ਕਟੀਐ ਜਮ ਜਾਲਾ ॥੩॥ ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥ ਰੋਗ ਰੂਪ ਮਾਇਆ ਨ ਬਿਆਪੈ ॥੪॥ ਜਪਿ ਗੋਬਿੰਦ ਸੰਗੀ ਸਭਿ ਤਾਰੇ ॥ ਪੋਹਤ ਨਾਹੀ ਪੰਚ ਬਟਵਾਰੇ ॥੫॥ ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥ ਸਰਬ ਫਲਾ ਸੋਈ ਜਨੁ ਪਾਏ ॥੬॥ ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ ॥ ਕੇਵਲ ਨਾਮੁ ਭਗਤਿ ਰਸੁ ਦੀਨਾ ॥੭॥ ਆਦਿ ਮਧਿ ਅੰਤਿ ਪ੍ਰਭੁ ਸੋਈ ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥੮॥੧॥੨॥ (ਹੇ ਭਾਈ! ਸੰਸਾਰ) ਝੂਠੇ ਮੋਹ, ਤ੍ਰਿਸ਼ਨਾ ਦੀ ਅੱਗ ਅਤੇ ਸੋਗ ਦਾ ਸਮੁੰਦਰ ਹੈ। ਹੇ ਬਹੁਤ ਸਿਆਣੇ ਹਰੀ! ਕ੍ਰਿਪਾ ਕਰ ਕੇ (ਇਸ ਵਿਚੋਂ ਮੈਨੂੰ) ਬਚਾ ਲੈ।੧। ਹੇ ਨਰਾਇਣ! ਮੈਂ ਤੇਰੇ ਚਰਨ ਕਮਲਾਂ ਦੀ ਸ਼ਰਣ ਵਿਚ ਆਇਆ ਹਾਂ। ਹੇ ਗਰੀਬਾਂ ਦੇ ਮਾਲਕ ਪ੍ਰਭੂ! ਤੂੰ ਭਗਤਾਂ ਦਾ ਆਸਰਾ ਹੈਂ।੧। ਰਹਾਉ। (ਹੇ ਭਾਈ! ਪ੍ਰਭੂ) ਅਨਾਥਾਂ ਦਾ ਮਾਲਕ ਹੈ ਅਤੇ ਭਗਤਾਂ ਦਾ ਡਰ ਮੇਟ ਦੇਣ ਵਾਲਾ ਹੈ। ਸਾਧ ਸੰਗਤ ਵਿਚ ਰਹਿਣ ਕਰਕੇ (ਮਨੁੱਖ ਨਾਲ) ਜਮ ਦੂਤਾਂ ਦਾ ਮੇਲ ਨਹੀਂ ਹੁੰਦਾ।੨। ਹੇ ਜੀਵਨ ਰੂਪ! ਹੇ ਸੁੰਦਰ ਤੇ ਦਇਆ ਦੇ ਘਰ ਪ੍ਰਭੂ! ਤੇਰੇ ਗੁਣ ਉਚਾਰਨ ਕਰਨ ਨਾਲ ਜਮਾਂ ਦਾ ਜਾਲ ਕੱਟਿਆ ਜਾਂਦਾ ਹੈ।੩। (ਜੋ ਮਨੁੱਖ) ਜੀਭ ਨਾਲ ਹਰ ਰੋਜ ਪ੍ਰਭੂ ਦਾ ਅੰਮ੍ਰਿਤ ਨਾਮ ਜਪਦਾ ਹੈ। (ਉਸ ਨੂੰ) ਰੋਗ ਰੂਪ ਮਾਇਆ ਨਹੀਂ ਚਿੰਬੜਦੀ।੪। (ਉਸ ਨੇ) ਗੋਬਿੰਦ ਦਾ ਨਾਮ ਜਪ ਕੇ (ਅਪਣੇ) ਸਾਰੇ ਸੰਗੀ (ਭਵਜਲ ਤੋਂ) ਤਾਰ ਲਏ ਹਨ। ਅਤੇ ਪੰਜ (ਕਾਮਾਦਿਕ) ਲੁਟੇਰੇ ਵੀ (ਉਸ ਨੂੰ) ਨਹੀਂ ਪੋਹ ਸਕਦੇ।੫। (ਜੋ ਮਨੁੱਖ) ਮਨ ਬਚਨ ਅਤੇ ਕਰਮ ਕਰਕੇ ਇਕ ਪ੍ਰਭੂ ਨੂੰ ਸਿਮਰਦਾ ਹੈ। ਉਹੀ ਮਨੁੱਖ ਸਾਰੇ ਫਲ ਪਾ ਲੈਂਦਾ ਹੈ।੬। ਪ੍ਰਭੂ

ਨੇ ਕ੍ਰਿਪਾ ਕਰਕੇ (ਜਿਸ ਮਨੁੱਖ ਨੂੰ) ਅਪਣਾ ਸੇਵਕ ਬਣਾ ਲਿਆ ਹੈ।(ਪ੍ਰਭੂ ਨੇ ਉਸ ਨੂੰ) ਨਿਰੋਲ ਨਾਮ ਅਤੇ ਭਗਤੀ ਦਾ ਰਸ ਬਖਸ਼ ਦਿਤਾ ਹੈ।੭।(ਹੇ ਭਾਈ!) ਸ੍ਰਿਸਟੀ ਦੇ ਅਰੰਭ, ਵਿਚਕਾਰ ਅਤੇ ਅੰਤ ਦੇ ਸਮੇਂ ਵਿਚ ਉਹੀ ਪ੍ਰਭੂ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਤੋਂ ਬਿਨਾ (ਸਦਾ ਕਾਇਮ ਰਹਿਣ ਵਾਲਾ) ਹੋਰ ਕੋਈ ਨਹੀਂ।੮।੧।੨।

ਪਦਾਰਥ = ਮਿਥਨ–ਝੂਠੇ; ਨਾਸ਼ਵੰਤ।ਅਗਨਿ–(ਤ੍ਰਿਸ਼ਨਾ ਦੀ) ਅੱਗ।ਸੋਕ–ਸੋਗ; ਚਿੰਤਾ।ਸਾਗਰ–ਸਮੁੰਦਰ।ਉਧਰੁ–ਬਚਾ ਲੈ। ਹਰਿ ਨਾਗਰ–ਹੇ ਸਿਆਣੇ ਹਰੀ!।੧।ਨਰਾਇਣ–ਹੇ ਪ੍ਰਭੂ!।ਦੀਨਾ ਨਾਥ–ਗਰੀਬਾਂ ਦਾ ਮਾਲਕ।ਪਰਾਇਣ–ਆਸਰਾ।੧।ਰਹਾਉ। ਭੈ ਮੇਟਨ–ਡਰ ਮਿਟਾ ਦੇਣ ਵਾਲਾ।ਨ ਭੇਟਨ–ਮੇਲ ਨਹੀਂ ਹੁੰਦਾ; ਨੇੜੇ ਨਹੀਂ ਢੁਕਦੇ।੨।ਅਨੂਪ–ਉਪਮਾ ਤੋਂ ਰਹਿਤ (ਸੁੰਦਰ)। ਰਵਣ–ਉਚਾਰਨ ਨਾਲ।ਜਮ ਜਾਲਾ–ਜਮਾਂ ਦਾ ਜਾਲ।੩।ਰਸਨ–ਜੀਭ ਨਾਲ।ਨਿਤ–ਹਰ ਰੋਜ।ਜਾਪੈ–ਜਪਦਾ ਹੈ।ਨ ਬਿਆਪੈ–ਚਿੰਬੜਦੀ ਨਹੀਂ।੪।ਸੰਗੀ–ਸਾਥੀ।ਤਾਰੇ–ਤਾਰ ਲਏ ਹਨ।ਪੋਹਤ ਨਾਹੀ–ਛੋਹ ਨਹੀਂ ਸਕਦੇ; ਅਸਰ ਨਹੀਂ ਕਰਦੇ।ਪੰਚ–ਪੰਜ ਕਾਮਾਦਿਕ।ਬਟਵਾਰੇ–ਲੁਟੇਰੇ।੫।ਬਚ–ਬਚਨ।ਕ੍ਰਮ–ਕਰਮ।ਸਰਬ–ਸਾਰੇ।ਸੋਈ ਜਨੁ–ਉਹੀ ਪੁਰਖ।ਪਾਏ–ਪਾ ਲੈਂਦਾ ਹੈ।੬। ਧਾਰਿ–ਧਾਰ (ਕਰ) ਕੇ।ਅਨੁਗ੍ਰਹੁ–ਕਿਰਪਾ।ਪ੍ਰਭਿ–ਪ੍ਰਭੂ ਨੇ।ਕੀਨਾ–ਕਰ (ਬਣਾ) ਲਿਆ।ਕੇਵਲ–ਨਿਰੋਲ; ਸ਼ੁੱਧ।ਦੀਨਾ–ਦਿਤਾ। ੭।ਆਦਿ–ਸ੍ਰਿਸਟੀ ਦੇ ਸ਼ੁਰੂ ਵਿਚ।ਮਧਿ–ਸ੍ਰਿਸਟੀ ਦੇ ਵਿਚਕਾਰਲੇ ਸਮੇਂ ਵਿਚ।ਅੰਤਿ–ਸ੍ਰਿਸਟੀ ਦਾ ਅੰਤ ਹੋਣ ਤੋਂ ਬਾਦ ਦੇ ਸਮੇਂ ਵਿਚ ਵੀ।ਤਿਸੁ ਬਿਨਾ–ਉਸ (ਪ੍ਰਭੂ) ਤੋਂ ਬਿਨਾ।ਅਵਰੁ–ਹੋਰ ਦੂਜਾ।੮।੧।੨।

ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੯ ੴ ਸਤਿਗੁਰ ਪ੍ਰਸਾਦਿ ॥ ਜਿਨ ਡਿਠਿਆ ਮਨੁ ਰਹਸੀਐ, ਕਿਉ ਪਾਈਐ ਤਿਨ੍ ਸੰਗੁ ਜੀਉ ॥ ਸੰਤ ਸਜਨ ਮਨ ਮਿਤ੍ਰ ਸੇ, ਲਾਇਨਿ ਪ੍ਰਭ ਸਿਉ ਰੰਗੁ ਜੀਉ ॥ ਤਿਨ੍ ਸਿਉ ਪ੍ਰੀਤਿ ਨ ਤੁਟਈ, ਕਬਹੁ ਨ ਹੋਵੈ ਭੰਗੁ ਜੀਉ ॥੧॥ ਪਾਰਬ੍ਰਹਮ ਪ੍ਰਭ ਕਰਿ ਦਇਆ, ਗੁਣ ਗਾਵਾ ਤੇਰੇ ਨਿਤ ਜੀਉ ॥ ਆਇ ਮਿਲਹੁ ਸੰਤ ਸਜਣਾ, ਨਾਮੁ ਜਪਹ ਮਨ ਮਿਤ ਜੀਉ ॥੧॥ਰਹਾਉ॥ ਦੇਖੈ ਸੁਣੈ ਨ ਜਾਣਈ, ਮਾਇਆ ਮੋਹਿਆ ਅੰਧੁ ਜੀਉ ॥ ਕਾਚੀ ਦੇਹਾ ਵਿਣਸਣੀ, ਕੂੜੁ ਕਮਾਵੈ ਧੰਧੁ ਜੀਉ ॥ ਨਾਮੁ ਧਿਆਵਹਿ ਸੇ ਜਿਣਿ ਚਲੇ, ਗੁਰ ਪੂਰੇ ਸਨਬੰਧੁ ਜੀਉ ॥੨॥ ਹੁਕਮੇ ਜੁਗ ਮਹਿ ਆਇਆ, ਚਲਣੁ ਹੁਕਮਿ ਸੰਜੋਗਿ ਜੀਉ ॥ ਹੁਕਮੇ ਪਰਪੰਚੁ ਪਸਰਿਆ, ਹੁਕਮਿ ਕਰੇ ਰਸ ਭੋਗ ਜੀਉ ॥ ਜਿਸ ਨੋ ਕਰਤਾ ਵਿਸਰੈ, ਤਿਸਹਿ ਵਿਛੋੜਾ ਸੋਗੁ ਜੀਉ ॥੩॥ ਆਪਨੜੇ ਪ੍ਰਭ ਭਾਣਿਆ, ਦਰਗਹ ਪੈਧਾ ਜਾਇ ਜੀਉ ॥ ਐਥੈ ਸੁਖੁ ਮੁਖੁ ਉਜਲਾ, ਇਕੋ ਨਾਮੁ ਧਿਆਇ ਜੀਉ ॥ ਆਦਰੁ ਦਿਤਾ ਪਾਰਬ੍ਰਹਮਿ, ਗੁਰੁ ਸੇਵਿਆ ਸਤ ਭਾਇ ਜੀਉ ॥੪॥ (ਹੇ ਭਾਈ!) ਜਿਨ੍ਹਾਂ ਦਾ ਦਰਸ਼ਨ ਕੀਤਿਆਂ ਮਨ ਖੁਸ਼ ਹੋ ਜਾਂਦਾ ਹੈ, ਉਨ੍ਹਾਂ ਸੰਤਾਂ ਦਾ ਸੰਗ ਕਿਵੇਂ ਪ੍ਰਾਪਤ ਹੋਵੇ? ਉਹ ਸੰਤ ਸੱਜਣ ਮਨ ਦੇ ਮਿਤ੍ਰ ਹਨ, ਜਿਹੜੇ ਪ੍ਰਭੂ ਨਾਲ ਮੇਰਾ ਪ੍ਰੇਮ ਲਾ ਦੇਣ।(ਹੇ ਪ੍ਰਭੂ! ਮੇਹਰ ਕਰ) ਉਨ੍ਹਾਂ ਨਾਲੋਂ ਮੇਰੀ ਪ੍ਰੀਤ ਨਾ ਟੁੱਟੇ ਅਤੇ ਕਦੇ ਵੀ (ਮੇਰੀ ਪ੍ਰੀਤ) ਭੰਗ ਨ ਹੋਵੇ।੧।ਹੇ ਪਾਰਬ੍ਰਹਮ! ਹੇ ਪ੍ਰਭੂ! (ਮੇਰੇ ਉਤੇ) ਦਇਆ ਕਰ, (ਤਾਂ ਕਿ) ਮੈਂ ਹਰ ਰੋਜ ਤੇਰੇ ਗੁਣ ਗਾਉਂਦਾ ਰਹਾਂ।ਹੇ ਸੰਤ ਸੱਜਣ ਜੀਓ! ਹੇ ਮਨ ਦੇ ਮਿਤ੍ਰ! ਆ ਕੇ ਮਿਲੋ, (ਬੈਠ ਕੇ) ਪ੍ਰਭੂ ਦਾ ਨਾਮ ਜਪੀਏ।੧।ਰਹਾਉ।ਮਾਇਆ ਵਿਚ ਮੋਹਿਆ ਅਗਿਆਨੀ ਮਨੁੱਖ (ਲੋਕਾਂ ਨੂੰ ਮਰਦਿਆਂ) ਦੇਖਦਾ ਸੁਣਦਾ ਹੋਇਆ ਵੀ ਕੁਛ ਜਾਣਦਾ ਨਹੀਂ।(ਕਿ ਮੇਰੀ ਵੀ) ਕੱਚੀ ਦੇਹ ਨਾਸ਼ ਹੋ ਜਾਣੀ ਹੈ, (ਫਿਰ ਵੀ) ਝੂਠਾ ਧੰਧਾ ਕਰੀ ਜਾਂਦਾ ਹੈ।(ਜੋ ਮਨੁੱਖ) ਪੂਰੇ ਗੁਰੂ ਨਾਲ ਸਬੰਧ ਜੋੜ ਕੇ ਹਰੀ ਦਾ ਨਾਮ ਧਿਆਉਂਦੇ ਹਨ, ਉਹ (ਸੰਸਾਰ ਵਿਚੋਂ ਮਨੁੱਖਾ ਜਨਮ ਦੀ ਬਾਜੀ) ਜਿੱਤ ਕੇ ਜਾਂਦੇ ਹਨ।੨।ਪ੍ਰਭੂ ਦੇ ਹੁਕਮ ਨਾਲ ਹੀ (ਜੀਵ) ਜਗਤ ਵਿਚ ਆਇਆ ਹੈ ਅਤੇ ਪ੍ਰਭੂ ਦੇ ਹੁਕਮ ਦੇ ਸੰਜੋਗ ਨਾਲ ਹੀ (ਇਥੋਂ ਜੀਵ ਦਾ) ਚਲਾਣਾ ਹੁੰਦਾ ਹੈ।ਪ੍ਰਭੂ ਦੇ ਹੁਕਮ ਨਾਲ ਹੀ ਸੰਸਾਰ ਦਾ ਪ੍ਰਪੰਚ ਪਸਰਿਆ ਹੈ, ਪ੍ਰਭੂ ਦੇ ਹੁਕਮ ਨਾਲ (ਜੀਵ ਪਦਾਰਥਾਂ ਦੇ) ਰਸਾਂ ਦਾ ਭੋਗ ਭੋਗਦਾ ਹੈ।(ਰਸਾਂ ਕਸਾਂ ਵਿਚ ਫਸ ਕੇ) ਜਿਸ ਜੀਵ ਨੂੰ ਕਰਤਾਰ ਭੁੱਲ ਜਾਂਦਾ ਹੈ, ਉਸ ਨੂੰ (ਹਰੀ ਨਾਲੋਂ) ਵਿਛੋੜੇ ਦਾ ਸੋਗ ਹੁੰਦਾ ਹੈ।੩।(ਜਿਹੜਾ ਮਨੁੱਖ) ਅਪਣੇ ਪ੍ਰਭੂ ਨੂੰ ਚੰਗਾ ਲੱਗਿਆ ਹੈ, (ਉਹ ਜਸ ਰੂਪ) ਪੁਸ਼ਾਕ ਪਹਿਨ ਕੇ (ਇੱਜਤ ਨਾਲ) ਪ੍ਰਭੂ ਦੀ ਦਰਗਾਹ ਵਿਚ ਜਾਂਦਾ ਹੈ।ਇਥੇ (ਸੰਸਾਰ ਵਿਚ ਉਸ ਨੂੰ) ਸੁਖ ਮਿਲਦਾ ਹੈ ਅਤੇ (ਪਰਲੋਕ ਵਿਚ ਵੀ ਉਸ ਦਾ) ਮੂੰਹ ਉਜਲ ਹੁੰਦਾ ਹੈ, (ਕਿਉਂਕਿ ਉਹ) ਇਕ ਪ੍ਰਭੂ ਦੇ ਨਾਮ ਨੂੰ ਸਿਮਰਦਾ ਹੈ।(ਉਸ ਨੇ) ਸੱਚੀ ਭਾਵਨਾ ਨਾਲ ਗੁਰੂ ਦੀ ਸੇਵਾ ਭਗਤੀ ਕੀਤੀ ਹੈ, (ਜਿਸ ਕਰਕੇ ਦਰਗਾਹ ਵਿਚ ਉਸ ਨੂੰ) ਪਾਰਬ੍ਰਹਮ ਨੇ ਆਦਰ ਦਿਤਾ ਹੈ।੪।

ਪਦਾਰਥ = ਜਿਨ–ਜਿਨ੍ਹਾਂ ਦਾ।ਡਿਠਿਆ–ਦੇਖਦਿਆਂ।ਰਹਸੀਐ–ਖੁਸ਼ ਹੁੰਦਾ ਹੈ।ਤਿਨ੍–ਉਨ੍ਹਾਂ ਦਾ।ਸੰਗੁ–ਸਾਥ।ਸੇ–ਉਹ।ਲਾਇਨਿ –ਲਾਉਂਦੇ ਹਨ।ਰੰਗੁ–ਪ੍ਰੇਮ।ਸਿਉ–ਨਾਲ।ਨ ਤੁਟਈ–ਨਾ ਟੁੱਟੇ।ਕਬਹੁ–ਕਦੇ ਵੀ।ਨ ਹੋਵੈ ਭੰਗੁ–ਬਿਘਨ ਨਾ ਪਵੇ।੧।ਗਾਵਾ–ਮੈਂ ਗਾਵਾਂ।ਨਿਤ–ਹਰ ਰੋਜ।ਜਪਹ–ਜਪੀਏ।ਮਿਤ–ਮਿਤ੍ਰ।੧।ਰਹਾਉ।ਜਾਣਈ–ਜਾਣਦਾ।ਅੰਧੁ–ਅੰਨ੍ਹਾ (ਅਗਿਆਨੀ)।ਕਾਚੀ ਦੇਹਾ

-ਕੱਚਾ ਸਰੀਰ। ਵਿਣਸਣੀ-ਨਾਸ਼ ਹੋਣ ਵਾਲੀ। ਕੂੜੁ ਧੰਧੁ-ਝੂਠਾ ਧੰਧਾ। ਜਿਣਿ ਚਲੇ-ਜਿਤ ਕੇ ਜਾਂਦੇ ਹਨ। ਸਨਬੰਧੁ-ਸਬੰਧ।੨। ਹੁਕਮੇ-ਰੱਬ ਦੇ ਹੁਕਮ ਨਾਲ। ਜੁਗ ਮਹਿ-ਜਗਤ ਵਿਚ। ਚਲਣੁ-ਚਲਾਣਾ; ਕੂਚ। ਹੁਕਮਿ ਸੰਜੋਗਿ-ਹੁਕਮ ਦੇ ਸੰਜੋਗ ਨਾਲ। ਪਰਪੰਚ -ਜਗਤ ਰਚਨਾ। ਪਸਰਿਆ-ਫੈਲਿਆ। ਕਰੇ ਰਸ ਭੋਗ-ਰਸਾਂ ਦੇ ਭੋਗ ਕਰਦਾ (ਭੋਗਦਾ) ਹੈ। ਕਰਤਾ-ਕਰਤਾਰ। ਤਿਸਹਿ-ਉਸ ਨੂੰ। ਸੋਗ-ਗਮ; ਚਿੰਤਾ।੩। ਭਾਣਿਆ-ਚੰਗਾ ਲੱਗਾ ਹੈ। ਪੈਧਾ-ਪੁਸ਼ਾਕ ਪਹਿਨ ਕੇ; ਇੱਜਤ ਨਾਲ। ਐਥੈ-ਇਸ ਲੋਕ ਵਿਚ। ਉਜਲਾ -ਰੋਸ਼ਨ। ਪਾਰਬ੍ਰਹਮਿ-ਪਾਰਬ੍ਰਹਮ ਨੇ। ਸਤ ਭਾਇ-ਸੱਚੀ ਭਾਵਨਾ ਨਾਲ।੪।

ਥਾਨ ਥਨੰਤਰਿ ਰਵਿ ਰਹਿਆ, ਸਰਬ ਜੀਆ ਪ੍ਰਤਿਪਾਲ ਜੀਉ ॥ ਸਚੁ ਖਜਾਨਾ ਸੰਚਿਆ, ਏਕੁ ਨਾਮੁ ਧਨੁ ਮਾਲ ਜੀਉ ॥ ਮਨ ਤੇ ਕਬਹੁ ਨ ਵੀਸਰੈ, ਜਾ ਆਪੇ ਹੋਇ ਦਇਆਲ ਜੀਉ ॥੫॥ ਆਵਣੁ ਜਾਣਾ ਰਹਿ ਗਏ, ਮਨਿ ਵੁਠਾ ਨਿਰੰਕਾਰੁ ਜੀਉ ॥ (ਹੇ ਭਾਈ! ਪ੍ਰਭੂ) ਸਭ ਥਾਵਾਂ ਅਤੇ ਥਾਵਾਂ ਦੀਆਂ ਵਿੱਥਾਂ ਅੰਦਰ ਵਿਆਪਕ ਹੋ ਰਿਹਾ ਹੈ ਅਤੇ (ਉਹ) ਸਾਰੇ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ। (ਅੰਨਵੇ ਅੱਖਰ। ਕਿਸੇ ਮਨੁੱਖ ਉਤੇ) ਜਦੋਂ ਪ੍ਰਭੂ ਆਪ ਹੀ ਦਇਆਲ ਹੁੰਦਾ ਹੈ, (ਤਾਂ ਉਹ ਉਸ ਦੇ) ਮਨ ਤੋਂ ਕਦੇ ਭੁਲਦਾ ਨਹੀਂ। (ਉਸ ਮਨੁੱਖ ਨੇ) ਇਕ ਨਾਮ ਧਨ ਤੇ ਮਾਲ ਦਾ ਸੱਚਾ ਖਜਾਨਾ ਇਕੱਠਾ ਕਰ ਲਿਆ ਹੈ।੫। (ਉਸ ਮਨੁੱਖ ਦਾ) ਜੰਮਣਾ ਤੇ ਮਰਨਾ ਦੋਵੇਂ ਮੁੱਕ ਗਏ ਹਨ, (ਜਿਸ ਦੇ) ਮਨ ਵਿਚ ਨਿਰੰਕਾਰ ਵਸਿਆ ਹੈ।

ਅੰਗ ੭੬੧ = ਤਾ ਕਾ ਅੰਤੁ ਨ ਪਾਈਐ, ਊਚਾ ਅਗਮ ਅਪਾਰੁ ਜੀਉ ॥ ਜਿਸੁ ਪ੍ਰਭੁ ਅਪਣਾ ਵਿਸਰੈ, ਸੋ ਮਰਿ ਜੰਮੈ ਲਖ ਵਾਰ ਜੀਉ ॥੬॥ ਸਾਚੁ ਨੇਹੁ ਤਿਨ ਪ੍ਰੀਤਮਾ, ਜਿਨ ਮਨਿ ਵੁਠਾ ਆਪਿ ਜੀਉ ॥ ਗੁਣ ਸਾਝੀ ਤਿਨ ਸੰਗਿ ਬਸੇ, ਆਠ ਪਹਰ ਪ੍ਰਭ ਜਾਪਿ ਜੀਉ ॥ ਰੰਗਿ ਰਤੇ ਪਰਮੇਸਰੈ, ਬਿਨਸੇ ਸਗਲ ਸੰਤਾਪ ਜੀਉ ॥੭॥ ਤੂੰ ਕਰਤਾ ਤੂੰ ਕਰਣਹਾਰੁ ,ਤੂ ਹੈ ਏਕੁ ਅਨੇਕ ਜੀਉ ॥ ਤੂ ਸਮਰਥੁ ਤੂ ਸਰਬ ਮੈ, ਤੂ ਹੈ ਬੁਧਿ ਬਿਬੇਕ ਜੀਉ ॥ ਨਾਨਕ ਨਾਮੁ ਸਦਾ ਜਪੀ, ਭਗਤ ਜਨਾ ਕੀ ਟੇਕ ਜੀਉ ॥੮॥੧॥੩॥ ਉਸ ਪ੍ਰਭੂ ਦਾ ਅੰਤ ਨਹੀਂ ਪਾਇਆ ਜਾ ਸਕਦਾ, (ਉਹ ਦੇਵਤਿਆਂ ਤੋਂ ਬਹੁਤ) ਉਚਾ, ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ (ਪ੍ਰਕਿਰਤੀ ਦੇ) ਪਾਰਾਵਾਰ ਤੋਂ ਪਰੇ ਹੈ। ਜਿਸ ਮਨੁੱਖ ਨੂੰ ਅਪਣਾ ਪ੍ਰਭੂ ਭੁੱਲ ਜਾਂਦਾ ਹੈ, ਉਹ ਲੱਖਾਂ ਵਾਰੀ ਮਰਦਾ ਜੰਮਦਾ ਰਹਿੰਦਾ ਹੈ।੬। ਉਨ੍ਹਾਂ ਪਿਆਰਿਆਂ ਦਾ (ਪ੍ਰਭੂ ਨਾਲ) ਸੱਚਾ ਪਿਆਰ ਹੈ, ਜਿਨ੍ਹਾਂ ਦੇ ਮਨ ਵਿਚ ਪ੍ਰਭੂ ਆਪ ਵਸਿਆ ਹੈ। ਗੁਣਾਂ ਦੀ ਸਾਂਝ ਕਰਨ ਵਾਲੇ (ਹੋਰ ਮਨੁੱਖ) ਉਨ੍ਹਾਂ ਦੀ ਸੰਗਤ ਵਿਚ ਆ ਵਸਦੇ ਹਨ ਅਤੇ ਅੱਠੇ ਪਹਿਰ ਪ੍ਰਭੂ ਦਾ ਜਾਪ ਕਰਦੇ ਹਨ। (ਉਹ) ਪ੍ਰਮੇਸਰ ਦੇ ਪ੍ਰੇਮ ਵਿਚ ਰੰਗੇ ਹੋਏ ਹਨ, (ਜਿਸ ਕਰਕੇ ਉਨ੍ਹਾਂ ਦੇ) ਸਾਰੇ ਦੁਖ ਕਲੇਸ਼ ਨਾਸ਼ ਹੋ ਗਏ ਹਨ।੭। (ਹੇ ਪ੍ਰਭੂ!) ਤੂੰ ਜਗਤ ਨੂੰ ਪੈਦਾ ਕਰਨ ਵਾਲਾ ਹੈਂ, ਤੂੰ ਸਭ ਕੁਛ ਕਰਨ ਵਾਲਾ ਹੈਂ, (ਨਿਰਗੁਣ ਰੂਪ ਵਿਚ) ਤੂੰ ਇਕ ਹੈਂ ਅਤੇ (ਸਰਗੁਣ ਰੂਪ ਵਿਚ ਤੂੰ) ਅਨੇਕ ਹੈਂ। ਤੂੰ ਸਰਬ ਕਲਾ ਸਮਰੱਥ ਹੈਂ, ਤੂੰ ਸਾਰੇ ਜੀਵਾਂ ਵਿਚ ਵਿਆਪਕ ਹੈਂ ਅਤੇ ਤੂੰ ਬਿਬੇਕ ਬੁੱਧੀ ਵਾਲਾ ਹੈਂ। (ਹੇ ਪ੍ਰਭੂ! ਕ੍ਰਿਪਾ ਕਰ) ਨਾਨਕ ਸਦਾ ਤੇਰਾ ਨਾਮ ਜਪਦਾ ਰਹੇ, (ਕਿਉਂਕਿ ਤੇਰਾ ਨਾਮ ਹੀ) ਭਗਤ ਜਨਾਂ ਦਾ ਆਸਰਾ ਹੈਂ।੮।੧।੩।

ਪਦਾਰਥ = ਥਾਨ ਥਨੰਤਰਿ-ਥਾਵਾਂ ਤੇ ਥਾਵਾਂ ਦੀਆਂ ਵਿੱਥਾਂ ਅੰਦਰ (ਹਰ ਥਾਂ)। ਰਵਿ ਰਹਿਆ-ਵਿਆਪਕ ਹੋ ਰਿਹਾ ਹੈ। ਸਰਬ ਜੀਆ-ਸਾਰੇ ਜੀਵਾਂ ਦੀ। ਪ੍ਰਤਿਪਾਲ-ਪਾਲਣਾ ਕਰਨ ਵਾਲਾ। ਸੰਚਿਆ-ਇਕੱਠਾ ਕੀਤਾ। ਮਾਲ-ਪਸ਼ੂ, ਹਾਥੀ ਘੋੜੇ ਤੇ ਜਾਇਦਾਦ ਆਦਿ। ਤੇ-ਤੋਂ। ਕਬਹੁ-ਕਦੇ ਵੀ। ਨ ਵਿਸਰੈ-ਭੁਲਦਾ ਨਹੀਂ। ਜਾ-ਜਦੋਂ। ਆਪੇ-ਪ੍ਰਭੂ ਆਪ ਹੀ।੫। ਆਵਣੁ ਜਾਣਾ-ਜੰਮਣ ਮਰਨਾ। ਰਹਿ ਗਏ-ਮੁੱਕ ਗਏ। ਮਨਿ-ਮਨ ਵਿਚ। ਵੁਠਾ-ਵਸਿਆ ਹੈ। ਤਾ ਕਾ-ਉਸ ਦਾ। ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਪਾਰ -ਬੇਅੰਤ; ਉਰਾਰ ਤੇ ਪਾਰਲੇ ਕੰਢੇ ਤੋਂ ਰਹਿਤ (ਪ੍ਰਕਿਰਤੀ ਦੇ ਪਾਰਾਵਾਰ ਤੋਂ ਪਰੇ)। ਸੋ-ਉਹ। ਮਰਿ ਜੰਮੈ-ਮਰਦਾ ਜੰਮਦਾ ਹੈ। ਲਖ ਵਾਰ-ਲੱਖਾਂ ਵਾਰੀ (ਵਾਰ ਵਾਰ)।੬। ਸਾਚੁ ਨੇਹੁ-ਸੱਚਾ ਪਿਆਰ। ਤਿਨ ਪ੍ਰੀਤਮਾ-ਉਨ੍ਹਾਂ ਪਿਆਰਿਆਂ ਦਾ। ਸਾਝੀ-ਸਾਂਝ ਕਰਨ ਵਾਲਾ। ਸੰਗਿ-ਸੰਗਤ ਵਿਚ। ਰੰਗਿ ਰਤੇ-ਪ੍ਰੇਮ ਵਿਚ ਰੰਗੇ ਹੋਏ। ਬਿਨਸੇ-ਨਾਸ਼ ਹੋ ਜਾਂਦੇ ਹਨ। ਸਗਲ-ਸਾਰੇ। ਸੰਤਾਪ-ਦੁਖ ਕਲੇਸ਼।੭। ਕਰਤਾ-ਪੈਦਾ ਕਰਨ ਵਾਲਾ। ਕਰਨਹਾਰੁ-ਕਰਨ ਵਾਲਾ। ਤੂ ਹੈ-ਤੂੰ ਹੀ। ਸਮਰਥੁ-ਸਰਬ ਸ਼ਕਤੀਮਾਨ। ਸਰਬਮੈ-ਸਭ ਵਿਚ ਵਿਆਪਕ। ਬੁਧਿ ਬਿਬੇਕ-ਬਿਚਾਰ ਵਾਲੀ ਬੁੱਧੀ ਵਾਲਾ। ਜਪੀ-ਜਪਦਾ ਰਹਾਂ। ਟੇਕ-ਆਸਰਾ।੮।੧।੩।

ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੧੦ ਕਾਫੀ ੧ੴ ਸਤਿਗੁਰ ਪ੍ਰਸਾਦਿ ॥ ਜੇ ਭੁਲੀ ਜੇ ਚੁਕੀ ਸਾਈਂ, ਭੀ ਤਹਿੰਜੀ ਕਾਢੀਆ ॥ ਜਿਨ੍ਹਾ ਨੇਹੁ ਦੂਜਾਣੇ ਲਗਾ, ਝੂਰਿ ਮਰਹੁ ਸੇ ਵਾਢੀਆ ॥੧॥ ਹਉ ਨ ਛੋਡਉ ਕੰਤ ਪਾਸਰਾ ॥ ਸਦਾ ਰੰਗੀਲਾ ਲਾਲੁ ਪਿਆਰਾ, ਏਹੁ ਮਹਿੰਜਾ ਆਸਰਾ ॥੧॥ਰਹਾਉ॥ ਸਜਣੁ ਤੂ ਹੈ ਸੈਣੁ ਤੂ ,ਮੈ ਤੁਝ ਉਪਰਿ ਬਹੁ ਮਾਣੀਆ ॥ ਜਾ ਤੂ ਅੰਦਰਿ ਤਾ

ਸੁਖੇ, ਤੂੰ ਨਿਮਾਣੀ ਮਾਣੀਆ ॥੨॥ ਜੇ ਤੂ ਤੁਠਾ ਕ੍ਰਿਪਾ ਨਿਧਾਨ, ਨਾ ਦੂਜਾ ਵੇਖਾਲਿ ॥ ਏਹਾ ਪਾਈ ਮੂ ਦਾਤੜੀ, ਨਿਤ ਹਿਰਦੈ ਰਖਾ ਸਮਾਲਿ ॥੩॥ ਪਾਵ ਜੁਲਾਈ ਪੰਧ ਤਉ ,ਨੈਣੀ ਦਰਸੁ ਦਿਖਾਲਿ ॥ ਸ੍ਰਵਣੀ ਸੁਣੀ ਕਹਾਣੀਆ, ਜੇ ਗੁਰੁ ਥੀਵੈ ਕਿਰਪਾਲਿ ॥੪॥ ਹੇ ਮਾਲਕ ਪ੍ਰਭੂ ! ਜੇ ਮੈਂ ਭੁੱਲ ਗਈ ਹਾਂ, ਜੇ ਮੈਂ ਉਕ ਗਈ ਹਾਂ, ਤਾਂ ਵੀ ਮੈਂ ਤੇਰੀ ਦਾਸੀ ਕਹਾਉਂਦੀ ਹਾਂ। ਜਿਨ੍ਹਾਂ (ਜੀਵ ਇਸਤ੍ਰੀਆਂ) ਦਾ ਪਿਆਰ ਕਿਸੇ ਦੂਜੇ (ਦੇਵੀ ਦੇਵਤੇ) ਨਾਲ ਲੱਗਾ ਹੋਇਆ ਹੈ, ਉਹ ਤੈਥੋਂ ਵਿਛੜੀਆਂ ਹੋਈਆਂ ਝੂਰ ਝੂਰ ਕੇ ਮਰ ਜਾਣ।੧।ਮੈਂ ਅਪਣੇ ਪਤੀ ਪ੍ਰਭੂ ਦਾ ਪਾਸਾ ਕਦੇ ਨਹੀਂ ਛਡਦੀ ਹਾਂ।(ਕਿਉਂਕਿ ਉਹ) ਮੇਰਾ ਪਿਆਰਾ ਸਦਾ ਅਨੰਦ ਦੇਣ ਵਾਲਾ ਅਤੇ ਅਮੋਲਕ ਹੈ, ਏਹੋ (ਪਤੀ ਪ੍ਰਭੂ) ਹੀ ਮੇਰਾ ਆਸਰਾ ਹੈ।੧।ਰਹਾਉ।(ਹੇ ਪ੍ਰਭੂ !) ਤੂੰ ਹੀ ਮੇਰਾ (ਇਸ ਲੋਕ ਦਾ) ਸੱਜਣ ਮਿਤ੍ਰ ਹੈਂ, ਤੂੰ ਹੀ ਮੇਰਾ (ਪ੍ਰਲੋਕ ਦਾ) ਸਾਥੀ ਹੈਂ, ਮੈਨੂੰ ਤੇਰੇ ਉਪਰ ਬਹੁਤ ਮਾਣ ਹੈ। ਜਦ ਤੋਂ ਤੂੰ ਮੇਰੇ ਅੰਦਰ ਆ ਵਸਿਆ ਹੈਂ, ਤਦ ਤੋਂ ਮੈਂ ਸੁਖ ਵਿਚ ਰਹਿੰਦੀ ਹਾਂ, ਮੈਂ ਨਿਮਾਣੀ ਦਾ ਤੂੰ ਹੀ ਮਾਣ ਹੈਂ।੨।ਹੇ ਕ੍ਰਿਪਾ ਦੇ ਖਜਾਨੇ ! ਜੇ ਤੂੰ ਪ੍ਰਸੰਨ ਹੋਇਆ ਹੈਂ, ਤਾਂ ਤੂੰ ਮੈਨੂੰ ਕੋਈ ਦੂਜਾ ਨਾ ਦਿਖਾਲੀਂ।(ਮੇਰੇ ਹਿਰਦੇ ਵਿਚ) ਇਹ ਦਾਤ ਪਾਈਂ ਕਿ ਮੈਂ ਤੈਨੂੰ ਹਿਰਦੇ ਵਿਚ ਸਦਾ ਸੰਭਾਲੀ ਰੱਖਾਂ।੩।(ਹੇ ਪ੍ਰਭੂ ! ਕ੍ਰਿਪਾ ਕਰ ਕਿ ਅਪਣੇ) ਪੈਰਾਂ ਨੂੰ ਮੈਂ ਤੇਰੇ ਰਸਤੇ ਤੇ ਚੱਲਾਵਾਂ ਅਤੇ ਮੇਰੀਆਂ ਅੱਖਾਂ ਨੂੰ (ਤੂੰ ਅਪਣਾ) ਦਰਸ਼ਨ ਦਿਖਾਲ। ਜੇ ਗੁਰੂ ਮੇਹਰਵਾਨ ਹੋ ਜਾਵੇ (ਤਾਂ ਮੈਂ ਗੁਰੂ ਪਾਸੋਂ ਅਪਣੇ) ਕੰਨਾਂ ਨਾਲ ਤੇਰੀਆਂ ਕਥਾ ਕਹਾਣੀਆਂ ਸੁਣਾਂ।੪।

ਪਦਾਰਥ = ਕਾਫੀ–ਇਕ ਰਾਗਣੀ ਦਾ ਨਾਮ ਹੈ। ਭੁਲੀ–ਭੁੱਲ ਗਈ ਹਾਂ। ਚੁਕੀ–ਉਕ ਗਈ ਹਾਂ। ਸਾਂਈ–ਮਾਲਕ ਪ੍ਰਭੂ। ਭੀ–ਤਾਂ ਵੀ। ਤਹਿੰਜੀ–ਤੇਰੀ। ਕਾਢੀਆ–ਕਹਾਉਂਦੀ ਹਾਂ। ਨੇਹੁ–ਪਿਆਰ। ਦੂਜਾਣੇ–ਦੂਜੇ ਨਾਲ। ਝੂਰਿ ਮਰਹੁ–ਝੂਰ ਕੇ ਮਰ ਜਾਣ। ਸੇ–ਉਹ। ਵਾਢੀਆ–ਵਿਛੜੀਆਂ ਹੋਈਆਂ।੧। ਹਉ–ਮੈਂ। ਨ ਛੋਡਉ–ਨਹੀਂ ਛਡਦੀ। ਕੰਤ–ਪਤੀ ਪ੍ਰਭੂ ਦਾ। ਪਾਸਰਾ–ਪਾਸਾ। ਰੰਗੀਲਾ–ਅਨੰਦ ਦੇਣ ਵਾਲਾ। ਲਾਲੁ–ਅਮਲੋਕ। ਮਹਿੰਜਾ–ਮੇਰਾ।੧। ਰਹਾਉ। ਸਜਣੁ–ਮਿਤ੍ਰ। ਸੈਣੁ–ਸਾਥੀ; ਸਬੰਧੀ। ਬਹੁ ਮਾਣੀਆ–ਬਹੁਤ ਮਾਣ ਹੈ। ਜਾ–ਜਦੋਂ। ਅੰਦਰਿ–ਹਿਰਦੇ ਅੰਦਰ। ਸੁਖੇ–ਸੁਖ ਵਿਚ। ਨਿਮਾਣੀ–ਮੈਂ ਨਿਮਾਣੀ ਦਾ।੨। ਤੁਠਾ–ਪ੍ਰਸੰਨ ਹੋਇਆ ਹੈਂ। ਕ੍ਰਿਪਾ ਨਿਧਾਨ –ਹੇ ਕ੍ਰਿਪਾ ਦੇ ਖਜਾਨੇ !। ਪਾਈ–ਪਾਈਂ। ਮੂ–ਮੈਨੂੰ। ਦਾਤੜੀ–ਦਾਤ। ਨਿਤ–ਸਦਾ; ਹਰ ਰੋਜ। ਰਖਾ ਸਮਾਲਿ–ਸੰਭਾਲੀ ਰੱਖਾਂ।੩। ਪਾਵ–ਪੈਰ। ਜੁਲਾਈ–ਤੋਰਾਂ (ਚਲਾਵਾਂ)। ਪੰਧ ਤਉ–ਤੇਰੇ ਰਸਤੇ ਉਤੇ। ਨੈਣੀ–ਅੱਖਾਂ ਨੂੰ। ਸ੍ਰਵਣੀ–ਕੰਨਾਂ ਨਾਲ। ਥੀਵੈ–ਹੋ ਜਾਵੇ।੪।

ਕਿਤੀ ਲਖ ਕਰੋੜਿ, ਪਿਰੀਏ ਰੋਮ ਨ ਪੁਜਨਿ ਤੇਰਿਆ ॥ ਤੂ ਸਾਹੀ ਹੂ ਸਾਹੁ ,ਹਉ ਕਹਿ ਨ ਸਕਾ ਗੁਣ ਤੇਰਿਆ ॥੫॥ ਸਹੀਆ ਤਊ ਅਸੰਖ, ਮੰਞਹੁ ਹਭਿ ਵਧਾਣੀਆ ॥ ਹਿਕ ਭੋਰੀ ਨਦਰਿ ਨਿਹਾਲਿ, ਦੇਹਿ ਦਰਸੁ ਰੰਗੁ ਮਾਣੀਆ ॥੬॥ ਜੈ ਡਿਠੇ ਮਨੁ ਧੀਰੀਐ ,ਕਿਲਵਿਖ ਵੰਞਨਿ੍ ਦੂਰੇ ॥ ਸੋ ਕਿਉ ਵਿਸਰੈ ਮਾਉ ਮੈ, ਜੋ ਰਹਿਆ ਭਰਪੂਰੇ ॥੭॥ ਹੋਇ ਨਿਮਾਣੀ ਢਹਿ ਪਈ, ਮਿਲਿਆ ਸਹਜਿ ਸੁਭਾਇ ॥ ਪੂਰਬਿ ਲਿਖਿਆ ਪਾਇਆ. ਨਾਨਕ ਸੰਤ ਸਹਾਇ ॥੮॥੧॥੪॥ ਹੇ ਪਿਆਰੇ ਪ੍ਰਭੂ ! ਕਈ ਲੱਖਾਂ ਕ੍ਰੋੜਾਂ ਪ੍ਰਤਾਪੀ ਮਨੁੱਖ ਤੇਰੇ ਇਕ ਵਾਲ ਦੇ ਬਰਾਬਰ ਵੀ ਨਹੀਂ ਪੁਜ ਸਕਦੇ। ਤੂੰ ਪਾਤਸ਼ਾਹਾਂ ਦਾ ਪਾਤਸ਼ਾਹ ਹੈਂ, ਮੈਂ ਤੇਰੇ ਗੁਣ ਕਹਿ ਨਹੀਂ ਸਕਦੀ।੫।(ਹੇ ਪ੍ਰਭੂ !) ਤੇਰੀਆਂ ਅਣਗਿਣਤ ਸਖੀਆਂ ਸਹੇਲੀਆਂ (ਦਾਸੀਆਂ) ਹਨ, (ਉਹ) ਸਭ ਮੇਰੇ ਨਾਲੋਂ ਵਧੇਰੇ ਗੁਣਵਾਨ ਹਨ।(ਬੇਨਤੀ ਹੈ ਕਿ) ਇਕ ਰੱਤਾ ਭਰ ਮੇਹਰ ਦੀ ਨਜਰ ਨਾਲ (ਮੇਰੇ ਵੱਲ) ਦੇਖ ਅਤੇ (ਮੈਨੂੰ ਅਪਣਾ) ਦਰਸ਼ਨ ਦੇਹ, (ਤਾਂ ਜੋ ਮੈਂ ਵੀ ਤੇਰੇ ਮਿਲਾਪ ਦਾ) ਅਨੰਦ ਮਾਣ ਸਕਾਂ।੬। ਜਿਸ ਪਤੀ ਪ੍ਰਭੂ ਨੂੰ ਦੇਖਣ ਨਾਲ ਮਨ ਨੂੰ ਧੀਰਜ ਮਿਲਦਾ ਹੈ ਅਤੇ ਪਾਪ ਦੂਰ ਚਲੇ ਜਾਂਦੇ ਹਨ। ਹੇ ਮਾਂ ! ਉਹ ਪ੍ਰਭੂ ਮੈਨੂੰ ਕਿਉਂ ਭੁੱਲੇ ? ਜਿਹੜਾ (ਸਾਰੇ ਜਗਤ ਵਿਚ) ਪੂਰਨ ਹੋ ਰਿਹਾ ਹੈ।੭।(ਹੇ ਭਾਈ ! ਪ੍ਰਭੂ ਦੇ ਚਰਨਾਂ ਵਿਚ) ਜਦੋਂ ਮੈਂ ਨਿਮਾਣੀ ਹੋ ਕੇ ਢਹਿ ਪਈ, (ਤਾਂ ਉਹ ਮੈਨੂੰ) ਸੁਤੇ ਸਿੱਧ ਹੀ ਆ ਮਿਲਿਆ ਹੈ। ਭਾਗਾਂ ਵਿਚ ਪਹਿਲਾਂ ਤੋਂ ਲਿਖਿਆ ਹੋਣ ਕਰਕੇ ਨਾਨਕ ਨੇ ਸੰਤ ਗੁਰੂ ਦੀ ਸਹਾਇਤਾ ਨਾਲ (ਪ੍ਰਭੂ ਨੂੰ) ਪਾ ਲਿਆ ਹੈ।੮।੧।੪।

ਪਦਾਰਥ = ਕਿਤੀ–ਕਿਤਨੇ ਹੀ; ਕਈ। ਲਖ ਕਰੋੜਿ–ਲੱਖਾਂ ਕ੍ਰੋੜਾਂ (ਪ੍ਰਤਾਪੀ ਮਨੁੱਖ); ਲੱਖਾਂ ਕ੍ਰੋੜਾਂ ਦਾ ਧਨ ਪਦਾਰਥ (ਸੰ.ਸ.; ਫ.ਸ.); ਲੱਖਾਂ ਕ੍ਰੋੜਾਂ ਜਪ ਤਪ ਤੇ ਤੀਰਥ ਇਸ਼ਨਾਨ ਆਦਿ। ਪਿਰੀਏ–ਹੇ ਪਿਆਰੇ ਪ੍ਰਭੂ !। ਰੋਮ–ਵਾਲ। ਨ ਪੁਜਨਿ–ਪੁਜ ਨਹੀਂ ਸਕਦੇ। ਸਾਹੀ ਹੂ ਸਾਹੁ–ਸ਼ਾਹਾਂ ਦਾ ਪਾਤਸ਼ਾਹ। ਹਉ–ਮੈਂ। ਨ ਸਕਾ–ਨਹੀਂ ਸਕਦੀ।੫। ਸਹੀਆ–ਸਹੇਲੀਆਂ (ਦਾਸੀਆਂ)। ਤਊ– ਤੇਰੀਆਂ। ਅਸੰਖ–ਅਣਗਿਣਤ। ਮੰਞਹੁ–ਮੇਰੇ ਨਾਲੋਂ। ਹਭਿ–ਸਾਰੀਆਂ। ਵਧਾਣੀਆ–ਵਧੇਰੇ; ਵਧੀਆ (ਚੰਗੀਆਂ। ਹਿਕ ਭੋਰੀ–ਇਕ ਰੱਤਾ ਭਰ। ਨਦਰਿ–ਮੇਹਰ ਦੀ ਨਜਰ ਨਾਲ। ਨਿਹਾਲਿ–ਦੇਖ। ਰੰਗੁ ਮਾਣੀਆ–ਅਨੰਦ ਮਾਣਾਂ।੬। ਜੈ ਡਿਠੇ–ਜਿਸ ਨੂੰ ਦੇਖਣ ਨਾਲ। ਧੀਰੀਐ–ਧੀਰਜ ਮਿਲਦਾ ਹੈ। ਕਿਲਵਿਖ–ਪਾਪ। ਵੰਞਨਿ–ਚਲੇ ਜਾਂਦੇ ਹਨ। ਸੋ–ਉਹ। ਮਾਉ–ਹੇ ਮਾਂ !। ਮੈ–ਮੈਨੂੰ। ਰਹਿਆ ਭਰਪੂਰੇ

-ਵਿਆਪਕ ਹੋ ਰਿਹਾ ਹੈ।੭।ਹੋਇ ਨਿਮਾਣੀ-ਮਾਣ ਰਹਿਤ ਹੋ ਕੇ; ਨੀਵੀਂ ਹੋ ਕੇ।ਸਹਜਿ ਸੁਭਾਇ-ਸੁਤੇ ਸਿੱਧ; ਨਿਰਯਤਨ ਹੀ। ਪੂਰਬਿ-ਪਹਿਲਾਂ ਤੋਂ।ਸੰਤ ਸਹਾਇ-ਸੰਤ ਗੁਰੂ ਦੀ ਸਹਾਇਤਾ ਨਾਲ।੮।੧।੪।

ਸੂਹੀ ਮਹਲਾ ੫ ॥ ਸਿਮ੍ਰਿਤਿ ਬੇਦ ਪੁਰਾਣ, ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ,ਗਾਲ੍ਹੀ ਹੋਛੀਆ ॥੧॥ ਨਾਮੁ ਨਿਧਾਨੁ ਅਪਾਰੁ ,ਭਗਤਾ ਮਨਿ ਵਸੈ ॥ ਜਨਮ ਮਰਣ ਮੋਹੁ ਦੁਖੁ ,ਸਾਧੂ ਸੰਗਿ ਨਸੈ ॥੧॥ਰਹਾਉ॥ ਮੋਹਿ ਬਾਦਿ ਅਹੰਕਾਰਿ, ਸਰਪਰ ਰੁੰਨਿਆ ॥ ਸੁਖੁ ਨ ਪਾਇਨਿ੍ ਮੂਲਿ, ਨਾਮ ਵਿਛੁੰਨਿਆ ॥੨॥ ਮੇਰੀ ਮੇਰੀ ਧਾਰਿ, ਬੰਧਨਿ ਬੰਧਿਆ ॥ ਨਰਕਿ ਸੁਰਗਿ ਅਵਤਾਰ, ਮਾਇਆ ਧੰਧਿਆ ॥੩॥ ਸੋਧਤ ਸੋਧਤ ਸੋਧਿ, ਤਤੁ ਬੀਚਾਰਿਆ ॥ ਨਾਮ ਬਿਨਾ ਸੁਖੁ ਨਾਹਿ, ਸਰਪਰ ਹਾਰਿਆ ॥੪॥ (ਹੇ ਭਾਈ!) ਸਿਮ੍ਰਤੀਆਂ, ਬੇਦ, ਪੁਰਾਣ ਅਤੇ ਹੋਰ ਧਾਰਮਕ ਪੋਥੀਆਂ ਇਹੋ ਹੀ ਪੁਕਾਰਦੀਆਂ ਹਨ।ਕਿ ਪ੍ਰਭੂ ਦੇ ਨਾਮ ਤੋਂ ਬਿਨਾ ਸਭ ਕੁਝ ਝੂਠ ਹੈ ਅਤੇ ਗੱਲਾਂ ਨਿਕੰਮੀਆਂ ਹਨ।੧।ਬੇਅੰਤ ਪ੍ਰਭੂ ਦਾ ਨਾਮ ਰੂਪ ਖਜਾਨਾ ਭਗਤਾਂ ਦੇ ਮਨ ਵਿਚ ਵਸਦਾ ਹੈ।ਜਨਮ ਮਰਨ ਦਾ ਦੁਖ ਅਤੇ ਸੰਸਾਰ ਦਾ ਮੋਹ ਸਾਧੂਆਂ ਦੀ ਸੰਗਤ ਕਰਨ ਨਾਲ ਨੱਠ ਜਾਂਦਾ ਹੈ।੧।ਰਹਾਉ।(ਜੋ ਮਨੁੱਖ ਮਾਇਆ ਦੇ) ਮੋਹ ਵਿਚ ,ਝਗੜਿਆਂ ਵਿਚ ਅਤੇ ਹੰਕਾਰ ਵਿਚ ਫਸੇ ਹੋਏ ਹਨ, ਉਹ ਜਰੂਰ ਰੋਂਦੇ (ਦੁਖੀ ਹੁੰਦੇ) ਹਨ।ਨਾਮ ਤੋਂ ਵਿਛੜੇ (ਅਜੇਹੇ ਮਨੁੱਖ) ਬਿਲਕੁਲ ਸੁਖ ਨਹੀਂ ਪਾ ਸਕਦੇ।੨।(ਮਨੁੱਖ) ਮੇਰੀ ਮੇਰੀ ਧਾਰ ਕੇ (ਵਿਕਾਰਾਂ ਦੇ) ਬੰਧਨਾਂ ਵਿਚ ਬੰਨ੍ਹਿਆ ਹੋਇਆ ਹੈ।ਮਾਇਆ ਦੇ ਧੰਧਿਆਂ ਵਿਚ ਫਸ ਕੇ (ਮਨੁੱਖ) ਨਰਕ ਵਿਚ ਤੇ ਸੁਰਗ ਵਿਚ ਆਉਂਦੇ ਜਾਂਦੇ ਰਹਿੰਦੇ ਹਨ।੩।(ਹੇ ਭਾਈ! ਸਾਰੀਆਂ ਧਾਰਮਕ ਕਿਤਾਬਾਂ ਦਾ) ਨਿਰਣਾ ਕਰਦਿਆਂ ਤੇ ਪੜਤਾਲ ਕਰਕੇ ਇਹ ਤੱਤ ਵਿਚਾਰਿਆ ਹੈ ਕਿ ਪ੍ਰਮਾਤਮਾ ਦੇ ਨਾਮ ਤੋਂ ਬਿਨਾ ਸੁਖ ਨਹੀਂ ਮਿਲ ਸਕਦਾ ਅਤੇ (ਨਾਮ ਤੋਂ ਬਿਨਾ ਮਨੁੱਖ) ਜੀਵਨ ਦੀ ਬਾਜੀ ਹਾਰਿਆ ਹੀ ਹੈ।੪।

ਪਦਾਰਥ = ਪੁਕਾਰਨਿ-ਪੁਕਾਰਦੇ ਹਨ।ਪੋਥੀਆ-ਕਿਤਾਬਾਂ।ਕੂੜੁ-ਝੂਠ।ਹੋਛੀਆ-ਨਿਕੰਮੀਆਂ।੧।ਨਿਧਾਨੁ-ਖਜਾਨਾ।ਅਪਾਰੁ-ਬੇਅੰਤ।ਭਗਤਾ ਮਨਿ-ਭਗਤਾਂ ਦੇ ਮਨ ਵਿਚ।ਨਸੈ-ਨੱਠ ਜਾਂਦਾ ਹੈ।੧।ਰਹਾਉ।ਮੋਹਿ-ਮੋਹ ਵਿਚ।ਬਾਦਿ-ਝਗੜੇ ਵਿਚ; ਬਹਿਸ ਬਾਜੀ ਵਿਚ।ਅਹੰਕਾਰਿ-ਹੰਕਾਰ ਵਿਚ।ਸਰਪਰ-ਜਰੂਰ।ਰੁੰਨਿਆ-ਰੋਂਦੇ ਹਨ।ਪਾਇਨਿ-ਪਾ ਸਕਦੇ।ਵਿਛੁੰਨਿਆ-ਵਿਛੜੇ ਹੋਏ। ਮੂਲਿ-ਬਿਲਕੁਲ।੨।ਧਾਰਿ-ਧਾਰ ਕੇ।ਬੰਧਨਿ ਬੰਧਿਆ-ਬੰਧਨਾਂ ਵਿਚ ਬੰਨ੍ਹਿਆ ਹੈ।ਅਵਤਾਰ-ਜਨਮਦਾ (ਆਉਂਦਾ ਜਾਂਦਾ) ਹੈ।੩ ।ਸੋਧਤ-ਨਿਰਣਾ ਨਿਰਣਾ ਕਰਦਿਆਂ।ਸੋਧਿ-ਪੜਤਾਲ ਕਰਕੇ।ਤਤੁ-ਅਸਲੀਅਤ।੪।

ਅੰਗ ੭੬੨ = ਆਵਹਿ ਜਾਹਿ ਅਨੇਕ, ਮਰਿ ਮਰਿ ਜਨਮਤੇ ॥ ਬਿਨੁ ਬੂਝੇ ਸਭੁ ਵਾਦਿ, ਜੋਨੀ ਭਰਮਤੇ ॥੫॥ ਜਿਨ੍ ਕਉ ਭਏ ਦਇਆਲ, ਤਿਨ ਸਾਧੂ ਸੰਗੁ ਭਇਆ ॥ ਅੰਮ੍ਰਿਤੁ ਹਰਿ ਕਾ ਨਾਮੁ ,ਤਿਨੀ ਜਨੀ ਜਪਿ ਲਇਆ ॥੬॥ ਖਜੋਹਿ ਕੋਟਿ ਅਸੰਖ, ਬਹੁਤੁ ਅਨੰਤ ਕੇ ॥ ਜਿਸੁ ਬੁਝਾਏ ਆਪਿ, ਨੇੜਾ ਤਿਸੁ ਹੇ ॥੭॥ ਵਿਸਰੁ ਨਾਹੀ ਦਾਤਾਰ, ਆਪਣਾ ਨਾਮੁ ਦੇਹੁ ॥ ਗੁਣ ਗਾਵਾ ਦਿਨੁ ਰਾਤਿ, ਨਾਨਕ ਚਾਉ ਏਹੁ ॥੮॥੨॥੫॥ (ਨਾਮ ਹੀਣ) ਅਨੇਕਾਂ ਮਨੁੱਖ (ਜਗਤ ਵਿਚ) ਆਉਂਦੇ ਜਾਂਦੇ ਹਨ ਅਤੇ ਮਰ ਕੇ ਮੁੜ ਮੁੜ ਜੰਮਦੇ ਮਰਦੇ ਰਹਿੰਦੇ ਹਨ।(ਆਤਮਕ) ਸੂਝ ਬੂਝ ਤੋਂ ਬਿਨਾ ਸਾਰੇ ਧਾਰਮਕ ਕਰਮ ਬਿਅਰਥ ਹਨ, (ਇਸੇ ਲਈ ਉਹ ਅਨੇਕਾਂ) ਜੋਨੀਆਂ ਵਿਚ ਭਟਕਦੇ ਰਹਿੰਦੇ ਹਨ।੫।(ਹੇ ਭਾਈ!) ਜਿਨ੍ਹਾਂ ਮਨੁੱਖਾਂ ਉਤੇ ਪ੍ਰਭੂ ਮੇਹਰਵਾਨ ਹੋਇਆ ਹੈ, ਉਨ੍ਹਾਂ ਨੂੰ ਸਾਧੂਆਂ ਦਾ ਸੰਗ ਪ੍ਰਾਪਤ ਹੋਇਆ ਹੈ।ਉਨ੍ਹਾਂ ਪੁਰਖਾਂ ਨੇ ਹਰੀ ਦਾ ਅੰਮ੍ਰਿਤ ਨਾਮ ਜਪ ਲਿਆ ਹੈ।੬।(ਹੇ ਭਾਈ!) ਕ੍ਰੋੜਾਂ, ਅਣ ਗਿਣਤ, ਬਹੁਤ, ਬੇਅੰਤ ਤੇ ਕਈ ਲੋਕ ਪ੍ਰਭੂ ਨੂੰ ਖੋਜਦੇ ਫਿਰਦੇ ਹਨ।(ਪਰ) ਜਿਸ ਮਨੁੱਖ ਨੂੰ ਪ੍ਰਭੂ ਆਪ ਸਮਝਾਉਂਦਾ ਹੈ, ਉਸ ਨੂੰ (ਪ੍ਰਭੂ ਦੀ) ਨੇੜਤਾ ਪ੍ਰਾਪਤ ਹੁੰਦੀ ਹੈ।੭।(ਅਰਦਾਸ ਹੈ) ਹੇ ਦਾਤਾਰ ਪ੍ਰਭੂ! (ਕ੍ਰਿਪਾ ਕਰ, ਮੈਨੂੰ) ਅਪਣਾ ਨਾਮ ਬਖਸ਼ ਦੇਹ, (ਮੈਂ ਤੈਨੂੰ ਕਦੇ) ਨਾ ਭੁੱਲ ਸਕਾਂ।ਨਾਨਕ ਨੂੰ ਇਹ ਚਾਉ ਹੈ ਕਿ ਮੈਂ ਦਿਨ ਰਾਤ ਤੇਰੇ ਗੁਣ ਗਾਉਂਦਾ ਰਹਾਂ।੮।੨।੫।

ਪਦਾਰਥ = ਆਵਹਿ ਜਾਹਿ-(ਜਗਤ ਵਿਚ) ਆਉਂਦੇ ਜਾਂਦੇ ਹਨ।ਮਰਿ-ਮਰ ਕੇ।ਜਨਮਤੇ-ਜੰਮਦੇ ਹਨ।ਬੂਝੇ-ਸੂਝ ਬੂਝ।ਵਾਦਿ-ਬਿਅਰਥ।ਭਰਮਤੇ-ਭਟਕਦੇ ਹਨ।੫।ਜਿਨ ਕਉ-ਜਿਨ੍ਹਾਂ ਉਤੇ।ਭਏ-ਹੋਇਆ।ਤਿਨ-ਉਨ੍ਹਾਂ ਨੂੰ।ਭਇਆ-ਹੋਇਆ।ਤਿਨੀ ਜਨੀ -ਉਨ੍ਹਾਂ ਪੁਰਖਾਂ ਨੇ।੬।ਖੋਜਹਿ-ਖੋਜਦੇ ਹਨ।ਕੋਟਿ-ਕ੍ਰੋੜਾਂ।ਅਸੰਖ-ਅਣਗਿਣਤ।ਅਨੰਤ-ਬੇਅੰਤ।ਕੇ-ਕਈ।ਨੇੜਾ ਤਿਸੁ ਹੇ-ਉਸ ਨੂੰ ਨੇੜਤਾ ਪ੍ਰਾਪਤ ਹੁੰਦੀ ਹੈ।੭।ਵਿਸਰੁ ਨਾਹੀ-ਨਾ ਭੁੱਲ ਸਕਾਂ।ਦਾਤਾਰ-ਹੇ ਦਾਤਾਰ ਪ੍ਰਭੂ!।ਚਾਉ-ਉਤਸ਼ਾਹ।੮।੨।੫।

ਉਥਾਨਕਾ = ਕੁਚੱਜੀ ਦੇ ਸਿਰਲੇਖ ਹੇਠ ਪਤੀ ਪ੍ਰਮੇਸਰ ਤੋਂ ਵਿਛੜੇ ਹੋਏ ਜੀਵ ਨੂੰ ਬੁਰੇ ਆਚਾਰ ਵਾਲੀ ਇਸਤ੍ਰੀ ਦੇ ਰੂਪ ਵਿਚ ਕਥਨ ਕੀਤਾ ਹੈ, ਜੋ ਪਤੀ ਦੀਆਂ ਬਖਸ਼ੀਆਂ ਦਾਤਾਂ ਵਿਚ ਫਸ ਕੇ ਪਤੀ ਨੂੰ ਭੁਲਾ ਦਿੰਦੀ ਹੈ, ਬੇਸਮਝੀ ਵਿਚ ਸੁੱਤੀ ਹੋਈ ਪਤੀ ਨੂੰ

ਯਾਦ ਕਰਨਾ ਭੁਲ ਜਾਂਦੀ ਹੈ।(ਸ਼ਬਦਾਰਥ, ਟਕਸਾਲ ਤੇ ਫ.ਸ. ਅਨੁਸਾਰ ਇਹ ਸ਼ਬਦ ਅਸਾਮ ਦੀ ਜਾਦੂਗਰ ਰਾਣੀ ਨੂਰ ਸ਼ਾਹ ਪ੍ਰਤੀ ਉਚਾਰਨ ਹੋਇਆ ਹੈ)।ਦੂਜੇ ਸ਼ਬਦ 'ਸੁਚੱਜੀ' ਦੇ ਸਿਰਲੇਖ ਹੇਠਾਂ ਹਰੀ ਤੇ ਭਰੋਸਾ ਰੱਖਣ ਵਾਲੇ ਹੁਕਮੀ ਬੰਦੇ ਨੂੰ ਇਕ ਨੇਕ ਇਸਤ੍ਰੀ ਦੇ ਰੂਪ ਵਿਚ ਬਿਆਨ ਕੀਤਾ ਹੈ।ਤੀਜੇ ਸ਼ਬਦ 'ਗੁਣਵੰਤੀ' ਸਿਰਲੇਖ ਹੇਠਾਂ ਸਿੱਧੇ ਸ਼ਬਦਾਂ ਵਿਚ ਗੁਣਵਾਨ ਸਿੱਖ ਨੂੰ ਉਸ ਦੇ ਅਪਣੇ ਮੂੰਹੋਂ ਬਿਆਨ ਕੀਤਾ ਹੈ।ਇਨ੍ਹਾਂ ਸ਼ਬਦਾਂ ਵਿਚ ਲਹਿੰਦੀ ਬੋਲੀ ਵਰਤੀ ਹੋਈ ਹੈ।

ਰਾਗੁ ਸੂਹੀ ਮਹਲਾ ੧ ਕੁਚਜੀ ੴ ਸਤਿਗੁਰ ਪ੍ਰਸਾਦਿ ॥ ਮੰਞੁ ਕੁਚਜੀ ਅੰਮਾਵਣਿ ਡੋਸੜੇ, ਹਉ ਕਿਉ ਸਹੁ ਰਾਵਣਿ ਜਾਉ ਜੀਉ ॥ ਇਕ ਦੂ ਇਕਿ ਚੜੰਦੀਆ, ਕਉਣੁ ਜਾਣੈ ਮੇਰਾ ਨਾਉ ਜੀਉ ॥ ਜਿਨ੍ਹੀ ਸਖੀ ਸਹੁ ਰਾਵਿਆ, ਸੇ ਅੰਬੀ ਛਾਵੜੀਏਹਿ ਜੀਉ ॥ ਸੇ ਗੁਣ ਮੰਞੁ ਨ ਆਵਨੀ, ਹਉ ਕੈ ਜੀ ਦੋਸ ਧਰੇਉ ਜੀਉ ॥ ਕਿਆ ਗੁਣ ਤੇਰੇ ਵਿਥਰਾ, ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥ ਇਕਤੁ ਟੋਲਿ ਨ ਅੰਬੜਾ, ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥ ਸੁਇਨਾ ਰੁਪਾ ਰੰਗੁਲਾ, ਮੋਤੀ ਤੈ ਮਾਣਿਕੁ ਜੀਉ ॥ ਸੇ ਵਸਤੂ ਸਹਿ ਦਿਤੀਆ, ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥ (ਹੇ ਸਖੀ!) ਮੈਂ ਖੋਟੇ ਚੱਜ ਵਾਲੀ ਇਸਤ੍ਰੀ ਹਾਂ, ਮੇਰੇ ਦੋਸ਼ ਬਹੁਤ ਹਨ, (ਇਤਨੇ ਦੋਸ਼ ਹੁੰਦਿਆਂ) ਮੈਂ ਪਤੀ ਪ੍ਰਭੂ ਦੇ ਮਿਲਾਪ ਦਾ ਅਨੰਦ ਕਿਵੇਂ ਮਾਣਨ ਜਾਵਾਂ? (ਉਸ ਮਾਲਕ ਪ੍ਰਭੂ ਦੀਆਂ) ਇਕ ਤੋਂ ਇਕ ਵਧੀਆ (ਗੁਣਵਾਨ ਦਾਸੀਆਂ) ਹਨ, ਮੇਰਾ ਨਾਉਂ (ਉਥੇ) ਕੌਣ ਜਾਣਦਾ ਹੈ? (ਮੇਰੀ ਅਭਾਗਣ ਦੀ ਉਥੇ ਕੋਈ ਪੁੱਛ ਪ੍ਰਤੀਤ ਨਹੀਂ ਹੋਣੀ)।ਜਿਨਾਂ ਸਖੀਆਂ ਨੇ ਪਤੀ ਪ੍ਰਭੂ ਦੇ ਮਿਲਾਪ ਦਾ ਅਨੰਦ ਮਾਣਿਆ ਹੈ, ਉਹ ਅੰਬਾਂ ਦੀਆਂ ਠੰਢੀਆਂ ਛਾਵਾਂ ਹੇਠ (ਸੁਖੀ ਬੈਠੀਆਂ) ਹਨ।(ਪ੍ਰਭੂ ਨੂੰ ਪ੍ਰਸੰਨ ਕਰਨ ਵਾਲੇ) ਉਹ ਗੁਣ ਮੇਰੇ ਅੰਦਰ ਨਹੀਂ ਆਉਂਦੇ (ਇਸ ਲਈ ਮੇਰਾ ਮਾਲਕ ਨਾਲ ਮੇਲ ਨਹੀਂ ਹੁੰਦਾ, ਇਸ ਦਾ) ਦੋਸ਼ ਮੈਂ ਕਿਸ ਉਤੇ ਧਰਾਂ? (ਹੇ ਪ੍ਰਭੂ!) ਮੈਂ ਤੇਰੇ ਕਿਹੜੇ ਗੁਣ ਬਿਆਨ ਕਰਾਂ ਅਤੇ ਮੈਂ ਤੇਰਾ ਕਿਹੜਾ ਕਿਹੜਾ ਨਾਮ ਲਵਾਂ? (ਕਿਉਂ ਤੇਰੇ ਬੇਅੰਤ ਗੁਣ ਅਤੇ ਬੇਅੰਤ ਨਾਮ ਹਨ)।ਮੈਂ ਤੇਰੀ ਇਕ ਵਡਿਆਈ ਤੱਕ ਨਹੀਂ ਅਪੜ ਸਕਦੀ, ਮੈਂ ਸਦਾ ਤੇਰੇ ਤੋਂ ਕੁਰਬਾਨ ਜਾਂਦੀ ਹਾਂ।ਅਨੰਦ ਦੇਣ ਵਾਲੇ ਸੋਨਾ, ਚਾਂਦੀ, ਮੋਤੀ ਅਤੇ ਮਾਣਕ ਆਦਿਕ ਜੋ ਹਨ।ਉਹ ਵਸਤੂਆਂ ਪਤੀ ਪ੍ਰਭੂ ਨੇ ਮੈਨੂੰ ਦਿਤੀਆਂ ਹਨ, ਮੈਂ ਇਨਾਂ (ਕੀਮਤੀ ਚੀਜਾਂ) ਨਾਲ ਚਿਤ ਲਾਇਆ ਹੋਇਆ ਹੈ।

ਪਦਾਰਥ = ਕੁਚਜੀ–(ਕੁਚੱਜੀ ਬੋਲੋ) ਬੁਰੇ ਆਚਾਰ ਵਾਲੀ; ਗੁਣ ਹੀਣ ਇਸਤ੍ਰੀ।ਮੰਞੁ–ਮੈਂ; ਮੇਰਾ।ਅੰਮਾਵਣਿ–ਜੋ ਸਮਾ ਨਾ ਸਕਣ ਭਾਵ ਬਹੁਤ।ਡੋਸੜੇ–ਦੋਸ਼।ਹਉ–ਮੈਂ।ਕਿਉ–ਕਿਵੇਂ।ਸਹੁ–ਪਤੀ ਨੂੰ।ਰਾਵਣਿ ਜਾਉ–ਅਨੰਦ ਮਾਣਨ ਜਾਵਾਂ।ਇਕ ਦੂ ਇਕਿ–ਇਕ ਤੋਂ ਇਕ।ਚੜੰਦੀਆ–ਵਧੀਆ; ਸੋਹਣੀਆਂ।ਜਿਨ੍ਹੀ ਸਖੀ–ਜਿਨ੍ਹਾਂ ਸਖੀਆਂ ਨੇ।ਰਾਵਿਆ–ਅਨੰਦ ਮਾਣਿਆ।ਸੇ–ਉਹ।ਅੰਬੀ–ਅੰਬਾਂ ਦੀਆਂ।ਛਾਵੜੀਏਹਿ–ਛਾਵਾਂ ਹੇਠ (ਸੁਖ ਸ਼ਾਂਤੀ ਨਾਲ ਵਸਦੀਆਂ ਹਨ)।ਨ ਆਵਨੀ–ਨਹੀਂ ਆਉਂਦੇ।ਕੈ ਜੀ–ਕਿਸ ਉਤੇ। ਧਰੇਉ–ਧਰਾਂ; ਦੇਵਾਂ।ਵਿਥਰਾ–ਬਿਆਨ ਕਰਾਂ।ਕਿਆ–ਕਿਹੜਾ।ਘਿਨਾ–ਲਵਾਂ (ਜਪਾਂ)।ਇਕਤੁ ਟੋਲਿ–ਇਕ ਵੀ ਗੁਣ।ਨ ਅੰਬੜਾ –ਨਹੀ ਅੱਪੜ ਸਕਦੀ।ਰੁਪਾ–ਚਾਂਦੀ।ਤੈ–ਅਤੇ।ਮਾਣਿਕ–ਲਾਲ; ਹੀਰਾ।ਸਹਿ–ਪਤੀ ਨੇ।ਤਿਨ੍ ਸਿਉ–ਉਨ੍ਹਾਂ ਨਾਲ।

ਮੰਦਰ ਮਿਟੀ ਸੰਦੜੇ, ਪਥਰ ਕੀਤੇ ਰਾਸਿ ਜੀਉ ॥ ਹਉ ਏਨੀ ਟੋਲੀ ਭੁਲੀਅਸੁ ,ਤਿਸੁ ਕੰਤ ਨ ਬੈਠੀ ਪਾਸਿ ਜੀਉ ॥ ਅੰਬਰਿ ਕੂੰਜਾ ਕੁਰਲੀਆ, ਬਗ ਬਹਿਠੇ ਆਇ ਜੀਉ ॥ ਸਾਧਨ ਚਲੀ ਸਾਹੁਰੈ, ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥ ਸੁਤੀ ਸੁਤੀ ਝਾਲੁ ਥੀਆ, ਭੁਲੀ ਵਾਟੜੀਆਸੁ ਜੀਉ ॥ ਤੈ ਸਹ ਨਾਲਹੁ ਮੁਤੀਅਸੁ ,ਦੁਖਾ ਕੂੰ ਧਰੀਆਸ ਜੀਉ ॥ ਤੁਧੁ ਗੁਣ ਮੈ ਸਭਿ ਅਵਗਣਾ, ਇਕ ਨਾਨਕ ਕੀ ਅਰਦਾਸਿ ਜੀਉ ॥ ਸਭਿ ਰਾਤੀ ਸੁਹਾਗਣੀ, ਮੈ ਡੋਹਾਗਣਿ ਕਾਈ ਰਾਤਿ ਜੀਉ ॥੧॥ ਮੈਂ ਮਿੱਟੀ ਤੇ ਪੱਥਰਾਂ ਦੇ ਘਰ ਬਣਾ ਲਏ ਤੇ ਸਜਾ ਲਏ ਹਨ (ਇਹ ਪ੍ਰਭੂ ਦੇ ਬਖਸ਼ੇ ਹਨ)।ਮੈਂ ਇਨ੍ਹਾਂ ਪਦਾਰਥਾਂ ਵਿਚ (ਫਸ ਕੇ) ਪ੍ਰਭੂ ਨੂੰ ਭੁੱਲ ਗਈ ਹਾਂ, ਮੈਂ ਉਸ ਪਤੀ ਪ੍ਰਭੂ ਦੇ ਪਾਸ ਨਹੀਂ ਬੈਠੀ (ਪਤੀ ਦੇ ਮਿਲਾਪ ਦਾ ਅਨੰਦ ਨਹੀਂ ਮਾਣਿਆ।ਹੁਣ) ਅਕਾਸ਼ ਵਿਚ ਕੂੰਜਾਂ ਕੁਰਲ ਕੁਰਲ ਕਰਦੀਆਂ ਹਨ ਅਤੇ ਬਗਲੇ ਆ ਬੈਠੇ ਹਨ (ਬੁਢੇਪੇ ਕਰਕੇ ਸਿਰ ਵਿਚ ਸਾਂ ਸਾਂ ਦੀ ਅਵਾਜ ਹੋਣ ਲੱਗੀ ਹੈ ਅਤੇ ਵਾਲ ਚਿੱਟੇ ਹੋ ਗਏ ਹਨ।ਜਦੋਂ ਇਹ) ਜੀਵ ਇਸਤ੍ਰੀ ਸਹੁਰੇ ਘਰ (ਪ੍ਰਲੋਕ) ਵਿਚ ਚਲੀ ਜਾਵੇਗੀ, (ਇਸ ਦੇ ਪੱਲੇ ਕੋਈ ਗੁਣ ਨਹੀਂ, ਇਸ ਲਈ) ਅੱਗੇ ਪ੍ਰਲੋਕ ਵਿਚ ਜਾ ਕੇ ਕੀ ਮੂੰਹ ਦੇਵੇਗੀ (ਦਿਖਾਏਗੀ? ਜੀਵ ਇਸਤ੍ਰੀ ਅਗਿਆਨਤਾ ਦੀ ਨੀਂਦ ਵਿਚ) ਸੁਤੀ ਰਹੀ (ਉਮਰ ਰੂਪ ਰਾਤ ਬੀਤ ਗਈ, ਤੇ) ਸਵੇਰਾ ਹੋ ਗਿਆ (ਮੌਤ ਆ ਗਈ, ਜੀਵਨ ਦਾ ਅਸਲੀ) ਰਸਤਾ ਭੁੱਲ ਗਈ ਸੀ।

ਹੇ ਪਤੀ ਪ੍ਰਭੂ! ਮੈਂ ਤੇਰੇ ਨਾਲੋਂ ਵਿਛੜ ਗਈ ਅਤੇ ਦੁੱਖਾਂ ਨੂੰ ਹੀ ਧਾਰਨ ਕੀਤਾ ਹੈ (ਦੁਖ ਭੋਗਦੀ ਰਹੀ)।ਹੇ ਪ੍ਰਭੂ! ਤੂੰ ਬੇਅੰਤ ਗੁਣਾਂ ਵਾਲਾ ਹੈਂ ਅਤੇ ਮੇਰੇ ਵਿਚ ਸਾਰੇ ਅਉਗਣ ਹਨ, (ਪਰ ਤੇਰੇ ਚਰਨਾਂ ਵਿਚ) ਨਾਨਕ ਦੀ ਇਕ ਅਰਦਾਸ ਹੈ।ਕਿ ਸੁਹਾਗਣਾਂ ਨੂੰ ਤਾਂ ਤੈਂ (ਅਪਣੇ ਮਿਲਾਪ ਦੀਆਂ) ਸਾਰੀਆਂ ਰਾਤਾਂ ਦੇ ਰੱਖੀਆਂ ਹਨ, ਮੈਂ ਦੁਹਾਗਣ ਨੂੰ ਵੀ (ਮਿਲਾਪ ਦੀ) ਕੋਈ ਰਾਤ ਬਖਸ।੧।

ਸਭਿ ਰਾਤੀ ਸੋਹਾਗਣੀ ਇਕ ਮੈ ਦੋਹਾਗਣਿ ਰਾਤਿ।(੭੯੦)

ਪਦਾਰਥ = ਮੰਦਰ-ਘਰ।ਸੰਦੜੇ-ਦੇ।ਕੀਤੇ-ਬਣਾਏ ਹਨ।ਰਾਸਿ-ਸਜਾਏ ਹਨ; ਸਵਾਰੇ ਹਨ।ਹਉ-ਮੈਂ।ਏਨੀ ਟੋਲੀ-ਇਨ੍ਹਾਂ ਪਦਾਰਥਾਂ ਵਿਚ।ਭੁਲੀਅਸੁ-ਭੁੱਲ (ਕੁਰਾਹੇ ਪੈ) ਗਈ ਸੀ।ਕੰਤ-ਪਤੀ ਪ੍ਰਭੂ।ਅੰਬਰਿ-ਅਕਾਸ਼ ਵਿਚ।ਕੂੰਜਾ ਕੁਰਲੀਆ-ਕੂੰਜਾਂ ਕੁਰਲਾਉਂਦੀਆਂ (ਬੋਲਦੀਆਂ; ਕੁਰਲ ਕੁਰਲ ਕਰਦੀਆਂ) ਹਨ।ਬਗ-ਬਗਲੇ; ਚਿੱਟੇ।ਬਹਿਠੇ ਆਇ-ਆ ਬੈਠੇ ਹਨ।ਸਾਧਨ-ਜੀਵ ਇਸਤ੍ਰੀ।ਸਾਹੁਰੈ-ਸਹੁਰੇ ਘਰ ਵਿਚ।ਮੁਹੁ-ਮੂੰਹ।ਦੇਸੀ-ਦੇਵੇਗੀ (ਦਿਖਾਏਗੀ)।ਅਗੈ-ਅੱਗੇ ਪ੍ਰਲੋਕ ਵਿਚ।ਸੁਤੀ-ਸੁੱਤੀ ਰਹੀ। ਝਾਲ ਥੀਆ-ਸਵੇਰਾ (ਚਾਨਣਾ) ਹੋ ਗਿਆ।ਵਾਟੜੀਆਸੁ-ਰਸਤਾ।ਸਹ-ਹੇ ਪਤੀ ਪ੍ਰਭੂ!।ਤੈ ਨਾਲਹੁ-ਤੇਰੇ ਨਾਲੋਂ।ਮੁਤੀਅਸੁ-ਵਿਛੜੀ ਰਹੀ।ਕੂੰ-ਨੂੰ।ਧਰੀਆਸੁ-ਧਾਰਨ ਕੀਤਾ ਹੈ।ਤੁਧੁ-ਤੂੰ।ਅਰਦਾਸਿ-ਬੇਨਤੀ।ਰਾਤੀ-ਰਾਤਾਂ।ਸੁਹਾਗਣੀ-ਗੁਰਮੁਖ ਰੂਪ ਸੁਹਾਗਣਾਂ ਨੂੰ।ਡੋਹਾਗਣਿ-ਦੁਹਾਗਣ (ਅਭਾਗਣ) ਨੂੰ।ਕਾਈ-ਕੋਈ।੧।

ਸੂਹੀ ਮਹਲਾ ੧ ਸੁਚਜੀ ॥ ਜਾ ਤੂ ਤਾ ਮੈ ਸਭੁ ਕੋ, ਤੂ ਸਾਹਿਬੁ ਮੇਰੀ ਰਾਸਿ ਜੀਉ ॥ ਤੁਧੁ ਅੰਤਰਿ ਹਉ ਸੁਖਿ ਵਸਾ, ਤੂੰ ਅੰਤਰਿ ਸਾਬਾਸਿ ਜੀਉ ॥ ਭਾਣੈ ਤਖਤਿ ਵਡਾਈਆ, ਭਾਣੈ ਭੀਖ ਉਦਾਸਿ ਜੀਉ ॥ ਭਾਣੈ ਥਲ ਸਿਰਿ ਸਰੁ ਵਹੈ, ਕਮਲੁ ਫੁਲੈ ਆਕਾਸਿ ਜੀਉ ॥ ਭਾਣੈ ਭਵਜਲੁ ਲੰਘੀਐ, ਭਾਣੈ ਮੰਝਿ ਭਰੀਆਸਿ ਜੀਉ ॥ ਭਾਣੈ ਸੋ ਸਹੁ ਰੰਗੁਲਾ, ਸਿਫਤਿ ਰਤਾ ਗੁਣਤਾਸਿ ਜੀਉ ॥ ਭਾਣੈ ਸਹੁ ਭੀਹਾਵਲਾ, ਹਉ ਆਵਣਿ ਜਾਣਿ ਮੁਈਆਸਿ ਜੀਉ ॥ ਤੂ ਸਹੁ ਅਗਮੁ ਅਤੋਲਵਾ, ਹਉ ਕਹਿ ਕਹਿ ਢਹਿ ਪਈਆਸਿ ਜੀਉ ॥ ਕਿਆ ਮਾਗਉ ਕਿਆ ਕਹਿ ਸੁਣੀ, ਮੈ ਦਰਸਨ ਭੂਖ ਪਿਆਸਿ ਜੀਉ ॥ ਗੁਰ ਸਬਦੀ ਸਹੁ ਪਾਇਆ, ਸਚੁ ਨਾਨਕ ਕੀ ਆਰਦਾਸਿ ਜੀਉ ॥੨॥ (ਹੇ ਪ੍ਰਭੂ!) ਜਦ ਤੂੰ ਮੇਰਾ ਬਣ ਗਿਆ ਹੈਂ, ਤਾਂ ਮੈਨੂੰ ਸਭ ਕੁਛ ਮਿਲ ਗਿਆ (ਲੋਕ ਪ੍ਰਲੋਕ ਦੇ ਕਿਸੇ ਪਦਾਰਥ ਕਮੀ ਨਹੀਂ ਰਹੀ); ਸਭ ਕੋਈ ਮੇਰਾ ਅਪਣਾ ਬਣ ਗਿਆ, ਤੂੰ ਮੇਰਾ ਮਾਲਕ ਹੈਂ ਅਤੇ ਮੇਰੇ ਜੀਵਨ ਦੀ ਪੂੰਜੀ ਹੈਂ।ਜੇ ਤੂੰ ਮੇਰੇ ਹਿਰਦੇ ਅੰਦਰ ਪ੍ਰਗਟ ਹੋਵੇਂ, ਤਾਂ ਮੈਂ ਸੁਖੀ ਵਸਾਂ, ਜੇ ਤੂੰ ਮੇਰੇ ਹਿਰਦੇ ਅੰਦਰ ਪ੍ਰਗਟ ਹੋ ਜਾਵੇਂ, (ਤਾਂ ਸਭ ਜਗ੍ਹਾ ਮੈਨੂੰ) ਸ਼ਾਬਾਸ਼ ਮਿਲੇ।ਤੇਰੇ ਭਾਣੇ ਵਿਚ ਹੀ ਤਖਤ ਉਤੇ ਬੈਠੇ ਮਨੁੱਖ ਨੂੰ ਵਡਿਆਈਆਂ ਮਿਲਦੀਆਂ ਹਨ ਅਤੇ ਤੇਰੇ ਭਾਣੇ ਵਿਚ ਹੀ ਮਨੁੱਖ ਤਿਆਗੀ ਹੋ ਕੇ ਭਿਖਿਆ ਮੰਗਦਾ ਹੈ।ਤੇਰੇ ਭਾਣੇ ਵਿਚ ਸੁੱਕੀ ਧਰਤੀ ਦੇ ਸਿਰ ਉਤੇ ਦਰਿਆ ਵਹਿੰਦਾ ਹੈ {ਤਿਸੁ ਭਾਣਾ ਤਾਂ ਥਲ ਸਿਰਿ ਸਰਿਆ ੧੧੪੨} ਅਤੇ ਅਕਾਸ਼ ਵਿਚ ਕਮਲ ਖਿੜ ਸਕਦਾ ਹੈ ਭਾਵ ਜੇ ਰੱਬ ਦੀ ਮੇਹਰ ਹੋਵੇ ਤਾਂ ਸੁੱਕੇ ਭਗਤ ਹੀਣ ਦਿਲਾਂ ਵਿਚ ਪ੍ਰੇਮ ਦੀ ਲਹਿਰ ਚਲ ਪਵੇ।ਤੇਰੇ ਭਾਣੇ ਵਿਚ ਹੀ ਭਵਜਲ ਤੋਂ ਪਾਰ ਲੰਘ ਸਕੀਦਾ ਹੈ ਅਤੇ ਭਾਣੇ ਵਿਚ ਹੀ ਪਾਪਾਂ ਨਾਲ ਭਰੇ ਹੋਣ ਕਰਕੇ ਭਵਜਲ ਦੇ ਵਿਚ ਹੀ ਡੁਬ ਜਾਈਦਾ ਹੈ।ਭਾਣੇ ਵਿਚ ਹੀ (ਜੀਵ ਇਸਤ੍ਰੀ ਨੂੰ) ਉਹ ਪ੍ਰਭੂ ਪਤੀ ਪਿਆਰਾ ਲਗਦਾ ਹੈ ਅਤੇ (ਭਾਣੇ ਵਿਚ ਹੀ ਜੀਵ) ਗੁਣਾਂ ਦੇ ਖਜਾਨੇ ਪ੍ਰਭੂ ਦੀ ਸਿਫਤਾਂ ਵਿਚ ਰੰਗਿਆ ਜਾਂਦਾ ਹੈ।ਭਾਣੇ ਵਿਚ ਹੀ ਪਤੀ ਪ੍ਰਭੂ ਡਰਾਉਣਾ ਹੋ ਦਿਸਦਾ ਹੈ, ਭਾਣੇ ਵਿਚ ਹੀ ਮੈਂ ਜਨਮ ਮਰਨ ਦੇ ਗੇੜ ਵਿਚ ਮਰਦੀ ਰਹੀ ਹਾਂ।ਹੇ ਪਤੀ ਪ੍ਰਭੂ! ਤੂੰ ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਤੋਲ ਰਹਿਤ ਹੈਂ, ਮੈਂ ਤੇਰੇ ਗੁਣ ਆਖਦੀ ਆਖਦੀ ਤੇਰੇ ਦਰ ਤੇ ਢਹਿ ਪਈ ਹਾਂ।(ਹੇ ਪ੍ਰਭੂ!) ਮੈਨੂੰ ਤੇਰੇ ਦਰਸ਼ਨਾਂ ਦੀ ਭੁੱਖ ਤੇ ਪਿਆਸ ਹੈ, (ਇਸ ਤੋਂ ਬਿਨਾ ਹੋਰ) ਮੈਂ ਕੀ ਮੰਗਾਂ, ਕੀ ਕਹਾਂ ਤੇ ਕੀ ਸੁਣਾਂ? ਨਾਨਕ ਦੀ ਸੱਚੀ ਅਰਦਾਸ ਪ੍ਰਵਾਨ ਹੋ ਗਈ, ਮੈਂ ਪਤੀ ਪ੍ਰਭੂ ਨੂੰ ਗੁਰੂ ਦੇ ਸ਼ਬਦ ਦੁਆਰਾ ਪਾ ਲਿਆ ਹੈ।੨।

ਪਦਾਰਥ = ਸੁਚਜੀ (ਸੁਚੱਜੀ ਬੋਲੋ)-ਨੇਕ ਕੰਮ ਕਰਨ ਵਾਲੀ (ਗੁਣਵਾਨ) ਇਸਤ੍ਰੀ।ਸਭੁ ਕੋ-ਸਭ ਕੋਈ; ਸਭ ਕੁਛ।ਸਾਹਿਬੁ-ਮਾਲਕ।ਰਾਸਿ-ਪੂੰਜੀ।ਤੁਧੁ-ਤੂੰ।ਅੰਤਰਿ-ਹਿਰਦੇ ਅੰਦਰ।ਹਉ-ਮੈਂ।ਸੁਖਿ-ਸੁਖੀ।ਵਸਾ-ਮੈਂ ਵਸਾਂ।ਸਾਬਾਸਿ-ਵਡਿਆਈ।ਭਾਣੈ -ਭਾਣੇ ਵਿਚ।ਤਖਤਿ-ਤਖਤ ਉਤੇ।ਉਦਾਸਿ-ਤਿਆਗੀ।ਥਲ ਸਿਰਿ-ਸੁਕੀ ਧਰਤੀ ਦੇ ਸਿਰ ਉਤੇ।ਸਰੁ-ਸਮੁੰਦਰ; ਦਰਿਆ।ਵਹੈ -ਵਹਿੰਦਾ ਹੈ।ਆਕਾਸਿ-ਅਕਾਸ਼ ਵਿਚ।ਫੁਲੈ-ਖਿੜਦਾ ਹੈ।ਭਵਜਲੁ-ਸੰਸਾਰ ਸਮੁੰਦਰ।ਮੰਝਿ-ਵਿਚ ਹੀ।ਭਰੀਆਸਿ-ਭਰੇ ਹੋਣ ਕਰਕੇ।ਸੋ-ਉਹ।ਸਹੁ-ਪਤੀ।ਰੰਗੁਲਾ-ਪਿਆਰਾ।ਰਤਾ-ਰੰਗਿਆ ਜਾਂਦਾ ਹੈ।ਗੁਣਤਾਸਿ-ਗੁਣਾਂ ਦਾ ਖਜਾਨਾ।ਆਵਣਿ ਜਾਣਿ-ਜਨਮ ਮਰਨ ਦੇ ਗੇੜ ਵਿਚ।ਭੀਹਾਵਲਾ-ਡਰਾਉਣਾ।ਮੁਈਆਸਿ-ਮਰਦੀ ਰਹੀ ਹਾਂ।ਅਗਮੁ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਤੋਲਵਾ-ਤੋਲ ਰਹਿਤ (ਜੋ ਤੋਲਿਆ ਨਾ ਜਾਵੇ)।ਪਈਆਸਿ-ਪਈ ਹਾਂ।ਸਬਦੀ-ਸ਼ਬਦ ਦੁਆਰਾ।੨।

ਅੰਗ ੭੬੩ = ਸੂਹੀ ਮਹਲਾ ੫ ਗੁਣਵੰਤੀ ॥ ਜੋ ਦੀਸੈ ਗੁਰ ਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ ਆਖਾ ਬਿਰਥਾ ਜੀਅ ਕੀ, ਗੁਰੁ ਸਜਣੁ ਦੇਹਿ ਮਿਲਾਇ ਜੀਉ ॥ ਸੋਈ ਦਸਿ ਉਪਦੇਸੜਾ, ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥

ਇਹੁ ਮਨੁ ਤੈ ਕੂੰ ਡੇਵਸਾ, ਮੈ ਮਾਰਗੁ ਦੇਹੁ ਬਤਾਇ ਜੀਉ ॥ ਹਉ ਆਇਆ ਦੂਰਹੁ ਚਲਿ ਕੈ. ਮੈ ਤਕੀ ਤਉ ਸਰਣਾਇ ਜੀਉ ॥ ਮੈ ਆਸਾ ਰਖੀ ਚਿਤਿ ਮਹਿ, ਮੇਰਾ ਸਭੋ ਦੁਖੁ ਗਵਾਇ ਜੀਉ ॥ ਇਤੁ ਮਾਰਗਿ ਚਲੇ ਭਾਈਅੜੇ, ਗੁਰੁ ਕਹੈ ਸੁ ਕਾਰ ਕਮਾਇ ਜੀਉ ॥ ਤਿਆਗੇਂ ਮਨ ਕੀ ਮਤੜੀ, ਵਿਸਾਰੇਂ ਦੂਜਾ ਭਾਉ ਜੀਉ ॥ ਇਉ ਪਾਵਹਿ ਹਰਿ ਦਰਸਾਵੜਾ, ਨਹ ਲਗੈ ਤਤੀ ਵਾਉ ਜੀਉ ॥ ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ ॥ ਹਰਿ ਭਗਤਿ ਖਜਾਨਾ ਬਖਸਿਆ, ਗੁਰਿ ਨਾਨਕਿ ਕੀਆ ਪਸਾਉ ਜੀਉ ॥ ਮੈ ਬਹੁੜਿ ਨ ਤ੍ਰਿਸਨਾ ਭੁਖੜੀ, ਹਉ ਰਜਾ ਤ੍ਰਿਪਤਿ ਅਘਾਇ ਜੀਉ ॥ ਜੋ ਗੁਰ ਦੀਸੈ ਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥੩॥ (ਇਕ ਜਗਿਆਸੂ ਗੁਣਾਂ ਵਾਲੀ ਇਸਤ੍ਰੀ ਦੇ ਰੂਪ ਵਿਚ ਆਖਦਾ ਹੈ ਕਿ) ਮੈਨੂੰ ਜੋ ਵੀ ਗੁਰੂ ਦਾ ਸਿਖ ਦਿਸਦਾ ਹੈ, ਮੈਂ ਨਿਉਂ ਨਿਉਂ ਕੇ ਉਸ ਦੇ ਪੈਰੀਂ ਲਗਦਾ ਹਾਂ।(ਉਸ ਦੇ ਅੱਗੇ) ਮੈ ਅਪਨੇ ਦਿਲ ਦਾ ਦੁਖ ਦਸਦਾ ਹਾਂ ਕਿ ਮੈਨੂੰ ਗੁਰੂ ਸੱਜਣ ਮਿਲਾ ਦੇਹ।(ਮੈਂ ਉਸ ਅੱਗੇ ਬੇਨਤੀ ਕਰਦਾ ਹਾਂ ਕਿ ਹੇ ਗੁਰੂ ਦੇ ਸਿੱਖ! ਮੈਨੂੰ) ਉਹ ਉਪਦੇਸ ਦੱਸ, (ਜਿਸ ਨੂੰ ਸੁਣ ਕੇ) ਮੇਰਾ ਮਨ (ਗੁਰੂ ਨੂੰ ਛਡ ਕੇ) ਹੋਰ ਕਿਸੇ ਪਾਸੇ ਨਾ ਜਾਵੇ।(ਮੈਂ ਅਪਣਾ) ਇਹ ਮਨ ਤੈਨੂੰ ਦੇ ਦੇਵਾਂਗਾ, ਮੈਨੂੰ (ਗੁਰੂ ਦੇ ਮਿਲਣ ਦਾ) ਰਸਤਾ ਦਸ ਦੇਹ।ਮੈਂ (ਅਨੇਕਾਂ ਜੂਨਾਂ ਭੋਗਦਾ ਹੋਇਆ ਬਹੁਤ) ਦੂਰੋਂ ਚਲ ਕੇ (ਮਨੁੱਖਾ ਜਨਮ ਵਿਚ) ਆਇਆ ਹਾਂ, (ਹੁਣ) ਮੈਂ ਤੇਰੀ ਸ਼ਰਣ ਤੱਕੀ ਹੈ।ਮੈਂ ਚਿਤ ਵਿਚ ਇਹ ਆਸਾ ਰੱਖੀ ਹੈ ਕਿ ਤੂੰ ਮੇਰਾ ਸਾਰਾ ਦੁਖ ਗਵਾ ਦੇਵੇਂਗਾ।(ਅੱਗੇ ਗੁਰਸਿਖ ਉਤਰ ਦੇਂਦਾ ਹੈ) ਹੇ ਭਾਈ! ਜੇ ਤੂੰ ਇਸ ਰਸਤੇ ਉਤੇ ਚਲੇਂ, (ਕਿਸ ਰਸਤੇ ਤੇ? ਉਤਰ) ਗੁਰੂ ਜੋ ਕੁਛ ਆਖਦਾ ਹੈ, ਉਹ ਕੰਮ ਕਰਿਆ ਕਰ।(ਜੇ ਤੂੰ) ਮਨ ਦੀ ਮੱਤ ਛਡ ਦੇਵੇਂ ਅਤੇ ਦੂਜਾ ਭਾਵ (ਮਾਇਆ ਦਾ ਮੋਹ) ਵੀ ਭੁਲਾ ਦੇਵੇਂ।ਇਸ ਤਰ੍ਹਾਂ ਤੂੰ ਹਰੀ ਦੇ ਦਰਸ਼ਨ ਪ੍ਰਾਪਤ ਕਰ ਲਵੇਂਗਾ ਅਤੇ ਤੈਨੂੰ ਤੱਤੀ ਹਵਾ ਵੀ ਨਹੀਂ ਲੱਗੇਗੀ (ਕੋਈ ਦੁਖ ਝੱਲਣਾ ਨਹੀਂ ਪਵੇਗਾ)।ਮੈਂ ਅਪਣੇ ਆਪ ਤੋਂ (ਕੋਈ ਸਿਖਿਆ ਵਾਲਾ ਬਚਨ) ਬੋਲਣਾ ਨਹੀਂ ਜਾਣਦਾ, ਮੈਂ (ਇਹ ਬਚਨ) ਗੁਰੂ ਦੇ ਹੁਕਮ ਅਨੁਸਾਰ ਹੀ ਕਿਹਾ ਹੈ।(ਹੇ ਜਗਿਆਸੂ ਵੀਰ! ਮੇਰੇ ਉਤੇ) ਗੁਰੂ ਨਾਨਕ ਨੇ ਮੇਹਰ ਕੀਤੀ ਹੈ, (ਉਸ ਨੇ ਮੈਨੂੰ) ਹਰੀ ਦੀ ਭਗਤੀ ਦਾ ਖਜਾਨਾ ਬਖਸ਼ਿਆ ਹੈ।(ਭਗਤੀ ਦੀ ਬਰਕਤ ਨਾਲ ਮੈਂ) ਰੱਜ ਗਿਆ ਹਾਂ, ਮੈਨੂੰ ਮੁੜ ਕੇ ਮਾਇਕ ਪਦਾਰਥਾਂ ਦੀ ਭੁੱਖ ਤੇ ਤ੍ਰਿਸ਼ਨਾ ਨਹੀਂ ਰਹੀ, (ਹੁਣ ਮੈਂ ਇਸ ਲੋਕ ਦੇ ਪਦਾਰਥਾਂ ਤੋਂ ਵੀ) ਰੱਜ ਗਿਆ ਹਾਂ ਅਤੇ (ਪ੍ਰਲੋਕ ਦੇ ਪਦਾਰਥਾਂ ਤੋਂ ਵੀ) ਰੱਜ ਗਿਆ ਹਾਂ।(ਇਸ ਕਰਕੇ) ਜੋ ਵੀ ਗੁਰੂ ਦਾ ਸਿਖ ਦਿਸਦਾ ਹੈ, ਮੈਂ ਨਿੰਵ ਨਿੰਵ ਕੇ ਉਸ ਦੇ ਪੈਰੀਂ ਲਗਦਾ ਹਾਂ।੩।

ਪਦਾਰਥ = ਗੁਣਵੰਤੀ–ਗੁਣਾਂ ਵਾਲੀ ਜੀਵ ਇਸਤ੍ਰੀ।ਸਿਖੜਾ–ਸਿੱਖ।ਤਿਸੁ–ਉਸ ਦੇ।ਨਿਵਿ–ਨਿਉਂ ਕੇ।ਲਾਗਉ ਪਾਇ–ਪੈਰੀਂ ਲਗਦਾ ਹਾਂ।ਬਿਰਥਾ–ਦੁਖ; ਹਾਲਤ।ਜੀਅ ਕੀ–ਦਿਲ ਦੀ।ਸੋਈ–ਉਹ।ਉਪਦੇਸੜਾ–ਉਪਦੇਸ਼।ਅਨਤ ਕਾਹੂ–ਕਿਸੇ ਹੋਰ ਪਾਸੇ।ਤੈ ਕੂੰ–ਤੈਨੂੰ।ਡੇਵਸਾ–ਮੈਂ ਦੇ ਦੇਵਾਂਗਾ।ਮਾਰਗੁ–ਰਸਤਾ।ਦੇਹੁ ਬਤਾਇ–ਦੱਸ ਦੇਹ।ਹਉ–ਮੈਂ।ਦੂਰਹੁ–ਦੂਰ ਤੋਂ।ਤਕੀ–ਦੇਖੀ ਹੈ; ਲੱਭੀ ਹੈ।ਤਉ–ਤੇਰੀ।ਮਹਿ–ਵਿਚ।ਇਤੁ ਮਾਰਗਿ–ਇਸ ਰਸਤੇ ਉਤੇ।ਭਾਈਅੜੇ–ਹੇ ਭਾਈ!।ਸੁ–ਉਹ।ਕਾਰ ਕਮਾਇ–ਕੰਮ ਕਰ। ਤਿਆਗੇਂ–ਛਡ ਦੇਵੇਂ।ਮਤੜੀ–ਭੈੜੀ ਮੱਤ।ਵਿਸਾਰੇਂ–ਭੁਲਾ ਦੇਵੇਂ।ਦੂਜਾ ਭਾਉ–ਮਾਇਆ ਦਾ ਮੋਹ।ਇਉ–ਇਸ ਤਰ੍ਹਾਂ।ਪਾਵਹਿ–ਪਾ ਲਵੇਂਗਾ।ਦਰਸਾਵੜਾ–ਦਰਸ਼ਨ।ਤਤੀ ਵਾਉ–ਤੱਤੀ ਹਵਾ (ਦੁੱਖ)।ਆਪਹੁ–ਅਪਣੇ ਆਪ ਤੋਂ।ਹੁਕਮਾਉ–ਹੁਕਮ ਅਨੁਸਾਰ। ਗੁਰਿ ਨਾਨਕਿ–ਗੁਰੂ ਨਾਨਕ ਨੇ।ਕੀਆ ਪਸਾਉ–ਮੇਹਰ ਕੀਤੀ।ਬਹੁੜਿ–ਮੁੜ ਕੇ।ਭੁਖੜੀ–ਭੈੜੀ ਭੁੱਖ।ਰਜਾ–ਰੱਜ ਗਿਆ ਹਾਂ। ਤ੍ਰਿਪਤਿ ਅਘਾਇ–ਪੂਰੀ ਤਰ੍ਹਾਂ ਰੱਜ ਗਿਆ ਹਾਂ।੩।

ਰਾਗੁ ਸੂਹੀ ਛੰਤ ਮਹਲਾ ੧ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਭਰਿ ਜੋਬਨਿ ਮੈ ਮਤ, ਪੇਈਅੜੈ ਘਰਿ ਪਾਹੁਣੀ ਬਲਿਰਾਮ ਜੀਉ ॥ ਮੈਲੀ ਅਵਗਣਿ ਚਿਤਿ, ਬਿਨੁ ਗੁਰ ਗੁਣ ਨ ਸਮਾਵਨੀ ਬਲਿਰਾਮ ਜੀਉ ॥ ਗੁਣ ਸਾਰ ਨ ਜਾਣੀ ਭਰਮਿ ਭੁਲਾਣੀ, ਜੋਬਨੁ ਬਾਦਿ ਗਵਾਇਆ ॥ ਵਰੁ ਘਰੁ ਦਰੁ ਦਰਸਨੁ ਨਹੀ ਜਾਤਾ, ਪਿਰ ਕਾ ਸਹਜੁ ਨ ਭਾਇਆ ॥ ਸਤਿਗੁਰ ਪੂਛਿ ਨ ਮਾਰਗਿ ਚਾਲੀ, ਸੂਤੀ ਰੈਣਿ ਵਿਹਾਣੀ ॥ ਨਾਨਕ ਬਾਲਤਣਿ ਰਾਡੇਪਾ, ਬਿਨੁ ਪਿਰ ਧਨ ਕੁਮਲਾਣੀ ॥੧॥ ਬਾਬਾ ਮੈ ਵਰੁ ਦੇਹਿ, ਮੈ ਹਰਿ ਵਰੁ ਭਾਵੈ ਤਿਸ ਕੀ ਬਲਿਰਾਮ ਜੀਉ ॥ ਰਵਿ ਰਹਿਆ ਜੁਗ ਚਾਰਿ, ਤ੍ਰਿਭਵਣ ਬਾਣੀ ਜਿਸ ਕੀ ਬਲਿਰਾਮ ਜੀਉ ॥ ਤ੍ਰਿਭਵਣ ਕੰਤੁ ਰਵੈ ਸੋਹਾਗਣਿ, ਅਵਗਣਵੰਤੀ ਦੂਰੇ ॥ ਜੈਸੀ ਆਸਾ ਤੈਸੀ ਮਨਸਾ, ਪੂਰਿ ਰਹਿਆ ਭਰਪੂਰੇ ॥ ਹਰਿ ਕੀ ਨਾਰਿ ਸੁ ਸਰਬ ਸੁਹਾਗਣਿ, ਰਾਂਡ ਨ ਮੈਲੈ ਵੇਸੇ ॥ ਨਾਨਕ ਮੈ ਵਰੁ ਸਾਚਾ ਭਾਵੈ, ਜੁਗਿ ਜੁਗਿ ਪ੍ਰੀਤਮ ਤੈਸੇ ॥੨॥ ਹੇ ਭਾਈ! (ਜੀਵ ਇਸਤ੍ਰੀ) ਭਰ ਜਵਾਨੀ ਵਿਚ ਸ਼ਰਾਬ (ਹੰਕਾਰ) ਦੇ ਨਸ਼ੇ ਵਿਚ ਇਤਨੀ ਮਸਤ ਹੈ, (ਕਿ ਬੇਸਮਝ ਜੀਵ ਇਸਤ੍ਰੀ ਨੂੰ ਪਤਾ ਨਹੀ ਕਿ ਉਹ ਇਸ ਸੰਸਾਰ ਰੂਪ) ਪੇਕੇ ਘਰ ਵਿਚ ਇਕ ਪ੍ਰਾਹੁਣੀ ਹੈ (ਅੰਤ ਨੂੰ ਸਹੁਰੇ ਘਰ ਭਾਵ ਪ੍ਰਲੋਕ ਨੂੰ ਚਲੇ ਜਾਣਾ ਹੈ), ਮੈਂ ਪ੍ਰਭੂ ਤੋਂ ਬਲਿਹਾਰ ਹਾਂ,

(ਜਿਸ ਨੇ ਐਸੇ ਜੀਵ ਵੀ ਰਚੇ ਹਨ)। ਚਿਤ ਵਿਚ ਔਗਣ ਹੋਣ ਕਰਕੇ (ਜੀਵ ਇਸਤ੍ਰੀ) ਮੈਲੀ ਹੈ, ਗੁਰੂ ਤੋਂ ਬਿਨਾ (ਮੈਲ ਦੂਰ ਨਹੀਂ ਹੋ ਸਕਦੀ ਅਤੇ ਹਿਰਦੇ ਵਿਚ ਦੈਵੀ) ਗੁਣ ਸਮਾ ਨਹੀਂ ਸਕਦੇ। (ਉਸ ਨੇ) ਗੁਣਾਂ ਦੀ ਕਦਰ ਨਹੀਂ ਜਾਣੀ, ਭਰਮ ਵਿਚ ਭੁੱਲੀ ਰਹੀ ਅਤੇ ਅਪਣੀ ਜਵਾਨੀ ਬਿਅਰਥ ਗਵਾ ਲਈ। (ਇਸ ਨੇ) ਨਾ ਪਤੀ ਪ੍ਰਭੂ ਨੂੰ, ਨਾ ਉਸ ਦੇ ਘਰ ਦਰ ਨੂੰ ਜਾਣਿਆ (ਕਦਰ ਨਹੀਂ ਕੀਤੀ) ਅਤੇ ਨਾ ਹੀ ਪਤੀ ਦਾ ਸੁਭਾਉ (ਇਸ ਨੂੰ) ਚੰਗਾ ਲੱਗਾ ਹੈ। ਸਤਿਗੁਰੂ ਨੂੰ ਪੁੱਛ (ਸਿੱਖਿਆ ਲੈ) ਕੇ ਉਹ ਧਰਮ ਦੇ ਰਸਤੇ ਤੇ ਨਹੀਂ ਚੱਲੀ, (ਅਗਿਆਨਤਾ ਦੀ ਨੀਂਦ ਵਿਚ) ਸੁੱਤੀ ਪਈ ਦੀ ਹੀ ਜੀਵਨ ਰੂਪ ਰਾਤ ਲੰਘ ਗਈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੀਵ ਇਸਤ੍ਰੀ ਬਚਪਨ ਵਿਚ ਹੀ ਵਿਧਵਾ ਹੋ ਗਈ (ਬਚਪਨ ਤੋਂ ਹੀ ਪਤੀ ਤੋਂ ਵਿਛੜੀ ਰਹੀ ਹੈ) ਅਤੇ ਪਤੀ ਪ੍ਰਭੂ ਦੇ ਮੇਲ ਤੋਂ ਬਿਨਾ ਜੀਵ ਇਸਤ੍ਰੀ (ਭਰ ਜਵਾਨੀ ਵਿਚ ਹੀ) ਮੁਰਝਾ ਗਈ (ਜੀਵਨ ਵਿਚ ਖੁਸ਼ੀ ਨਹੀਂ ਮਿਲੀ)।੧। ਹੇ ਸਤਿਗੁਰੂ ਪਿਤਾ! ਮੈਨੂੰ ਪਤੀ ਪ੍ਰਭੂ ਮਿਲਾ ਦੇਹ, ਮੈਨੂੰ ਹਰੀ ਪਤੀ ਚੰਗਾ ਲਗਦਾ ਹੈ, ਮੈਂ ਕੁਰਬਾਨ ਜਾਵਾਂ, ਮੈਂ ਉਸੇ ਹਰੀ ਦੀ ਹਾਂ। ਜੋ ਚੌਹਾਂ ਜੁਗਾਂ ਵਿਚ ਵਿਆਪਕ ਹੋ ਰਿਹਾ ਹੈ, ਜਿਸ ਦਾ ਹੁਕਮ ਤਿੰਨਾਂ ਲੋਕਾਂ ਵਿਚ ਚਲਦਾ ਹੈ; ਤਿੰਨੇ ਲੋਕ ਜਿਸ ਦੀ ਬਨਾਵਟ (ਰਚਨਾ) ਹਨ। ਤਿੰਨਾਂ ਭਵਨਾਂ ਦਾ ਮਾਲਕ ਪ੍ਰਭੂ ਸੁਹਾਗਣਾਂ ਨੂੰ ਮਾਣਦਾ ਹੈ ਅਤੇ ਉਹ ਔਗਣਵੰਤੀਆਂ ਤੋਂ ਦੂਰ ਰਹਿੰਦਾ ਹੈ। ਜਿਹੋ ਜਿਹੀ ਆਸਾ (ਕਿਸੇ ਮਨੁੱਖ ਦੀ) ਹੁੰਦੀ ਹੈ, (ਉਸ ਦੀ) ਉਹੋ ਜਿਹੀ ਇੱਛਾ ਉਹ ਪਤੀ ਪ੍ਰਭੂ ਪੂਰੀ ਕਰਦਾ ਹੈ ਅਤੇ ਉਹ ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈ। ਜੋ ਇਸਤ੍ਰੀ ਹਰੀ ਦੀ ਬਣ ਜਾਂਦੀ ਹੈ, ਉਹ ਸਭ ਸਮੇਂ ਸੁਹਾਗਣ ਰਹਿੰਦੀ ਹੈ, ਉਹ ਰੰਡੀ ਹੋ ਕੇ ਮੈਲਾ ਵੇਸ ਨਹੀਂ ਕਰਦੀ (ਜਿਵੇਂ ਪਤੀ ਮਰਨ ਤੋਂ ਬਾਦ ਇਸਤ੍ਰੀ ਨੂੰ ਕਰਨਾ ਪੈਂਦਾ ਸੀ)। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਨੂੰ ਸੱਚਾ ਪ੍ਰਭੂ ਚੰਗਾ ਲਗਦਾ ਹੈ, ਜਿਹੜਾ ਪਿਆਰਾ ਪ੍ਰਭੂ ਹਰੇਕ ਜੁਗ ਵਿਚ ਵੈਸਾ ਹੀ (ਹਰ ਸਮੇਂ ਇਕੋ ਜਿਹਾ) ਰਹਿੰਦਾ ਹੈ।੨।

ਪਦਾਰਥ = ਭਰਿ ਜੋਬਨਿ–ਭਰੀ ਜਵਾਨੀ ਦੀ ਉਮਰ ਵਿਚ। ਮੈ–ਸ਼ਰਾਬ (ਨਸ਼ਾ)। ਮਤ–ਮਸਤ। ਪੇਈਅੜੈ ਘਰਿ–ਪੇਕੇ ਘਰ (ਇਸ ਲੋਕ) ਵਿਚ। ਪਾਹੁਣੀ–ਪ੍ਰਾਹੁਣੀ। ਬਲਿਰਾਮ ਜੀਉ–ਕਾਵਜ ਰੀਤੀ ਅਨੁਸਾਰ ਪਿਆਰ ਨਾਲ ਸੰਬੋਧਨ ਹੈ, ਅਰ ਅਰਥ ਹੈ, ਹੇ ਭਾਈ! (ਗੁ. ਗ੍ਰੰ. ਕੋਸ਼); ਹੇ ਸਰਬ ਵਿਆਪਕ ਪ੍ਰਭੂ! ਮੈਂ ਬਲਿਹਾਰ ਜਾਂਦਾ ਹਾਂ। ਅਵਗਣਿ–ਔਗਣਾਂ ਕਰਕੇ। ਨ ਸਮਾਵਨੀ–ਨਹੀਂ ਸਮਾਉਂਦੇ; ਪ੍ਰਵੇਸ਼ ਨਹੀਂ ਕਰਦੇ। ਚਿਤਿ–ਚਿੱਤ ਵਿਚ। ਸਾਰ–ਕਦਰ। ਭਰਮਿ ਭੁਲਾਣੀ–ਭਰਮ ਵਿਚ ਭੁੱਲੀ ਰਹੀ। ਬਾਦਿ–ਬਿਅਰਥ। ਵਰੁ–ਪਤੀ। ਜਾਤਾ–ਜਾਣਿਆ। ਪਿਰ ਕਾ–ਪਤੀ ਦਾ। ਸਹਜੁ–ਸੁਭਾਉ; ਗਿਆਨ। ਨ ਭਾਇਆ–ਚੰਗਾ ਨਹੀਂ ਲੱਗਾ। ਪੂਛਿ–ਪੁੱਛ ਕੇ। ਮਾਰਗਿ–ਰਸਤੇ ਉਤੇ। ਸੂਤੀ–ਸੁੱਤੀ ਪਈ ਰਹੀ। ਰੈਣਿ–(ਉਮਰ ਰੂਪ) ਰਾਤ। ਵਿਹਾਣੀ–ਲੰਘ ਗਈ। ਬਾਲਤਣਿ–ਬਚਪਨ ਵਿਚ ਹੀ। ਰਾਂਡੇਪਾ–ਰੰਡੇਪਾ (ਵਿਧਵਾ)। ਧਨ–ਜੀਵ ਇਸਤ੍ਰੀ। ਕੁਮਲਾਣੀ–ਮੁਰਝਾ ਗਈ।੧। ਬਾਬਾ–ਹੇ ਪਿਤਾ ਸਤਿਗੁਰੂ!। ਮੈ–ਮੈਨੂੰ। ਦੇਹਿ–(ਮਿਲਾ) ਦੇਹ। ਭਾਵੈ–ਚੰਗਾ ਲਗਦਾ ਹੈ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਜੁਗ ਚਾਰਿ–ਚਾਰੇ ਜੁਗਾਂ (ਹਰ ਸਮੇਂ) ਵਿਚ। ਤ੍ਰਿਭਵਣ ਕੰਤੁ –ਤਿੰਨਾਂ ਭਵਨਾਂ ਦਾ ਮਾਲਕ। ਰਵੈ–ਭੋਗਦਾ (ਮਾਣਦਾ) ਹੈ। ਅਵਗਣਵੰਤੀ–ਔਗਣਾਂ ਵਾਲੀਆਂ ਤੋਂ। ਤੈਸੀ–ਉਹੋ ਜਿਹੀ। ਮਨਸਾ–ਇੱਛਾ। ਪੂਰਿ–ਪੂਰੀ ਕਰਦਾ ਹੈ। ਰਹਿਆ ਭਰਪੂਰੇ–ਵਿਆਪਕ ਹੋ ਰਿਹਾ ਹੈ। ਨਾਰ–ਇਸਤ੍ਰੀ। ਸਰਬ–ਸਭ ਸਮੇਂ। ਰਾਂਡ–ਰੰਡੀ (ਜਿਸ ਦਾ ਪਤੀ ਮਰ ਗਿਆ)। ਵੇਸੇ–ਵੇਸ। ਜੁਗਿ ਜੁਗਿ–ਹਰੇਕ ਜੁਗ (ਹਰ ਸਮੇਂ) ਵਿਚ। ਤੈਸੇ–ਵੈਸਾ। ਪ੍ਰੀਤਮ–ਪਿਆਰਾ।੨।

ਬਾਬਾ ਲਗਨੁ ਗਣਾਇ, ਹੰ ਭੀ ਵੰਞਾ ਸਾਹੁਰੈ ਬਲਿ ਰਾਮ ਜੀਉ ॥ ਸਾਹਾ ਹੁਕਮੁ ਰਜਾਇ, ਸੋ ਨ ਟਲੈ, ਜੋ ਪ੍ਰਭੁ ਕਰੈ ਬਲਿ ਰਾਮ ਜੀਉ ॥ ਕਿਰਤੁ ਪਇਆ ਕਰਤੈ ਕਰਿ ਪਾਇਆ, ਮੇਟਿ ਨ ਸਕੈ ਕੋਈ ॥ ਜਾਞੀ ਨਾਉ ਨਰਹ ਨਿਹਕੇਵਲੁ ,ਰਵਿ ਰਹਿਆ ਤਿਹੁ ਲੋਈ ॥ ਮਾਇ ਨਿਰਾਸੀ ਰੋਇ ਵਿਛੁੰਨੀ, ਬਾਲੀ ਬਾਲੈ ਹੇਤੇ ॥ ਨਾਨਕ ਸਾਚ ਸਬਦਿ ਸੁਖ ਮਹਲੀ, ਗੁਰ ਚਰਣੀ ਪ੍ਰਭੁ ਚੇਤੇ ॥੩॥

ਹੇ ਪਿਤਾ ਗੁਰੂ ਜੀ! ਸ਼ੁੱਭ ਮਹੂਰਤ ਕਢਾਓ (ਪ੍ਰਭੂ ਨਾਲ ਮੇਰੀ ਲਿਵ ਜੋੜ ਦਿਓ), ਤਾਂ ਕਿ ਮੈਂ ਵੀ ਸਹੁਰੇ (ਪਤੀ ਪ੍ਰਮੇਸਰ ਦੇ) ਘਰ ਜਾਵਾਂ, ਮੈਂ ਉਸ ਪ੍ਰਮੇਸਰ ਤੋਂ ਸਦਕੇ ਜਾਂਦੀ ਹਾਂ। ਸਾਹਾ ਉਹ ਹੈ, ਜੋ ਰਜ਼ਾ ਦਾ ਮਾਲਕ ਪ੍ਰਭੂ ਹੁਕਮ ਕਰਦਾ ਹੈ, ਉਹ ਟਲ ਨਹੀਂ ਸਕਦਾ, (ਇਸ ਕਰਕੇ) ਮੈਂ ਉਸ ਪ੍ਰਭੂ ਤੋਂ ਸਦਕੇ ਜਾਂਦੀ ਹਾਂ। ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ (ਜੀਵ ਦੇ ਮੱਥੇ ਉਤੇ ਹਰੀ ਦੇ ਮੇਲ ਦਾ) ਜੋ ਲੇਖ ਪਿਆ ਹੈ, ਉਹ ਕਰਤਾਰ ਨੇ ਲਿਖ ਕਰਕੇ ਪਾਇਆ ਹੈ, (ਉਸ ਲੇਖ ਨੂੰ) ਕੋਈ ਮੇਟ ਨਹੀਂ ਸਕਦਾ। ਤਿੰਨਾਂ ਲੋਕਾਂ ਵਿਚ ਵਿਆਪਕ ਹੋ ਰਿਹਾ ਮਨੁੱਖਾਂ ਦੀ ਸਹਾਇਤਾ ਤੋਂ ਬਿਨਾ ਜੋ ਪ੍ਰਭੂ ਹੈ, ਉਸ ਦਾ ਨਾਮ ਜਪਣ ਵਾਲੇ ਗੁਰਮਖ ਜਾਞੀ ਹਨ; ਪਵਿਤ੍ਰ ਪ੍ਰਭੂ ਦੇ ਨਾਮ ਹੀ ਜਾਞੀ ਹਨ, (ਉਹ ਪ੍ਰਭੂ) ਤਿੰਨਾਂ ਲੋਕਾਂ ਵਿਚ ਵਿਆਪਕ ਹੋ ਰਿਹਾ ਹੈ (ਗਿ. ਨਿਹਾਲ ਸਿੰਘ ਸੂਰੀ; ਪੰ. ਨਰੈਣ ਸਿੰਘ; ਫ.ਸ.)। ਲੜਕੀ ਤੇ ਲੜਕੇ ਦੇ (ਆਪਸੀ) ਪ੍ਰੇਮ ਦੇ ਕਾਰਣ ਮਾਂ (ਲੜਕੀ ਤੋਂ) ਵਿਛੜ ਕੇ ਨਿਰਾਸੀ ਹੋਈ ਰੋਂਦੀ ਹੈ (ਜੀਵ ਦਾ ਪ੍ਰਭੂ ਨਾਲ ਮੇਲ ਹੋਣ ਤੇ ਮਾਇਆ ਨਿਰਾਸ ਹੋ ਕੇ ਰੋਂਦੀ ਹੈ ਕਿਉਂਕਿ ਜੀਵ ਮਾਇਆ ਨੂੰ ਛਡ ਕੇ ਹਰੀ ਨੂੰ ਪਿਆਰ

ਕਰਨ ਲਗ ਜਾਂਦਾ ਹੈ। ਲੜਕੀ ਤੇ ਲੜਕੇ ਦੇ ਮੇਲ ਨੂੰ ਵਿਆਹ ਦੇ ਅਲੰਕਾਰ ਨਾਲ ਵਰਨਣ ਕੀਤਾ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ (ਜੀਵ ਇਸਤ੍ਰੀ ਗੁਰੂ ਦੇ) ਸੱਚੇ ਸ਼ਬਦ ਵਿਚ ਜੁੜ ਕੇ (ਪਤੀ ਪ੍ਰਭੂ ਦੇ) ਮਹਿਲਾਂ ਵਿਚ ਸੁਖੀ ਵਸਦੀ ਹੈ ਅਤੇ ਗੁਰੂ ਦੇ ਚਰਨੀਂ ਲਗ ਕੇ ਪ੍ਰਭੂ ਨੂੰ ਚੇਤੇ ਕਰਦੀ ਹੈ।੩।

ਅੰਗ ੭੬੪ = ਬਾਬੁਲਿ ਦਿਤੜੀ ਦੂਰਿ, ਨ ਆਵੈ ਘਰਿ ਪੇਈਐ ਬਲਿ ਰਾਮ ਜੀਉ ॥ ਰਹਸੀ ਵੇਖਿ ਹਦੂਰਿ, ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ ॥ ਸਾਚੇ ਪਿਰ ਲੋੜੀ ਪ੍ਰੀਤਮ ਜੋੜੀ, ਮਤਿ ਪੂਰੀ ਪਰਧਾਨੇ ॥ ਸੰਜੋਗੀ ਮੇਲਾ ਥਾਨ ਸੁਹੇਲਾ, ਗੁਣਵੰਤੀ ਗੁਰ ਗਿਆਨੇ ॥ ਸਤੁ ਸੰਤੋਖੁ ਸਦਾ ਸਚੁ ਪਲੈ, ਸਚੁ ਬੋਲੈ ਪਿਰ ਭਾਏ ॥ ਨਾਨਕ ਵਿਛੁੜਿ ਨਾ ਦੁਖੁ ਪਾਏ, ਗੁਰਮਤਿ ਅੰਕਿ ਸਮਾਏ ॥੪॥੧॥ ਹੇ ਭਾਈ! ਪਿਤਾ ਨੇ (ਸਤਿਗੁਰੂ ਨੇ ਜਦ ਜੀਵ ਇਸਤ੍ਰੀ ਮਾਇਆ ਦੇ ਦੇਸ਼ ਤੋਂ) ਦੂਰ ਵਿਆਹ ਦਿਤੀ ਹੈ (ਪ੍ਰਭੂ ਨਾਲ ਮੇਲ ਦਿਤਾ) ਤੇ ਮੁੜ ਕੇ ਪੇਕੇ ਘਰ ਵਿਚ ਨਹੀਂ ਆਉਂਦੀ (ਜਗਤ ਵਿਚ ਜਨਮ ਨਹੀਂ ਲੈਂਦੀ। ਹੇ ਭਾਈ! (ਜੀਵ ਇਸਤ੍ਰੀ) ਪਤੀ ਪ੍ਰਭੂ ਨੂੰ ਅਪਣੇ ਸਾਮ੍ਹਣੇ ਦੇਖ ਕੇ ਖੁਸ਼ ਹੋ ਗਈ, ਪਤੀ ਨੇ ਉਸ ਨੂੰ ਭੋਗਿਆ ਅਤੇ ਉਹ ਘਰ ਵਿਚ ਸੋਹਣੀ ਲਗਦੀ ਹੈ। (ਜਿਸ ਜੀਵ ਇਸਤ੍ਰੀ ਦੀ) ਸੱਚੇ ਪਤੀ ਪ੍ਰਭੂ ਨੂੰ ਲੋੜ ਸੀ, (ਉਸ ਨੂੰ ਅਪਣੇ ਨਾਲ) ਪ੍ਰੀਤਮ ਨੇ ਜੋੜ ਲਿਆ, (ਜਿਸ ਕਰਕੇ ਉਹ) ਪੂਰੀ ਮੱਤ ਵਾਲੀ ਅਤੇ (ਸਭ ਦੀ) ਮੁਖੀ ਹੋ ਗਈ। ਚੰਗੇ ਭਾਗਾਂ ਕਰਕੇ ਉਸ ਦਾ ਮੇਲ ਹੋਇਆ ਹੈ, ਸੁਖਦਾਈ ਥਾਂ ਤੇ ਉਸ ਦਾ ਵਾਸਾ ਹੋਇਆ ਹੈ ਅਤੇ ਉਹ ਗੁਰੂ ਦੇ ਗਿਆਨ ਵਾਲੀ ਗੁਣਵੰਤੀ ਬਣ ਗਈ ਹੈ। ਸਤ ਸੰਤੋਖ ਤੇ ਸੱਚ ਸਦਾ (ਉਸ ਦੇ) ਹਿਰਦੇ ਰੂਪ ਪੱਲੇ ਵਿਚ ਹੈ ਅਤੇ ਉਹ ਸੱਚ ਬੋਲਦੀ ਹੈ (ਇਸ ਕਰਕੇ) ਪਤੀ ਨੂੰ ਚੰਗੀ ਲਗਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਜੀਵ ਇਸਤ੍ਰੀ) ਗੁਰੂ ਦੀ ਸਿੱਖਿਆ ਦੁਆਰਾ ਹਰੀ ਦੀ ਗੋਦ ਵਿਚ ਸਮਾ ਗਈ ਹੈ, (ਉਹ ਪਤੀ ਪ੍ਰਭੂ ਨਾਲੋਂ) ਵਿਛੜ ਕੇ ਦੁਖ ਨਹੀਂ ਪਾਉਂਦੀ।੪।੧।

ਪਦਾਰਥ = ਲਗਨ ਗਣਾਇ–ਮਹੂਰਤ ਕਢਾ (ਪਤੀ ਦੇ ਮੇਲ ਦਾ ਮੌਕਾ ਪੈਦਾ ਕਰ)। ਹੰ ਭੀ–ਮੈਂ ਭੀ। ਵੰਞਾ–ਜਾਵਾਂ। ਸਾਹੁਰੈ–ਪਤੀ ਦੇ ਘਰ ਵਿਚ। ਬਲਿ ਰਾਮ–ਮੈਂ ਪ੍ਰਭੂ ਦੇ ਸਦਕੇ ਜਾਂਦਾ ਹਾਂ। ਸਾਹਾ–ਵਿਆਹ ਲਈ ਨੀਯਤ ਕੀਤਾ ਸਮਾਂ (ਪਤੀ ਨਾਲ ਮੇਲ ਦਾ ਸ਼ੁੱਭ ਅਵਸਰ)। ਰਜਾਇ–ਰਜ਼ਾ ਦਾ ਮਾਲਕ ਪ੍ਰਭੂ। ਸੋ–ਉਹ। ਨ ਟਲੈ–ਟਲਦਾ ਨਹੀਂ। ਕਿਰਤੁ ਪਇਆ–ਕੀਤੇ ਕਰਮਾਂ ਅਨੁਸਾਰ ਮੱਥੇ ਤੇ ਲਿਖਿਆ ਪਿਆ ਹੈ। ਕਰਤੈ–ਕਰਤਾਰ ਨੇ। ਜਾਵੀ–ਜੰਞ ਵਿਚ ਸ਼ਾਮਲ ਲੋਕ। ਨਰਹ ਨਿਹਕੇਵਲੁ–ਮਨੁੱਖਾਂ ਦੀ ਸਹਾਇਤਾ ਤੋਂ ਬਿਨਾ। ਰਵਿ ਰਹਿਆ–ਸਮਾ ਰਿਹਾ ਹੈ। ਤਿਹੁ ਲੋਈ–ਤਿੰਨਾਂ ਲੋਕਾਂ ਵਿਚ। ਮਾਇ–ਮਾਂ (ਮਾਇਆ)। ਵਿਛੁੰਨੀ–ਵਿਛੜ ਕੇ। ਰੋਇ–ਰੋਂਦੀ ਹੈ। ਬਾਲੀ–ਲੜਕੀ। ਬਾਲੈ–ਲੜਕੇ ਦਾ। ਹੇਤੇ–ਪ੍ਰੇਮ ਦੇ ਕਾਰਣ। ਸਾਚ ਸਬਦਿ–ਸੱਚੇ ਸ਼ਬਦ ਵਿਚ ਜੁੜ ਕੇ। ਮਹਲੀ–ਪ੍ਰਭੂ ਦੇ ਮਹਿਲਾਂ ਵਿਚ।੩। ਬਾਬੁਲਿ–ਪਿਤਾ ਨੇ। ਦਿਤੜੀ–(ਵਿਆਹ) ਦਿਤੀ। ਘਰਿ ਪੇਈਐ–ਪੇਕੇ ਘਰ ਵਿਚ। ਰਹਸੀ–ਖੁਸ਼ ਹੋਈ। ਹਦੂਰਿ–ਸਾਮ੍ਹਣੇ। ਪਿਰਿ–ਪਤੀ ਨੇ। ਰਾਵੀ–ਭੋਗਿਆ (ਅਨੰਦ ਮਾਣਿਆ)। ਸੋਹੀਐ–ਸੋਹਣੀ ਲਗਦੀ ਹੈ। ਲੋੜੀ–ਲੋੜ ਸੀ। ਜੋੜੀ–ਜੋੜ (ਮਿਲਾ) ਲਿਆ। ਮਤਿ–ਅਕਲ। ਪਰਧਾਨੇ–ਮੁਖੀ। ਸੰਜੋਗੀ–ਚੰਗੇ ਭਾਗਾਂ ਨਾਲ। ਥਾਨਿ ਸੁਹੇਲਾ–ਸੁਖਦਾਈ ਥਾਂ ਉਤੇ। ਪਲੈ (ਪੱਲੈ ਬੋਲੋ)–ਪੱਲੇ ਵਿਚ। ਪਿਰ–ਪਤੀ। ਭਾਏ–ਚੰਗੀ ਲਗਦੀ ਹੈ। ਅੰਕਿ–ਗੋਦ ਵਿਚ। ਸਮਾਏ–ਲੀਨ ਹੋ ਜਾਂਦੀ ਹੈ।੪।੧।

ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥ ਸਹਜਿ ਮਿਲਾਏ ਹਰਿ ਮਨਿ ਭਾਏ, ਪੰਚ ਮਿਲੇ ਸੁਖੁ ਪਾਇਆ ॥ ਸਾਈ ਵਸਤੁ ਪਰਾਪਤਿ ਹੋਈ, ਜਿਸੁ ਸੇਤੀ ਮਨੁ ਲਾਇਆ ॥ ਅਨਦਿਨੁ ਮੇਲੁ ਭਇਆ ਮਨੁ ਮਾਨਿਆ, ਘਰ ਮੰਦਰ ਸੋਹਾਏ ॥ ਪੰਚ ਸਬਦ ਧੁਨਿ ਅਨਹਦ ਵਾਜੇ, ਹਮ ਘਰਿ ਸਾਜਨ ਆਏ ॥੧॥ ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ,ਸੋਹਿਲੜਾ ਜੁਗ ਚਾਰੇ ॥ ਅਪਨੈ ਘਰਿ ਆਇਆ ਥਾਨਿ ਸੁਹਾਇਆ, ਕਾਰਜ ਸਬਦਿ ਸਵਾਰੇ ॥ ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ,ਤ੍ਰਿਭਵਣ ਰੂਪੁ ਦਿਖਾਇਆ ॥ ਸਖੀ ਮਿਲਹੁ ਰਸਿ ਮੰਗਲੁ ਗਾਵਹੁ ,ਹਮ ਘਰਿ ਸਾਜਨੁ ਆਇਆ ॥੨॥ (ਹੇ ਭਾਈ!) ਸਾਡੇ ਘਰ ਵਿਚ ਗੁਰਮੁਖਿ ਸੱਜਣ ਆਏ ਹਨ। (ਸਾਨੂੰ ਉਨ੍ਹਾਂ ਦੇ) ਮੇਲ ਸੱਚੇ ਹਰੀ ਨੇ ਮਿਲਾਏ ਹਨ। ਹਰੀ ਦੇ ਮਨ ਵਿਚ (ਜਦੋਂ ਅਸੀਂ) ਚੰਗੇ ਲਗੇ, (ਤਾਂ ਹਰੀ ਨੇ ਸਾਨੂੰ) ਸੁਤੇ ਸਿੱਧ ਹੀ (ਉਹ ਗੁਰਮੁਖ) ਮਿਲਾ ਦਿਤੇ ਹਨ, (ਜਦੋਂ ਇਹ) ਪੰਚ ਜਨ ਮਿਲੇ ਤਾਂ ਆਤਮਕ ਸੁਖ ਪ੍ਰਾਪਤ ਹੋ ਗਿਆ। ਜਿਸ ਵਸਤੂ ਨਾਲ ਮਨ ਲਾਇਆ ਸੀ, ਉਹੀ (ਆਤਮ ਅਨੰਦ ਦੀ) ਵਸਤੂ ਪ੍ਰਾਪਤ ਹੋ ਗਈ ਹੈ। (ਜਦ ਉਨ੍ਹਾਂ ਗੁਰਮੁਖਾਂ ਨਾਲ) ਹਰ ਰੋਜ ਮੇਲ ਹੋਇਆ, ਤਾਂ ਮਨ ਪਤੀਜ ਗਿਆ, (ਹੁਣ ਸਾਡੇ) ਹਿਰਦੇ ਤੇ ਘਰ ਸੋਹਣੇ ਹੋ ਗਏ ਹਨ। (ਜਦ ਤੋਂ) ਸਾਡੇ ਘਰ ਵਿਚ ਗੁਰਮੁਖਿ ਮਿਤ੍ਰ ਆਏ ਹਨ, (ਉਦੋਂ ਤੋਂ) ਮੇਰੇ ਅੰਦਰ ਪੰਜ ਸ਼ਬਦਾਂ ਦੀ ਧੁਨੀ ਬਿਨਾ ਵਜਾਇਆਂ ਇਕ ਰਸ ਵਜਣ ਲਗ ਪਈ ਹੈ (ਆਤਮ ਮੰਡਲ ਵਿਚ

ਰੱਬੀ ਕੀਰਤਨ ਸੁਣਨ ਲਗ ਪਿਆ ਹੈ)।੧।ਹੇ ਮਿਤ੍ਰ ਪਿਆਰਿਓ! ਆਓ।ਹੇ ਜਗਿਆਸੂ ਰੂਪ ਇਸਤ੍ਰੀਓ! (ਤੁਸੀਂ ਮਿਲ ਕੇ ਪ੍ਰਭੂ ਦਾ) ਜਸ ਗਾਓ।ਸੱਚੇ ਪ੍ਰਭੂ ਦਾ ਜਸ ਗਾਓ, ਤਾਂ ਪ੍ਰਭੂ ਨੂੰ ਪਿਆਰੀਆਂ ਲੱਗੋਗੀਆਂ, (ਇਸ ਨਾਲ ਤੁਹਾਡੀ) ਚਾਰੇ ਜੁਗਾਂ ਵਿਚ ਸੋਭਾ ਹੋਵੇਗੀ।(ਗੁਰੂ ਦੇ) ਸ਼ਬਦ ਨੇ ਮੇਰੇ ਸਾਰੇ ਕਾਰਜ ਸੁਆਰ ਦਿਤੇ ਹਨ ਅਤੇ (ਸ਼ਬਦ ਦੀ ਬਰਕਤ ਨਾਲ) ਹਰੀ ਅਪਣੇ ਹਿਰਦੇ ਘਰ ਵਿਚ ਆ ਵਸਿਆ ਅਤੇ ਹਿਰਦਾ ਅਸਥਾਨ ਸੋਭਨੀਕ ਹੋ ਗਿਆ ਹੈ।(ਗੁਰੂ ਨੇ ਮੇਰੀਆਂ) ਅੱਖਾਂ ਵਿਚ ਗਿਆਨ ਦਾ ਮਹਾਨ ਅਨੰਦ ਰੂਪ ਸੁਰਮਾ ਪਾ ਦਿਤਾ ਹੈ, (ਇਸ ਸੁਰਮੇ ਨੇ ਮੈਨੂੰ) ਤ੍ਰਿਲੋਕ ਦੇ ਰੂਪ ਹਰੀ ਨੂੰ ਦਿਖਾ ਦਿਤਾ ਹੈ।ਹੇ ਸਖੀਓ! ਆਓ ਮਿਲੋ, ਅਨੰਦ ਨਾਲ ਪ੍ਰਭੂ ਦਾ ਮੰਗਲ ਗਾਓ, (ਕਿਉਂਕਿ) ਸਾਡੇ ਹਿਰਦੇ ਘਰ ਵਿਚ ਪ੍ਰਭੂ ਸੱਜਨ ਆਇਆ ਹੈ।੨।

ਪਦਾਰਥ = ਹਮ ਘਰਿ–ਸਾਡੇ ਘਰ ਵਿਚ।ਸਾਜਨ–ਗੁਰਮੁਖ ਮਿਤ੍ਰ।ਸਾਚੈ–ਸੱਚੇ ਪ੍ਰਭੂ ਨੇ।ਮੇਲਿ–ਮੇਲ (ਸੰਗਤ) ਵਿਚ।ਸਹਜਿ–ਸਹਿਜ ਸੁਭਾਵਕ।ਹਰਿ ਮਨਿ–ਹਰੀ ਦੇ ਮਨ ਵਿਚ।ਭਾਏ–ਚੰਗੇ ਲੱਗੇ; ਪਿਆਰੇ ਲੱਗੇ।ਪੰਚ–ਗੁਰਮੁਖ ਜਨ।ਸਾਈ–ਉਹ ਹੀ।ਸੇਤੀ –ਨਾਲ।ਅਨਦਿਨੁ–ਹਰ ਰੋਜ।ਭਇਆ–ਹੋਇਆ।ਮਨੁ ਮਾਨਿਆ–ਮਨ ਪਤੀਜ (ਸ਼ਰਧਾਵਾਨ ਹੋ) ਗਿਆ।ਘਰ ਮੰਦਰ–ਸਧਾਰਨ ਘਰ ਤੇ ਰਾਜ ਮੰਦਰ; ਘਰ ਤੇ ਨਗਰ।ਸੁਹਾਏ–ਸੋਹਣੇ ਹੋ ਗਏ।ਪੰਚ ਸਬਦ ਧੁਨਿ–ਪੰਜ ਸ਼ਬਦਾਂ ਦੀ ਧੁਨੀ (ਤਾਰ, ਚੰਮ, ਧਾਤ, ਘੜਾ ਤੇ ਫੂਕ ਨਾਲ ਵੱਜਣ ਵਾਲੇ ਸਾਜ)।ਅਨਹਦ–ਇਕ ਰਸ; ਲਗਾਤਾਰ।ਵਾਜੇ–ਵੱਜਣ ਲਗ ਪਏ।੧।ਆਵਹੁ–ਆਓ।ਮੀਤ ਪਿਆਰੇ–ਹੇ ਪਿਆਰੇ ਮਿਤ੍ਰੋ!।ਮੰਗਲੁ–ਖੁਸ਼ੀ ਦੇ ਗੀਤ (ਹਰੀ ਜਸ)।ਨਾਰੇ–ਹੇ ਇਸਤ੍ਰੀਓ!।ਤਾ–ਤਾਂ।ਭਾਵਹੁ–ਪਿਆਰੇ ਲਗੋਗੇ। ਸੋਹਿਲੜਾ–ਸੋਭਾ; ਵਡਿਆਈ।ਜੁਗ ਚਾਰੇ–ਚਾਰੇ ਜੁਗਾਂ ਵਿਚ।ਅਪਨੈ ਘਰਿ–ਅਪਣੇ ਹਿਰਦੇ ਘਰ ਵਿਚ।ਥਾਨਿ–ਹਿਰਦਾ ਅਸਥਾਨ ।ਸੁਹਾਇਆ–ਸੋਭਨੀਕ ਹੋਇਆ ਹੈ।ਸਬਦਿ–ਸ਼ਬਦ ਨੇ।ਸਵਾਰੇ–ਸੁਆਰ ਦਿਤੇ।ਨੇਤ੍ਰੀ–ਅੱਖਾਂ ਵਿਚ।ਅੰਜਨੁ–ਸੁਰਮਾ।ਤ੍ਰਿਭਵਣ ਰੂਪੁ–ਤਿੰਨਾਂ ਭਵਨਾਂ ਦਾ ਰੂਪ ਹਰੀ।ਸਖੀ–ਹੇ ਸਖੀਓ!।ਰਸਿ–ਅਨੰਦ ਨਾਲ; ਪ੍ਰੇਮ ਨਾਲ।ਸਾਜਨੁ–ਪ੍ਰਭੂ ਮਿਤ੍ਰ।੨।

ਮਨੁ ਤਨੁ ਅੰਮ੍ਰਿਤਿ ਭਿੰਨਾ ॥ ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ, ਪਰਮ ਤਤੁ ਵੀਚਾਰੋ ॥ ਜੰਤ ਭੇਖ ਤੂੰ ਸਫਲਿਓ ਦਾਤਾ, ਸਿਰਿ ਸਿਰਿ ਦੇਵਣਹਾਰੋ ॥ ਤੂ ਜਾਨੁ ਗਿਆਨੀ ਅੰਤਰਜਾਮੀ, ਆਪੇ ਕਾਰਣੁ ਕੀਨਾ ॥ ਸੁਨਹੁ ਸਖੀ ਮਨੁ ਮੋਹਨਿ ਮੋਹਿਆ, ਤਨੁ ਮਨੁ ਅੰਮ੍ਰਿਤਿ ਭੀਨਾ ॥੩॥ ਆਤਮ ਰਾਮੁ ਸੰਸਾਰਾ ॥ ਸਾਚਾ ਖੇਲੁ ਤੁਮ੍ਾਰਾ ॥ ਸਚੁ ਖੇਲੁ ਤੁਮ੍ਾਰਾ ਅਗਮੁ ਅਪਾਰਾ, ਤੁਧੁ ਬਿਨੁ ਕਉਣੁ ਬੁਝਾਏ ॥ ਸਿਧ ਸਾਧਿਕ ਸਿਆਣੇ ਕੇਤੇ, ਤੁਝ ਬਿਨੁ ਕਵਣੁ ਕਹਾਏ ॥ ਕਾਲੁ ਬਿਕਾਲੁ ਭਏ ਦੇਵਾਨੇ, ਮਨੁ ਰਾਖਿਆ ਗੁਰਿ ਠਾਏ ॥ ਨਾਨਕ ਅਵਗਣ ਸਬਦਿ ਜਲਾਏ, ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥ (ਹੇ ਭਾਈ! ਮੇਰਾ) ਮਨ ਤੇ ਤਨ ਨਾਮ ਅੰਮ੍ਰਿਤ ਨਾਲ ਭਿੱਜ ਗਿਆ ਹੈ।ਅਤੇ ਹਿਰਦੇ ਅੰਦਰ ਪ੍ਰੇਮ ਰੂਪ ਰਤਨ ਪੈਦਾ ਹੋ ਗਿਆ ਹੈ।ਪਰਮ ਤੱਤ ਰੂਪ ਪ੍ਰਭੂ ਦੀ ਜੋ ਬਿਚਾਰ ਹੈ, ਇਹ ਮੇਰੇ ਹਿਰਦੇ ਅੰਦਰ ਰਤਨ (ਅਮੋਲਕ) ਪਦਾਰਥ ਹੈ।(ਹੇ ਪ੍ਰਭੂ! ਸਾਰੇ) ਜੀਵ (ਤੇਰੇ ਦਰ ਦੇ) ਭਿਖਾਰੀ ਹਨ ਅਤੇ ਤੂੰ ਸਭ ਨੂੰ ਫਲ ਦੇਣ ਵਾਲਾ ਦਾਤਾ ਹੈਂ, ਤੂੰ ਹਰੇਕ ਜੀਵ ਨੂੰ (ਰਿਜਕ) ਦੇਣ ਵਾਲਾ ਹੈਂ।ਤੂੰ ਸਿਆਣਾ, ਗਿਆਨਵਾਨ, ਸਭ ਦੇ ਅੰਦਰ ਦੀਆਂ ਜਾਨਣ ਵਾਲਾ ਹੈਂ ਅਤੇ ਤੂੰ ਆਪੇ ਸੰਸਾਰ ਨੂੰ ਪੈਦਾ ਕੀਤਾ ਹੈ।ਹੇ ਸਖੀਓ! ਸੁਣੋ, ਮੋਹ ਲੈਣ ਵਾਲੇ ਹਰੀ ਨੇ ਮੇਰਾ ਮਨ ਮੋਹ ਲਿਆ ਹੈ, (ਜਿਸ ਕਰਕੇ ਮੇਰਾ) ਤਨ ਤੇ ਮਨ ਨਾਮ ਅੰਮ੍ਰਿਤ ਨਾਲ ਭਿੱਜ ਗਿਆ ਹੈ।੩।ਹੇ ਸਰਬ ਵਿਆਪਕ ਪ੍ਰਭੂ! ਤੇਰਾ ਸੰਸਾਰ ਰਚਨਾ ਦਾ ਖੇਲ ਸੱਚਾ ਹੈ (ਖੇਡ ਹੈ ਤਾਂ ਨਾਸ਼ਵੰਤ, ਪਰ ਇਸ ਵਿਚ ਪ੍ਰਭੂ ਦੀ ਚੇਤਨ ਸੱਤਾ ਹੋਣ ਕਰਕੇ ਇਹ ਨਾਸ਼ ਹੋ ਕੇ ਦੁਬਾਰਾ ਫਿਰ ਹੋਂਦ ਵਿਚ ਆ ਜਾਂਦਾ ਹੈ, ਸੰਸਾਰ ਨਾਸ਼ਵੰਤ ਹੈ, ਇਸ ਵਿਚਲਾ ਪਰਮ ਤੱਤ ਸਦੀਵੀ ਹੈ)।ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਬੇਅੰਤ ਪ੍ਰਭੂ! ਤੇਰਾ (ਸੰਸਾਰ ਰਚਨਾ ਦਾ ਇਹ) ਖੇਲ ਸੱਚਾ ਹੈ, ਤੇਰੇ ਬਿਨਾ (ਇਸ ਖੇਲ ਦੀ ਅਸਲੀਅਤ) ਕੌਣ ਸਮਝਾ ਸਕਦਾ ਹੈ? ਕਿਤਨੇ ਹੀ ਸਿੱਧ, ਸਾਧਕ ਅਤੇ ਹੋਰ ਸਿਆਣੇ ਲੋਕ ਹਨ, (ਪਰ ਗਿਆਨ ਦੀਆਂ ਗੱਲਾਂ) ਤੇਰੇ ਬਿਨਾ ਕੌਣ ਕਹਾ ਸਕਦਾ ਹੈ? (ਤੇਰੀ ਸੱਤਾ ਤੋਂ ਬਿਨਾ ਕੋਈ ਬੋਲ ਨਹੀਂ ਸਕਦਾ) ।ਜਨਮ ਤੇ ਮੌਤ (ਉਨ੍ਹਾਂ ਮਨੁੱਖਾਂ ਦੇ) ਪਾਗਲ ਹੋ ਗਏ ਹਨ ਭਾਵ ਦੂਰ ਹੋ ਗਏ ਹਨ, ਜਿਨਾਂ ਦਾ ਮਨ ਗੁਰੂ ਨੇ ਟਿਕਾ ਕੇ ਰੱਖਿਆ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਨ੍ਹਾਂ ਮਨੁੱਖਾਂ ਨੇ ਗੁਰੂ ਦੇ) ਸ਼ਬਦ ਦੁਆਰਾ ਔਗਣ ਜਲਾ ਦਿਤੇ ਹਨ, ਗੁਣਾਂ ਦੇ ਮੇਲ ਦੇ ਕਾਰਣ ਉਨ੍ਹਾਂ ਨੇ ਪ੍ਰਭੂ ਨੂੰ ਪਾ ਲਿਆ ਹੈ।੪।੧।੨।

ਪਦਾਰਥ = ਤਨੁ–ਸਰੀਰ।ਅੰਮ੍ਰਿਤਿ–ਨਾਮ ਅੰਮ੍ਰਿਤ ਨਾਲ।ਭਿੰਨਾ–ਭਿੱਜ ਗਿਆ ਹੈ।ਅੰਤਰਿ–ਹਿਰਦੇ ਅੰਦਰ।ਰਤੰਨਾ–ਅਮੋਲਕ ਰਤਨ।ਪਰਮ ਤਤੁ–ਪ੍ਰਭੂ; ਆਤਮ ਵਿਦਿਆ।ਜੰਤ–ਜੀਵ।ਭੇਖ–ਭਿਖਾਰੀ।ਸਫਲਿਓ ਦਾਤਾ–ਸਭ ਫਲ ਦੇਣ ਵਾਲਾ।ਸਿਰਿ ਸਿਰਿ–ਹਰੇਕ ਜੀਵ ਨੂੰ।ਦੇਵਣਹਾਰੋ–ਦੇਣ ਵਾਲਾ।ਜਾਨੁ–ਸਿਆਣਾ।ਗਿਆਨੀ–ਗਿਆਨਵਾਨ।ਅੰਤਰਜਾਮੀ–ਦਿਲ ਦੇ ਅੰਦਰ ਦੀ ਜਾਨਣ ਵਾਲਾ।ਕਾਰਣੁ–ਸੰਸਾਰ ਰਚਨਾ।ਕੀਤਾ–ਪੈਦਾ ਕੀਤਾ।ਸਖੀ–ਹੇ ਸਖੀਓ!।ਮੋਹਨਿ–ਮੋਹ ਲੈਣ ਵਾਲੇ ਪ੍ਰਭੂ ਨੇ।ਮੋਹਿਆ–ਮੋਹ ਲਿਆ

।੩।ਆਤਮ ਰਾਮੁ–ਸਰਬ ਵਿਆਪਕ ਪ੍ਰਮਾਤਮਾ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਪਾਰਾ–ਬੇਅੰਤ।ਬੁਝਾਏ–ਸਮਝਾਵੇ। ਸਿਧ–ਕਰਾਮਾਤੀ ਜੋਗੀ।ਸਾਧਿਕ–ਸਾਧਨਾ ਕਰਨ ਵਾਲੇ ਸਾਧੂ।ਕੇਤੇ–ਕਿਤਨੇ ਹੀ (ਅਣਗਿਣਤ)।ਕਵਣੁ–ਕੌਣ।ਕਾਲੁ–ਮੌਤ। ਬਿਕਾਲੁ–(ਮੌਤ ਦੇ ਉਲਟ) ਜਨਮ।ਭਏ ਦੇਵਾਨੇ–ਪਾਗਲ (ਦੂਰ) ਹੋ ਗਏ।ਗੁਰਿ–ਗੁਰੂ ਨੇ।ਰਾਖਿਆ ਠਾਏ–ਟਿਕਾ ਕੇ ਰੱਖਿਆ ਹੈ।ਸਬਦਿ–ਸ਼ਬਦ ਦੁਆਰਾ।ਜਲਾਏ–ਜਲਾ ਦਿਤੇ।ਸੰਗਮਿ–ਮਿਲਾਪ ਦੇ ਕਾਰਣ।ਪਾਏ–ਪਾ ਲਿਆ ਹੈ।੪।੧।੨।

ਰਾਗੁ ਸੂਹੀ ਮਹਲਾ ੧ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਆਵਹੁ ਸਜਣਾ, ਹਉ ਦੇਖਾ ਦਰਸਨੁ ਤੇਰਾ ਰਾਮ ॥ ਘਰਿ ਆਪਨੜੈ ਖੜੀ ਤਕਾ, ਮੈ ਮਨਿ ਚਾਉ ਘਨੇਰਾ ਰਾਮ ॥ ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ, ਮੈ ਤੇਰਾ ਭਰਵਾਸਾ ॥ ਦਰਸਨੁ ਦੇਖਿ ਭਈ ਨਿਹਕੇਵਲ, ਜਨਮ ਮਰਣ ਦੁਖ ਨਾਸਾ ॥ ਹੇ ਪ੍ਰਭੂ ਸੱਜਣ ਜੀ! ਤੁਸੀਂ ਆਓ, ਤਾਂ ਕਿ ਮੈਂ ਤੇਰਾ ਦਰਸ਼ਨ ਦੇਖਾਂ।ਮੈਂ ਅਪਣੇ ਹਿਰਦੇ ਘਰ ਵਿਚ ਖੜੀ ਹੋਈ (ਤੇਰਾ ਰਾਹ) ਦੇਖ ਰਹੀ ਹਾਂ, ਹੇ ਪ੍ਰਭੂ! ਮੇਰੇ ਮਨ ਵਿਚ (ਤੇਰੇ ਦਰਸ਼ਨ ਕਰਨ ਦਾ) ਬਹੁਤ ਚਾਉ ਹੈ।ਹੇ ਮੇਰੇ ਪ੍ਰਭੂ! ਤੂੰ ਸੁਣ, ਮੇਰੇ ਮਨ ਵਿਚ (ਦਰਸ਼ਨ ਕਰਨ ਲਈ) ਬਹੁਤ ਚਾਉ ਹੈ ਅਤੇ ਮੈਨੂੰ ਤੇਰਾ ਹੀ ਭਰੋਸਾ ਹੈ।(ਜਿਸ ਜੀਵ ਇਸਤ੍ਰੀ ਨੇ ਤੇਰਾ ਦਰਸ਼ਨ ਕੀਤਾ ਹੈ, ਉਹ ਤੇਰਾ) ਦਰਸ਼ਨ ਦੇਖ ਕੇ ਪਵਿਤ੍ਰ ਜੀਵਨ ਵਾਲੀ ਹੋ ਗਈ ਹੈ ਅਤੇ (ਉਸ ਦਾ) ਜਨਮ ਮਰਣ ਦਾ ਦੁਖ ਨੱਸ ਗਿਆ ਹੈ।

ਅੰਗ ੭੬੫ = ਸਗਲੀ ਜੋਤਿ ਜਾਤਾ ਤੂ ਸੋਈ, ਮਿਲਿਆ ਭਾਇ ਸੁਭਾਏ ॥ ਨਾਨਕ ਸਾਜਨ ਕਉ ਬਲਿ ਜਾਈਐ, ਸਾਚਿ ਮਿਲੇ ਘਰਿ ਆਏ ॥੧॥ ਘਰਿ ਆਇਅੜੇ ਸਾਜਨਾ, ਤਾ ਧਨ ਖਰੀ ਸਰਸੀ ਰਾਮ ॥ ਹਰਿ ਮੋਹਿਅੜੀ ਸਾਚ ਸਬਦਿ, ਠਾਕੁਰ ਦੇਖਿ ਰਹੰਸੀ ਰਾਮ ॥ ਗੁਣ ਸੰਗਿ ਰਹੰਸੀ ਖਰੀ ਸਰਸੀ, ਜਾ ਰਾਵੀ ਰੰਗਿ ਰਾਤੈ ॥ ਅਵਗੁਣ ਮਾਰਿ ਗੁਣੀ ਘਰੁ ਛਾਇਆ, ਪੂਰੈ ਪੁਰਖਿ ਬਿਧਾਤੈ ॥ ਤਸਕਰ ਮਾਰਿ ਵਸੀ ਪੰਚਾਇਣਿ, ਅਦਲੁ ਕਰੇ ਵੀਚਾਰੇ ॥ ਨਾਨਕ ਰਾਮ ਨਾਮਿ ਨਿਸਤਾਰਾ, ਗੁਰਮਤਿ ਮਿਲਹਿ ਪਿਆਰੇ ॥੨॥ (ਹੇ ਪ੍ਰਭੂ!) ਸਾਰੀ ਦੁਨੀਆਂ ਵਿਚ ਤੇਰੀ ਜੋਤ ਹੈ, ਉਸੇ ਜੋਤ ਤੋਂ ਤੂੰ ਜਾਣਿਆ ਜਾਂਦਾ ਹੈਂ, (ਜਿਸ ਜੀਵ ਇਸਤ੍ਰੀ ਨੂੰ ਤੂੰ ਮਿਲਿਆ ਹੈਂ, ਉਸ ਨੂੰ ਤੂੰ) ਪ੍ਰੇਮ ਦੁਆਰਾ ਸੁਭਾਵਕ ਹੀ ਆ ਮਿਲਿਆ ਹੈਂ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਸੱਜਣ ਤੋਂ ਬਲਿਹਾਰ ਜਾਈਏ, (ਜਿਹੜੀ ਜੀਵ ਇਸਤ੍ਰੀ) ਸੱਚੇ ਨਾਮ ਵਿਚ ਜੁੜਦੀ ਹੈ, (ਉਸ ਦੇ) ਹਿਰਦੇ ਘਰ ਵਿਚ ਪ੍ਰਭੂ ਆ ਮਿਲਦਾ ਹੈ।੧।(ਜਦੋਂ) ਹਿਰਦੇ ਘਰ ਵਿਚ ਪ੍ਰਭੂ ਸੱਜਣ ਆਏ, ਤਾਂ ਜੀਵ ਇਸਤ੍ਰੀ ਬਹੁਤ ਖੁਸ਼ ਹੋਈ।ਸੱਚੇ ਸ਼ਬਦ ਦੁਆਰਾ ਹਰੀ ਨੇ (ਜੀਵ ਇਸਤ੍ਰੀ) ਮੋਹ ਲਈ ਹੈ ਅਤੇ ਉਹ ਮਾਲਕ ਪ੍ਰਭੂ ਨੂੰ ਦੇਖ ਕੇ ਅਨੰਦਤ ਹੋ ਗਈ ਹੈ।ਜਦੋਂ ਪ੍ਰੇਮ ਵਿਚ ਰੰਗੇ (ਪ੍ਰੇਮ ਸਰੂਪ) ਪ੍ਰਭੂ ਨੇ (ਜੀਵ ਇਸਤ੍ਰੀ ਨੂੰ) ਮਾਣਿਆ ਤਾਂ (ਉਹ ਪ੍ਰਭੂ ਦੇ) ਗੁਣਾਂ ਨਾਲ ਅਨੰਦਤ ਹੋ ਗਈ ਅਤੇ ਬਹੁਤ ਪ੍ਰਸੰਨ ਚਿਤ ਹੋ ਗਈ।ਪੂਰਨ ਪੁਰਖ ਸਿਰਜਨਹਾਰ ਨੇ (ਉਸ ਦੇ) ਔਗਣ ਮਾਰ ਕੇ (ਉਸ ਦੇ) ਹਿਰਦੇ ਘਰ ਨੂੰ ਗੁਣਾਂ ਨਾਲ ਛੱਤ (ਭਰ) ਦਿਤਾ ਹੈ।ਕਾਮਾਦਿਕ ਚੋਰਾਂ ਨੂੰ ਮਾਰ ਕੇ ਜੀਵ ਇਸਤ੍ਰੀ ਪੰਚਾਇਤ ਦੀ ਪ੍ਰਧਾਨ (ਜਾਂ ਘਰ ਦੀ ਮੁਖੀ) ਹੋ ਕੇ ਵਸਦੀ ਹੈ ਅਤੇ ਸੱਚ ਝੂਠ ਦਾ ਨਿਆਂ ਵਿਚਾਰ ਪੂਰਬਕ ਕਰਦੀ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਪ੍ਰਮਾਤਮਾ ਦੇ ਨਾਮ ਦੁਆਰਾ (ਸੰਸਾਰ ਸਮੁੰਦਰ ਤੋਂ) ਪਾਰ ਉਤਾਰਾ ਹੁੰਦਾ ਹੈ ਅਤੇ ਪਿਆਰਾ ਪ੍ਰਭੂ ਗੁਰੂ ਦੀ ਸਿੱਖਿਆ ਦੁਆਰਾ ਮਿਲਦਾ ਹੈ।੨।

ਪਦਾਰਥ = ਆਵਹੁ–ਆਓ।ਸਜਣਾ–ਹੇ ਪ੍ਰਭੂ ਸੱਜਣ!।ਹਉ–ਮੈਂ।ਘਰਿ ਆਪਨੜੈ–ਅਪਣੇ ਹਿਰਦੇ ਘਰ ਵਿਚ।ਖੜੀ ਤਕਾ–ਖੜੀ ਹੋ ਕੇ ਦੇਖ ਰਹੀ ਹਾਂ।ਮੈ ਮਨਿ–ਮੇਰੇ ਮਨ ਵਿਚ।ਚਾਉ–ਉਤਸ਼ਾਹ।ਘਨੇਰਾ–ਬਹੁਤ।ਭਈ–ਹੋਈ।ਨਿਹਕੇਵਲ–ਪਵਿਤ੍ਰ; ਮੁਕਤ; ਨਿਰਲੇਪ।ਭਰਵਾਸਾ–ਭਰੋਸਾ।ਨਾਸਾ–ਨੱਸ ਗਿਆ।ਸਗਲੀ–ਸਾਰੀ ਦੁਨੀਆਂ ਵਿਚ।ਜਾਤਾ–ਜਾਣਿਆ ਜਾਂਦਾ ਹੈ।ਸੋਈ–ਉਸੇ ਤੋਂ ਹੀ।ਭਾਇ–ਪ੍ਰੇਮ ਦੁਆਰਾ।ਸੁਭਾਏ–ਸੁਭਾਵਕ ਹੀ।ਬਲਿ–ਬਲਹਾਰ।ਸਾਚਿ–ਸੱਚੇ ਨਾਮ ਵਿਚ ਜੁੜ ਕੇ।੧।ਆਇਅੜੇ ਸਾਜਨਾ–ਪ੍ਰਭੂ ਸੱਜਣ ਆਏ।ਤਾ–ਤਾਂ।ਧਨ–ਜੀਵ ਇਸਤ੍ਰੀ।ਖਰੀ–ਬਹੁਤ।ਸਰਸੀ–ਪ੍ਰਸੰਨ।ਹਰਿ–ਹਰੀ ਨੇ।ਮੋਹਿਅੜੀ–ਮੋਹ ਲਈ।ਸਾਚ ਸਬਦਿ–ਸੱਚੇ ਸ਼ਬਦ ਦੁਆਰਾ।ਠਾਕੁਰ–ਮਾਲਕ ਪ੍ਰਭੂ।ਰਹੰਸੀ–ਅਨੰਦਤ ਹੋ ਗਈ।ਜਾ–ਜਦੋਂ।ਰਾਵੀ–ਮਾਣੀ (ਭੋਗੀ)।ਰੰਗਿ ਰਾਤੈ–ਪ੍ਰੇਮ ਵਿਚ ਰੰਗੇ (ਪ੍ਰੇਮ ਸਰੂਪ) ਪ੍ਰਭੂ ਨੇ।ਮਾਰਿ–ਮਾਰ ਕੇ।ਗੁਣੀ–ਗੁਣਾਂ ਨਾਲ।ਛਾਇਆ–ਛੱਤ ਦਿਤਾ; ਭਰ ਦਿਤਾ।ਪੂਰਨ ਪੁਰਖਿ ਬਿਧਾਤੈ–ਸਿਰਜਨਹਾਰ ਪੂਰਨ ਪ੍ਰਭੂ ਨੇ।ਤਸਕਰ–(ਕਾਮਾਦਿਕ) ਚੋਰ।ਵਸੀ–ਵਸਦੀ ਹੈ।ਪੰਚਾਇਣਿ–ਪੰਚਾਇਤ ਦੀ ਪ੍ਰਧਾਨ; (ਪੰਚ +ਆਇਨ) ਪੰਚਾਂ ਦਾ ਘਰ (ਸਾਧ ਸੰਗਤ) ਵਿਚ।ਅਦਲੁ ਕਰੇ–ਨਿਆਂ ਕਰਦੀ ਹੈ।ਵੀਚਾਰੇ–ਵਿਚਾਰ ਨਾਲ।ਰਾਮ ਨਾਮਿ–ਪ੍ਰਮਾਤਮਾ ਦੇ ਨਾਮ ਦੁਆਰਾ।ਨਿਸਤਾਰਾ–ਪਾਰ ਉਤਾਰਾ।ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ।ਪਿਆਰੇ–ਪਿਆਰਾ ਪ੍ਰਭੂ।੨।

ਵਰੁ ਪਾਇਅੜਾ ਬਾਲੜੀਏ, ਆਸਾ ਮਨਸਾ ਪੂਰੀ ਰਾਮ ॥ ਪਿਰਿ ਰਾਵਿਅੜੀ ਸਬਦਿ ਰਲੀ, ਰਵਿ ਰਹਿਆ ਨਹ ਦੂਰੀ ਰਾਮ ॥ ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ, ਤਿਸ ਕੀ ਨਾਰਿ ਸਬਾਈ ॥ ਆਪੇ ਰਸੀਆ ਆਪੇ ਰਾਵੇ, ਜਿਉ ਤਿਸ ਦੀ ਵਡਿਆਈ ॥ ਅਮਰ ਅਡੋਲੁ ਅਮੋਲੁ ਅਪਾਰਾ, ਗੁਰਿ ਪੂਰੈ ਸਚੁ ਪਾਈਐ ॥ ਨਾਨਕ ਆਪੇ ਜੋਗ ਸਜੋਗੀ, ਨਦਰਿ ਕਰੇ ਲਿਵ ਲਾਈਐ ॥੩॥ ਪਿਰੁ ਉਚੜੀਐ ਮਾੜੜੀਐ, ਤਿਹੁ ਲੋਆ ਸਿਰਤਾਜਾ ਰਾਮ ॥ ਹਉ ਬਿਸਮ ਭਈ ਦੇਖਿ ਗੁਣਾ, ਅਨਹਦ ਸਬਦ ਅਗਾਜਾ ਰਾਮ ॥ ਸਬਦੁ ਬੀਚਾਰੀ ਕਰਣੀ ਸਾਰੀ, ਰਾਮ ਨਾਮੁ ਨੀਸਾਣੋ ॥ ਨਾਮ ਬਿਨਾ ਖੋਟੇ ਨਹੀ ਠਾਹਰ, ਨਾਮੁ ਰਤਨੁ ਪਰਵਾਣੋ ॥ ਪਤਿ ਮਤਿ ਪੂਰੀ ਪੂਰਾ ਪਰਵਾਨਾ, ਨਾ ਆਵੈ ਨਾ ਜਾਸੀ ॥ ਨਾਨਕ ਗੁਰਮੁਖਿ ਆਪੁ ਪਛਾਣੈ, ਪ੍ਰਭ ਜੈਸੇ ਅਵਿਨਾਸੀ ॥੪॥੧॥੩॥ ਹੇ ਭਾਈ! (ਜਿਸ) ਕੰਨਿਆ ਨੇ ਪਤੀ ਪ੍ਰਭੂ ਪ੍ਰਾਪਤ ਕਰ ਲਿਆ ਹੈ, (ਉਸ ਦੀ ਵਰ ਪ੍ਰਾਪਤੀ ਦੀ) ਆਸਾ ਤੇ ਮਨ ਦੀ ਇੱਛਾ ਪੂਰੀ ਹੋ ਗਈ ਹੈ। (ਉਸ ਨੂੰ) ਪਤੀ ਪ੍ਰਭੂ ਨੇ ਮਾਣਿਆ, (ਗੁਰੂ ਦੇ) ਸ਼ਬਦ ਵਿਚ ਜੁੜ ਕੇ (ਕੰਨਿਆ ਪਤੀ ਪ੍ਰਭੂ) ਨੂੰ ਮਿਲੀ ਹੈ, (ਹੁਣ ਬਾਲੜੀ ਨੂੰ ਉਹ) ਸਭ ਜਗ੍ਹਾ ਵਿਆਪਕ ਹੋ ਰਿਹਾ ਦਿਸਦਾ ਹੈ, ਦੂਰ ਨਹੀ ਹੈ। (ਬਾਲੜੀ ਨੂੰ ਨਿਸਚਾ ਹੈ ਕਿ) ਪ੍ਰਭੂ ਦੂਰ ਨਹੀਂ ਹੁੰਦਾ, ਘਟ ਘਟ ਵਿਚ ਉਹ ਹੀ ਵਸਦਾ ਹੈ ਅਤੇ ਸਭ ਜੀਵ ਰੂਪ ਇਸਤ੍ਰੀਆਂ ਉਸੇ ਦੀਆਂ ਦਾਸੀਆਂ ਹਨ। ਉਹ ਆਪੇ ਹੀ ਰਸੀਆ ਹੋ ਕੇ ਆਪ (ਸਭ ਨੂੰ) ਮਾਣਦਾ ਹੈ, ਜਿਵੇਂ ਉਸ ਦੀ ਇੱਛਾ ਹੁੰਦੀ ਹੈ। ਪ੍ਰਭੂ ਮੌਤ ਤੋਂ ਰਹਿਤ ਹੈ, (ਮਾਇਆ ਤੋਂ) ਅਡੋਲ ਹੈ, ਅਮੋਲਕ ਹੈ, ਬੇਅੰਤ ਹੈ ਅਤੇ ਉਹ ਸੱਚਾ ਪ੍ਰਭੂ ਗੁਰੂ ਦੁਆਰਾ ਪਾਇਆ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਆਪੇ ਹੀ (ਜੀਵਾਂ ਦੇ) ਸੰਜੋਗ ਜੋੜਨ ਵਾਲਾ ਹੈ, ਜੇ ਉਹ ਮੇਹਰ ਦੀ ਨਜਰ ਕਰ ਦੇਵੇ, ਤਾਂ (ਉਸ ਪ੍ਰਭੂ ਨਾਲ) ਲਿਵ ਲਾਈਦੀ ਹੈ।੩। ਪਤੀ ਪ੍ਰਭੂ ਉਚੇ ਮਹਿਲਾਂ ਵਾਲਾ ਹੈ ਅਤੇ ਉਹ ਤਿੰਨਾਂ ਲੋਕਾਂ ਦਾ ਸਿਰਤਾਜ ਹੈ। ਮੈਂ ਉਸ ਦੇ ਗੁਣ ਦੇਖ ਕੇ ਹੈਰਾਨ ਹੋਈ ਹਾਂ ਅਤੇ ਮੇਰੇ ਅੰਦਰ ਇਕ ਰਸ ਵਜਣ ਵਾਲਾ ਸ਼ਬਦ ਪ੍ਰਗਟ ਹੋਇਆ ਹੈ। (ਜੋ ਮਨੁੱਖ ਗੁਰੂ ਦੇ) ਸ਼ਬਦ ਨੂੰ ਵਿਚਾਰਦਾ ਹੈ, (ਉਸ ਦੇ) ਕੰਮ ਸ੍ਰੇਸਟ ਹੋ ਜਾਂਦੇ ਹਨ ਅਤੇ (ਉਸ ਨੂੰ) ਪ੍ਰਭੂ ਦਾ ਨਾਮ ਰੂਪ ਪ੍ਰਵਾਨਾ ਮਿਲ ਜਾਂਦਾ ਹੈ। ਨਾਮ ਤੋਂ ਬਿਨਾਂ ਖੋਟੇ ਮਨੁੱਖਾਂ ਨੂੰ (ਪ੍ਰਭੂ ਦੀ ਹਜ਼ੂਰੀ ਵਿਚ) ਥਾਂ ਨਹੀਂ ਮਿਲਦੀ, (ਉਥੇ) ਨਾਮ ਰੂਪ ਰਤਨ ਹੀ ਪ੍ਰਵਾਨ ਹੁੰਦਾ ਹੈ। (ਜਿਸ ਮਨੁਖ ਕੋਲ ਨਾਮ ਦਾ) ਪੂਰਾ ਪ੍ਰਵਾਨਾ ਹੈ, (ਉਸ ਦੀ) ਮੱਤ ਤੇ ਪੱਤ ਪੂਰੀ ਹੁੰਦੀ ਹੈ, (ਫਿਰ ਉਹ ਮੁੜ) ਨਾ ਜੰਮਦਾ ਹੈ ਤੇ ਨਾ ਮਰਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਜੋ ਮਨੁੱਖ) ਗੁਰੂ ਦੁਆਰਾ ਅਪਣੇ ਆਪ ਨੂੰ ਪਛਾਣ ਲੈਂਦਾ ਹੈ, ਉਹ ਨਾਸ਼ ਰਹਿਤ ਪ੍ਰਭੂ ਜੈਸਾ ਹੋ ਜਾਂਦਾ ਹੈ।੪।੧।੩।

ਪਦਾਰਥ = ਵਰੁ-ਪਤੀ। ਪਾਇਅੜਾ-ਪਾ ਲਿਆ। ਬਾਲੜੀਏ-ਕੰਨਿਆ ਨੇ। ਮਨਸਾ-ਮਨ ਦੀ ਇੱਛਾ। ਰਾਮ-ਹੇ ਭਾਈ!। ਪਿਰਿ-ਪਤੀ ਨੇ। ਰਾਵਿਅੜੀ-ਮਾਣਿਆ (ਭੋਗਿਆ)। ਸਬਦਿ-ਸ਼ਬਦ ਵਿਚ ਜੁੜ ਕੇ। ਰਲੀ-ਰਲ (ਮਿਲ) ਗਈ। ਰਵਿ ਰਹਿਆ-ਵਿਆਪਕ ਹੋ ਰਿਹਾ ਹੈ। ਘਟਿ ਘਟਿ-ਹਰੇਕ ਜੀਵ ਵਿਚ। ਸੋਈ-ਉਹ ਹੀ। ਤਿਸ ਕੀ-ਉਸ ਦੀ। ਨਾਰਿ-ਇਸਤ੍ਰੀਆਂ। ਸਬਾਈ-ਸਾਰੀਆਂ। ਰਸੀਆ-ਅਨੰਦ ਲੈਣ ਵਾਲਾ। ਰਾਵੇ-ਭੋਗਦਾ ਹੈ। ਵਡਿਆਈ-ਇੱਛਾ। ਅਮਰ-ਮੌਤ ਰਹਿਤ। ਅਪਾਰਾ-ਬੇਅੰਤ। ਗੁਰਿ-ਗੁਰੂ ਦੁਆਰਾ। ਜੋਗ ਸਜੋਗੀ-ਮੇਲ ਦਾ ਮੌਕਾ ਜੋੜਨ ਵਾਲਾ।੩। ਨਦਰਿ-ਮੇਹਰ ਦੀ ਨਜਰ। ਲਿਵ ਲਾਈਐ-ਲਿਵ ਲਾਈਦੀ ਹੈ।੩। ਪਿਰੁ-ਪਤੀ। ਉਚੜੀਐ-ਉਚਾ। ਮਾੜੜੀਐ-ਮਾੜੀਆਂ (ਮਠਾਂ; ਮਹਿਲਾਂ) ਵਾਲਾ। ਤਿਹੁ ਲੋਆ-ਤਿੰਨਾਂ ਲੋਕਾਂ ਦਾ। ਸਿਰਤਾਜਾ-ਸਿਰ ਦਾ ਤਾਜ ਮਾਲਕ। ਹਉ ਬਿਸਮ ਭਈ-ਮੈਂ ਹੈਰਾਨ ਹੋਈ ਹਾਂ। ਅਨਹਦ-ਇਕ ਰਸ (ਲਗਾਤਾਰ)। ਅਗਾਜਾ-ਪ੍ਰਗਟ ਹੋਇਆ ਹੈ। ਵੀਚਾਰੀ-ਵਿਚਾਰਦਾ ਹੈ। ਕਰਣੀ-ਕੰਮ। ਸਾਰੀ-ਸ੍ਰੇਸਟ। ਨੀਸਾਣੋ-ਪ੍ਰਵਾਨਾ (ਰਾਹਦਾਰੀ)। ਠਾਹਰ-ਥਾਂ। ਪਰਵਾਣੋ-ਪ੍ਰਵਾਨ; ਕਬੂਲ। ਪਤਿ-ਇੱਜਤ। ਮਤਿ-ਅਕਲ। ਪਰਵਾਨਾ-ਰਾਹਦਾਰੀ। ਨਾ ਆਵੈ-ਆਉਂਦਾ (ਜੰਮਦਾ) ਨਹੀਂ। ਨ ਜਾਸੀ-ਜਾਂਦਾ (ਮਰਦਾ) ਨਹੀਂ। ਗੁਰਮੁਖਿ-ਗੁਰੂ ਦੁਆਰਾ (ਗੁਰੂ ਦੀ ਸ਼ਰਣ ਵਿਚ ਪੈ ਕੇ)। ਆਪੁ-ਅਪਣੇ ਆਪ ਨੂੰ। ਜੈਸੇ-ਵਰਗਾ। ਅਵਿਨਾਸੀ-ਨਾਸ਼ ਰਹਿਤ।੪।੧।੩।

ੴ ਸਤਿਗੁਰ ਪ੍ਰਸਾਦਿ ਰਾਗੁ ਸੂਹੀ ਛੰਤ ਮਹਲਾ ੧ ਘਰੁ ੪ ॥ ਜਿਨਿ ਕੀਆ ਤਿਨਿ ਦੇਖਿਆ, ਜਗੁ ਧੰਧੜੈ ਲਾਇਆ ॥ ਦਾਨਿ ਤੇਰੈ ਘਟਿ ਚਾਨਣਾ, ਤਨਿ ਚੰਦੁ ਦੀਪਾਇਆ ॥ ਚੰਦੋ ਦੀਪਾਇਆ ਦਾਨਿ ਹਰਿ ਕੈ, ਦੁਖੁ ਅੰਧੇਰਾ ਉਠਿ ਗਇਆ ॥ ਗੁਣ ਜੰਞ ਲਾੜੇ ਨਾਲਿ ਸੋਹੈ, ਪਰਖਿ ਮੋਹਣੀਐ ਲਇਆ ॥ ਵੀਵਾਹੁ ਹੋਆ ਸੋਭ ਸੇਤੀ, ਪੰਚ ਸਬਦੀ ਆਇਆ ॥ ਜਿਨਿ ਕੀਆ ਤਿਨਿ ਦੇਖਿਆ, ਜਗੁ ਧੰਧੜੈ ਲਾਇਆ ॥੧॥ ਹਉ ਬਲਿਹਾਰੀ ਸਾਜਨਾ, ਮੀਤਾ ਅਵਰੀਤਾ ॥ ਇਹੁ ਤਨੁ ਜਿਨ ਸਿਉ ਗਾਡਿਆ, ਮਨੁ ਲੀਅੜਾ ਦੀਤਾ ॥ ਲੀਆ ਤ ਦੀਆ ਮਾਨੁ ਜਿਨ੍ ਸਿਉ ,ਸੇ ਸਜਨ ਕਿਉ ਵੀਸਰਹਿ ॥ ਜਿਨ੍ ਦਿਸਿ ਆਇਆ ਹੋਹਿ ਰਲੀਆ, ਜੀਅ ਸੇਤੀ ਗਹਿ ਰਹਹਿ ॥ ਸਗਲ ਗੁਣ ਅਵਗਣੁ ਨ ਕੋਈ, ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ, ਮੀਤਾ ਅਵਰੀਤਾ ॥੨॥ (ਹੇ ਭਾਈ!) ਜਿਸ ਪ੍ਰਭੂ ਨੇ ਜਗਤ ਨੂੰ ਪੈਦਾ ਕੀਤਾ ਹੈ, ਉਸ ਨੇ ਹੀ (ਇਸ ਨੂੰ) ਦੇਖਿਆ (ਸੰਭਾਲ ਕੀਤੀ) ਹੈ ਅਤੇ ਜਗਤ

ਨੂੰ (ਆਪੋ ਅਪਣੇ) ਧੰਧਿਆਂ ਵਿਚ ਲਾਇਆ ਹੋਇਆ ਹੈ। (ਹੇ ਪ੍ਰਭੂ! ਤੇਰੀ) ਬਖਸ਼ਿਸ਼ ਨਾਲ (ਜਿਸ ਮਨੁੱਖ ਦੇ) ਹਿਰਦੇ ਵਿਚ ਤੇਰੇ ਗਿਆਨ ਦਾ ਚਾਨਣ ਹੋਇਆ ਹੈ, (ਮਾਨੋ ਉਸ ਦੇ) ਸਰੀਰ ਵਿਚ ਚੰਦ ਪ੍ਰਕਾਸ਼ਿਆ ਹੈ। ਹਰੀ ਦੀ ਬਖਸ਼ਿਸ਼ ਨਾਲ (ਜਿਸ ਦੇ ਹਿਰਦੇ ਵਿਚ) ਗਿਆਨ ਪ੍ਰਕਾਸ਼ਿਆ ਹੈ, (ਗਿਆਨ ਕਰਕੇ ਉਸ ਮਨੁੱਖ ਦਾ) ਦੁਖ ਤੇ ਅਗਿਆਨਤਾ ਦਾ ਹਨ੍ਹੇਰਾ ਉਠ ਗਿਆ ਹੈ। (ਹੁਣ ਅੱਗੇ ਜੀਵ ਇਸਤ੍ਰੀ ਦੇ ਮੇਲ ਨੂੰ ਵਿਆਹ ਦੇ ਅਲੰਕਾਰ ਨਾਲ ਵਰਨਣ ਕੀਤਾ ਹੈ) ਸ਼ੁੱਭ ਗੁਣਾਂ ਰੂਪ ਜੰਞ ਪ੍ਰਭੂ ਰੂਪ ਲਾੜੇ ਸੋਭ ਰਹੀ ਹੈ, (ਜਿਸ ਲਾੜੇ ਨੂੰ ਜਗਿਆਸੂ ਰੂਪ) ਸੁੰਦਰ ਇਸਤ੍ਰੀ ਨੇ ਪਰਖ ਕੇ ਚੁਣ ਲਿਆ ਹੈ। ਬਹੁਤ ਸੋਭਾ ਨਾਲ (ਜੀਵ ਇਸਤ੍ਰੀ ਦਾ ਪ੍ਰਭੂ ਲਾੜੇ ਨਾਲ) ਵਿਆਹ (ਆਤਮਕ ਮੇਲ) ਹੋਇਆ ਹੈ, ਅਨੰਦ ਸਰੂਪ ਪ੍ਰਭੂ ਲਾੜਾ ਪੰਜ ਸ਼ਬਦਾਂ ਦੀ ਧੁਨੀ ਵਿਚ (ਆਤਮ ਮੰਡਲ ਦਾ ਰਸ ਪੈਦਾ ਕਰਕੇ ਹਿਰਦੇ ਘਰ ਵਿਚ) ਆਇਆ ਹੈ। ਜਿਸ ਪ੍ਰਭੂ ਨੇ ਜਗਤ ਨੂੰ ਪੈਦਾ ਕੀਤਾ ਹੈ, ਉਸ ਨੇ ਹੀ (ਇਸ ਨੂੰ) ਦੇਖਿਆ (ਸੰਭਾਲ ਕੀਤੀ) ਹੈ ਅਤੇ ਜਗਤ ਨੂੰ (ਆਪੋ ਅਪਣੇ) ਧੰਧਿਆਂ ਵਿਚ ਲਾਇਆ ਹੋਇਆ ਹੈ।੧। (ਹੇ ਭਾਈ! ਉਨ੍ਹਾਂ) ਸੱਜਣਾਂ ਮਿਤ੍ਰਾਂ ਤੋਂ ਮੈਂ ਸਦਕੇ ਜਾਂਦਾ ਹਾਂ, ਜੋ ਅਗਿਆਨ ਦੇ ਪੜਦੇ ਤੋਂ ਰਹਿਤ ਹਨ; ਜਿਨ੍ਹਾਂ ਦੀ ਰੀਤ ਹੋਰ ਹੀ (ਜਗਤ ਤੋਂ ਵੱਖਰੀ) ਹੈ। ਜਿਨ੍ਹਾਂ (ਸੱਜਣਾਂ ਮਿਤ੍ਰਾਂ) ਨਾਲ ਇਹ ਸਰੀਰ ਮਿਲਿਆ ਹੈ, ਜਿਨ੍ਹਾਂ ਦਾ ਮਨ ਮੈ ਲਿਆ ਹੈ ਅਤੇ ਮੈਂ ਅਪਣਾ ਮਨ ਉਨ੍ਹਾਂ ਨੂੰ ਦਿਤਾ ਹੈ (ਦਿਲਾਂ ਦੀ ਸਾਂਝ ਪਾਈ ਹੈ)। ਉਹ ਸੱਜਣ ਕਿਵੇਂ ਭੁੱਲ ਸਕਦੇ ਹਨ? ਜਿਨ੍ਹਾਂ ਤੋਂ ਮੈਂ ਮਨ ਲਿਆ ਹੈ ਅਤੇ ਮੈਂ ਅਪਣਾ ਮਨ (ਉਨ੍ਹਾਂ ਨੂੰ) ਦਿਤਾ ਹੈ। ਜਿਨ੍ਹਾਂ ਦੀ ਦਿਸਟੀ ਵਿਚ ਆਇਆਂ ਅਨੰਦ ਪ੍ਰਾਪਤ ਹੁੰਦਾ ਹੈ ਅਤੇ (ਜੋ ਅਪਣੇ ਮਿਤ੍ਰਾਂ ਨੂੰ) ਦਿਲ ਨਾਲ ਲਾ ਕੇ ਰਖਦੇ ਹਨ (ਸਾਥ ਨਹੀਂ ਛਡਦੇ। ਉਨ੍ਹਾਂ ਸੱਜਣਾਂ ਵਿਚ) ਨਿਤਾ ਪ੍ਰਤੀ (ਹਮੇਸ਼ਾਂ) ਸਾਰੇ ਸ਼ੁੱਭ ਗੁਣ ਹੀ ਹਨ, ਔਗਣ ਕੋਈ ਨਹੀਂ। ਮੈਂ (ਉਨ੍ਹਾਂ) ਸੱਜਣਾਂ ਤੋਂ ਸਦਕੇ ਜਾਂਦਾ ਹਾਂ, ਜਿਨ੍ਹਾਂ ਮਿਤ੍ਰਾਂ ਵਿਚ ਅਗਿਆਨ ਦਾ ਪੜਦਾ ਨਹੀ (ਕੋਈ ਦੋਸ਼ ਨਹੀਂ)।੨।

ਪਦਾਰਥ = ਜਿਨਿ–ਜਿਸ ਨੇ। ਕੀਆ–ਪੈਦਾ ਕੀਤਾ ਹੈ। ਤਿਨਿ–ਉਸ ਨੇ। ਦੇਖਿਆ–ਸੰਭਾਲ ਕੀਤੀ ਹੈ। ਜਗੁ–ਜਗਤ ਨੂੰ। ਧੰਧੜੈ–ਕੰਮਾਂ ਧੰਧਿਆਂ ਵਿਚ। ਦਾਨਿ–ਬਖਸ਼ਿਸ਼ ਨਾਲ। ਘਟਿ–ਹਿਰਦੇ ਵਿਚ। ਤਨਿ–ਸਰੀਰ ਵਿਚ। ਚੰਦੁ ਦੀਪਾਇਆ–ਗਿਆਨ ਪ੍ਰਕਾਸ਼ਿਆ ਹੈ। ਅੰਧੇਰਾ–ਅਗਿਆਨਤਾ ਦਾ ਹਨ੍ਹੇਰਾ। ਉਠਿ ਗਇਆ–ਦੂਰ ਹੋ ਗਿਆ। ਜੰਞ–ਬਰਾਤ। ਲਾੜੇ ਨਾਲ–ਦੁਲਹਾ (ਹੋਣ ਵਾਲੇ ਪਤੀ) ਨਾਲ। ਸੋਹੈ–ਸੋਭਦੀ ਹੈ। ਪਰਖਿ–ਪਰਖ ਕੇ। ਮੋਹਣੀਐ–ਸੁੰਦਰ ਇਸਤ੍ਰੀ ਨੇ। ਵਿਵਾਹੁ–ਮਿਲਾਪ (ਪ੍ਰਭੂ ਤੇ ਜੀਵ ਇਸਤ੍ਰੀ ਦਾ)। ਸੋਭ ਸੇਤੀ–ਸੋਭਾ (ਠਾਠ ਬਾਠ) ਨਾਲ। ਪੰਚ ਸਬਦੀ–ਪੰਜ ਕਿਸਮ ਦੇ ਵਾਜਿਆਂ ਦੇ ਵੱਜਣ ਦੀਆਂ ਧੁਨਾਂ; ਲਗਾਤਾਰ ਅਨੰਦ ਦੇਵ ਵਾਲਾ ਪ੍ਰਭੂ (ਜਿਵੇਂ ਵਿਆਹ ਸਮੇਂ ਲਾੜਾ ਵਾਜੇ ਵਜਦਿਆਂ ਲੜਕੀ ਨੂੰ ਵਿਆਹੁਣ ਆਉਂਦਾ ਹੈ। ਪੰਜ ਪ੍ਰਕਾਰ ਦੇ ਵਾਜੇ ਇਕੱਠੇ ਵੱਜਣ ਨਾਲ, ਜੋ ਸੁੰਦਰ ਰਾਗ ਨਿਕਲ ਕੇ ਅਨੰਦ ਦੇਂਦਾ ਹੈ, ਉਸ ਆਤਮ ਮੰਡਲ ਦੇ ਅਨੰਦ ਨੂੰ ਬਿਆਨ ਕੀਤਾ ਹੈ)।੧। ਹਉ–ਮੈਂ। ਬਲਿਹਾਰੀ–ਸਦਕੇ ਜਾਂਦਾ ਹਾਂ। ਸਾਜਨਾ ਮੀਤਾਂ–ਸੱਜਣਾਂ ਮਿਤ੍ਰਾਂ ਤੋਂ। ਅਵਰੀਤਾ–ਅਗਿਆਨ ਦੇ ਪੜਦੇ ਤੋਂ ਰਹਿਤ; ਦੋਸ਼ ਰਹਿਤ; ਹੋਰ ਰੀਤ ਹੈ (ਸੰਸਾਰ ਤੋਂ ਵੱਖਰੀ)। ਤਨੁ–ਸਰੀਰ। ਜਿਨ ਸਿਉ–ਜਿਨ੍ਹਾਂ ਨਾਲ। ਗਾਡਿਆ–ਮਿਲਿਆ ਹੈ। ਮਨੁ ਲੀਅੜਾ ਦੀਤਾ–ਮਨ ਲਿਆ ਹੈ ਤੇ ਮਨ ਦਿਤਾ (ਦਿਲਾਂ ਦੀ ਸਾਂਝ ਪਾਈ) ਹੈ। ਲੀਆ ਤ ਦੀਆ–ਲਿਆ ਤੇ ਦਿਤਾ। ਮਾਨੁ–ਮਨ। ਸੇ–ਉਹ। ਕਿਉ ਵੀਸਰਹਿ –ਕਿਵੇਂ ਭੁੱਲ ਸਕਦੇ ਹਨ? ਦਿਸਿ ਆਇਆ–ਦ੍ਰਿਸ਼ਟੀ ਵਿਚ ਆਇਆਂ; ਤਰਫ ਆਇਆਂ। ਹੋਹਿ ਰਲੀਆ–ਅਨੰਦ ਹੁੰਦਾ ਹੈ। ਜੀਅ ਸੇਤੀ–ਦਿਲ ਨਾਲ। ਗਹਿ ਰਹਹਿ–ਲਾ ਕੇ ਰਖਦੇ ਹਨ। ਸਗਲ–ਸਾਰੇ। ਨੀਤਾ ਨੀਤਾ–ਨਿਤ ਹੀ ਨਿਤ; ਸਦਾ।੨।

ਗੁਣਾ ਕਾ ਹੋਵੈ ਵਾਸੁਲਾ, ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨਿ ਸਾਜਨਾ, ਮਿਲਿ ਸਾਝ ਕਰੀਜੈ ॥ (ਹੇ ਭਾਈ! ਜੇ ਕਿਸੇ ਗੁਰਮੁਖ ਕੋਲ ਸ਼ੁੱਭ) ਗੁਣਾਂ ਦੀ ਸੁਗੰਧੀ ਦਾ ਅੰਤਹਕਰਣ ਰੂਪ ਡੱਬਾ ਹੋਵੇ, ਤਾਂ (ਉਸ ਵਿਚੋਂ) ਗੁਣਾਂ ਦੀ ਸੁਗੰਧੀ ਕੱਢ ਲੈਣੀ ਚਾਹੀਦੀ ਹੈ ਭਾਵ ਉਸ ਗੁਰਮੁਖ ਪਾਸੋਂ ਗੁਣ ਪ੍ਰਾਪਤ ਕਰ ਲੈਣੇ ਚਾਹੀਦੇ ਹਨ। ਜੇ ਗੁਰਮੁਖ ਸੱਜਣਾਂ ਕੋਲ ਗੁਣ ਹੋਣ, ਤਾਂ ਆਪਸ ਵਿਚ ਮਿਲ ਕੇ (ਗੁਣਾਂ ਦੀ) ਸਾਂਝ ਕਰਨੀ ਚਾਹੀਦੀ ਹੈ (ਰਲ ਮਿਲ ਕੇ ਗੁਣ ਵਰਤ ਲੈਣੇ ਚਾਹੀਦੇ ਹਨ)।

ਅੰਗ ੭੬੬ = ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ ॥ ਪਹਿਰੇ ਪਟੰਬਰ ਕਰਿ ਅਡੰਬਰ, ਆਪਣਾ ਪਿੜੁ ਮਲੀਐ ॥ ਜਿਥੈ ਜਾਇ ਬਹੀਐ ਭਲਾ ਕਹੀਐ, ਝੋਲਿ ਅੰਮ੍ਰਿਤੁ ਪੀਜੈ ॥ ਗੁਣਾ ਕਾ ਹੋਵੈ ਵਾਸੁਲਾ, ਕਢਿ ਵਾਸੁ ਲਈਜੈ ॥੩॥ ਆਪਿ ਕਰੇ ਕਿਸੁ ਆਖੀਐ, ਹੋਰੁ ਕਰੇ ਨ ਕੋਈ ॥ ਆਖਣ ਤਾ ਕਉ ਜਾਈਐ, ਜੇ ਭੂਲੜਾ ਹੋਈ ॥ ਜੇ ਹੋਇ ਭੂਲਾ ਜਾਇ ਕਹੀਐ, ਆਪਿ ਕਰਤਾ ਕਿਉ ਭੁਲੈ ॥ ਸੁਣੇ ਦੇਖੇ ਬਾਝੁ ਕਹਿਐ, ਦਾਨੁ ਅਣਮੰਗਿਆ ਦਿਵੈ ॥ ਦਾਨੁ ਦੇਇ ਦਾਤਾ ਜਗਿ ਬਿਧਾਤਾ, ਨਾਨਕਾ ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ, ਹੋਰੁ ਕਰੇ ਨ ਕੋਈ ॥੪॥੧॥੪॥ (ਗੁਰਮੁਖਾਂ ਨਾਲ) ਗੁਣਾਂ ਦੀ ਸਾਂਝ ਕਰਨੀ ਚਾਹੀਦੀ ਹੈ

ਅਤੇ ਔਗਣ ਛਡ ਕੇ (ਗੁਰੂ ਦੇ ਦੱਸੇ ਰਸਤੇ ਤੇ) ਚੱਲਣਾ ਚਾਹੀਦਾ ਹੈ। ਪ੍ਰੇਮ ਰੂਪ ਬਸਤ੍ਰ ਪਹਿਨ ਕੇ ਸ਼ੁੱਭ ਗੁਣਾਂ ਦੀ ਸਜ ਧਜ ਬਣਾ ਕਰਕੇ ਅਪਣਾ ਪਿੜ ਮੱਲਣਾ (ਗੁਰਮਤਿ ਤੇ ਚੰਗੀ ਤਰ੍ਹਾਂ ਦ੍ਰਿੜ ਰਹਿਣਾ) ਚਾਹੀਦਾ ਹੈ। ਜਿਥੇ (ਸੰਗਤ ਵਿਚ) ਜਾ ਕੇ ਬੈਠੀਏ, ਉਥੇ ਭਲੇ ਬਚਨ ਬੋਲੀਏ ਅਤੇ ਵਾਸ਼ਨਾ ਦਾ ਬੂਰ ਹਟਾ (ਬਿਰਤੀ ਸਾਫ ਕਰ) ਕੇ ਨਾਮ ਅੰਮ੍ਰਿਤ ਪੀ ਲਈਏ। (ਜੇ ਕਿਸੇ ਕੋਲ) ਗੁਣਾਂ ਦੀ ਸੁਗੰਧੀ ਦਾ ਡੱਬਾ ਹੋਵੇ, ਤਾਂ ਉਸ ਵਿਚੋਂ ਸ਼ੁੱਭ ਗੁਣਾਂ ਦੀ ਸੁਗੰਧੀ ਕੱਢ ਲੈਣੀ ਚਾਹੀਦੀ ਹੈ।੩। (ਹੇ ਭਾਈ!) ਪ੍ਰਭੂ ਆਪ ਹੀ ਸਭ ਕੁਝ ਕਰਦਾ ਹੈ,(ਉਸ ਤੋਂ ਬਿਨਾ) ਕਿਸ ਪਾਸ ਆਖੀਏ? (ਜੋ ਕੁਛ ਕਰ ਸਕਦਾ ਹੋਵੇ), ਕੋਈ ਹੋਰ ਕੁਛ ਨਹੀਂ ਕਰ ਸਕਦਾ। ਆਖਣ ਤਾਂ ਉਸ ਨੂੰ ਜਾਈਦਾ ਹੈ, ਜੇ ਉਹ ਭੁੱਲਿਆ ਹੋਵੇ (ਉਹ ਤਾਂ ਸਭ ਕੁਛ ਜਾਣਦਾ ਹੈ)। ਜੇ ਭੁੱਲਿਆ ਹੋਵੇ, ਤਾਂ ਜਾ ਕੇ ਆਖੀਏ (ਕਿ ਅਪਣੀ ਗਲਤੀ ਸੁਧਾਰ ਲੈ, ਪਰ ਉਹ ਤਾਂ) ਆਪ ਰਚਨਹਾਰ ਹੈ, ਉਹ ਕਿਵੇਂ ਭੁੱਲ ਸਕਦਾ ਹੈ? (ਉਹ) ਬਿਨਾ ਸੁਣੇ, ਬਿਨਾ ਦੇਖੇ ਅਤੇ ਬਿਨਾ ਕਹੇ ਹੀ (ਸਾਨੂੰ) ਅਣਮੰਗਿਆ ਦਾਨ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਸਿਰਜਨਹਾਰ ਦਾਤਾ ਜਗਤ ਵਿਚ ਸਭ ਨੂੰ ਦਾਨ ਦੇਂਦਾ ਹੈ ਅਤੇ ਉਹ ਹੀ ਸੱਚਾ ਹੈ। ਪ੍ਰਭੂ ਆਪ ਹੀ ਸਭ ਕੁਛ ਕਰਦਾ ਹੈ, (ਉਸ ਤੋਂ ਬਿਨਾ) ਕਿਸ ਨੂੰ ਆਖੀਏ? (ਕਿਉਂਕਿ ਉਸ ਤੋਂ ਬਿਨਾ) ਹੋਰ ਕੋਈ ਕੁਛ ਨਹੀਂ ਕਰ ਸਕਦਾ।੪।੧।੪।

ਪਦਾਰਥ = ਵਾਸੁਲਾ–ਸੁਗੰਧੀ ਵਾਲਾ ਡੱਬਾ। ਵਾਸੁ–ਸੁਗੰਧੀ। ਲਈਜੈ–ਲੈਣੀ ਚਾਹੀਦੀ ਹੈ। ਸਾਜਨਾ–ਸੱਜਣ ਮਿਤ੍ਰ। ਸਾਝ ਕਰੀਜੈ–ਸਾਂਝ ਕਰਨੀ ਚਾਹੀਦੀ ਹੈ। ਗੁਣਹ ਕੇਰੀ–ਗੁਣਾਂ ਦੀ। ਚਲੀਐ–ਚੱਲਣਾ ਚਾਹੀਦਾ ਹੈ। ਪਹਿਰੇ–ਪਹਿਨ ਕੇ। ਪਟੰਬਰ–ਰੇਸ਼ਮ ਦੇ ਬਸਤ੍ਰ (ਪ੍ਰੇਮ ਤੇ ਨਿਮ੍ਰਤਾ ਵਾਲਾ ਵਰਤਾਓ)। ਅਡੰਬਰ–(ਗੁਣਾਂ ਦੀ) ਸਜ ਧਜ (ਠਾਠ ਬਾਠ)। ਪਿੜੁ–ਭਲਵਾਨਾਂ ਦਾ ਅਖਾੜਾ। ਮਲੀਐ–ਕਬਜਾ ਕਰ ਲਈਏ। ਬਹੀਐ–ਬੈਠੀਏ। ਝੋਲਿ–ਹਿਲਾ ਕੇ; (ਬੂਰ) ਹਟਾ ਕੇ; ਨਿਤਾਰ ਕੇ। ਪੀਜੈ–ਪੀਣਾ ਚਾਹੀਦਾ ਹੈ।੩। ਤਾ ਕਉ–ਉਸ ਨੂੰ। ਜਾਇ–ਜਾ ਕੇ। ਕਰਤਾ–ਸਿਰਜਨਹਾਰ ਪ੍ਰਭੂ। ਬਾਝੁ ਕਹਿਐ–ਬਿਨਾ ਕਹੇ ਹੀ। ਦਿਵੈ–ਦੇਂਦਾ ਹੈ। ਦੇਇ–ਦੇਂਦਾ ਹੈ। ਬਿਧਾਤਾ–ਸਿਰਜਨਹਾਰ ਪ੍ਰਭੂ। ਸਚੁ ਸੋਈ–ਉਹ ਹੀ ਸੱਚਾ (ਸਦਾ ਕਾਇਮ ਰਹਿਣ ਵਾਲਾ) ਹੈ।੪।੧।੪।

ਸੂਹੀ ਮਹਲਾ ੧ ॥ ਮੇਰਾ ਮਨੁ ਰਾਤਾ ਗੁਣ ਰਵੈ, ਮਨਿ ਭਾਵੈ ਸੋਈ ॥ ਗੁਰ ਕੀ ਪਉੜੀ ਸਾਚ ਕੀ, ਸਾਚਾ ਸੁਖੁ ਹੋਈ ॥ ਸੁਖਿ ਸਹਜਿ ਆਵੈ ਸਾਚ ਭਾਵੈ, ਸਾਚ ਕੀ ਮਤਿ ਕਿਉ ਟਲੈ ॥ ਇਸਨਾਨੁ ਦਾਨੁ ਸੁਗਿਆਨੁ ਮਜਨੁ ,ਆਪਿ ਅਛਲਿਓ ਕਿਉ ਛਲੈ ॥ ਪਰਪੰਚ ਮੋਹ ਬਿਕਾਰ ਥਾਕੇ, ਕੂੜੁ ਕਪਟੁ ਨ ਦੋਈ ॥ ਮੇਰਾ ਮਨੁ ਰਾਤਾ ਗੁਣ ਰਵੈ, ਮਨਿ ਭਾਵੈ ਸੋਈ ॥੧॥ ਸਾਹਿਬੁ ਸੋ ਸਾਲਾਹੀਐ, ਜਿਨਿ ਕਾਰਣੁ ਕੀਆ ॥ ਮੈਲੁ ਲਾਗੀ ਮਨਿ ਮੈਲਿਐ, ਕਿਨੈ ਅੰਮ੍ਰਿਤੁ ਪੀਆ ॥ ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ, ਗੁਰ ਪਹਿ ਮੋਲੁ ਕਰਾਇਆ ॥ ਆਪਨੜਾ ਪ੍ਰਭੁ ਸਹਜਿ ਪਛਾਤਾ, ਜਾ ਮਨੁ ਸਾਚੈ ਲਾਇਆ ॥ ਤਿਸੁ ਨਾਲਿ ਗੁਣ ਗਾਵਾ ਜੇ ਤਿਸੁ ਭਾਵਾ, ਕਿਉ ਮਿਲੈ ਹੋਇ ਪਰਾਇਆ ॥ ਸਾਹਿਬੁ ਸੋ ਸਾਲਾਹੀਐ, ਜਿਨਿ ਜਗਤੁ ਉਪਾਇਆ ॥੨॥ (ਹੇ ਭਾਈ!) ਮੇਰਾ ਮਨ ਪ੍ਰੇਮ ਵਿਚ ਰੰਗਿਆ ਹੋਇਆ ਪ੍ਰਭੂ ਦੇ ਗੁਣ ਗਾਉਂਦਾ ਹੈ, (ਕਿਉਂਕਿ) ਮੇਰੇ ਮਨ ਵਿਚ ਉਹ ਪ੍ਰਭੂ ਹੀ ਪਿਆਰਾ ਲਗਦਾ ਹੈ। ਸੱਚ ਦੀ ਪ੍ਰਾਪਤੀ ਕਰਾਉਣ ਵਾਲੀ ਗੁਰੂ ਦੀ (ਸਿੱਖਿਆ ਰੂਪ) ਪਉੜੀ ਹੈ, (ਇਸ ਪਉੜੀ ਤੇ ਚੜ੍ਹਿਆਂ) ਸੱਚਾ ਸੁਖ ਪ੍ਰਾਪਤ ਹੁੰਦਾ ਹੈ। ਜਦ ਮਨ ਇਸ ਅਸਲ ਸੁਖ ਦੀ ਅਵਸਥਾ ਵਿਚ ਆਉਂਦਾ ਹੈ, ਤਾਂ ਸੱਚ ਪਿਆਰਾ ਲਗਦਾ ਹੈ, ਇਹ ਸੱਚ ਦੀ ਪ੍ਰਾਪਤੀ ਵਾਲੀ ਮੱਤ ਕਿਵੇਂ ਟਲ ਸਕਦੀ ਹੈ ? ਭਾਵ ਨਿਸਚੇ ਹੀ ਸਚ ਦੀ ਪ੍ਰਾਪਤੀ ਕਰਾ ਦੇਂਦੀ ਹੈ। ਇਸ਼ਨਾਨ, ਦਾਨ, (ਕਿਤਾਬਾਂ ਦਾ) ਚੰਗਾ ਗਿਆਨ ਤੇ ਪੁਰਬਾਂ ਦਾ ਇਸ਼ਨਾਨ ਆਦਿ ਕਰਮ (ਪ੍ਰਭੂ ਨੂੰ) ਕਿਵੇਂ ਛਲ ਸਕਦੇ ਹਨ? ਜਦ ਕਿ ਉਹ ਆਪ ਅਛੱਲ ਹੈ (ਦਿਲੀ ਪ੍ਰੇਮਾ ਭਗਤੀ ਨਾਲ ਪ੍ਰਭੂ ਵਸ ਵਿਚ ਆਉਂਦਾ ਹੈ)। ਧੋਖਾ, ਮੋਹ ਤੇ ਬਿਕਾਰ ਸਭ ਥਕ ਮੁੱਕ ਗਏ ਹਨ ਅਤੇ ਕੂੜ ਕਪਟ ਤੇ ਦ੍ਵੈਤ ਵੀ ਨਹੀਂ ਰਹੇ। ਪ੍ਰੇਮ ਵਿਚ ਰੰਗਿਆ ਹੋਇਆ ਮੇਰਾ ਮਨ ਪ੍ਰਭੂ ਦੇ ਗੁਣ ਗਾਉਂਦਾ ਹੈ, (ਕਿਉਂਕਿ) ਮੇਰੇ ਮਨ ਵਿਚ ਉਹ ਪ੍ਰਭੂ ਹੀ ਪਿਆਰਾ ਲਗਦਾ ਹੈ।੧। ਉਸ ਮਾਲਕ ਪ੍ਰਭੂ ਨੂੰ ਸਲਾਹੁਣਾ ਚਾਹੀਦਾ ਹੈ, ਜਿਸ ਨੇ ਸਾਰੀ ਦੁਨੀਆਂ ਪੈਦਾ ਕੀਤੀ ਹੈ। (ਰੱਬ ਦੀ ਸਿਫਤ ਸਲਾਹ ਤੋਂ ਬਿਨਾ ਮਨੁੱਖ ਦੇ) ਮਨ ਵਿਚ ਵਿਕਾਰਾਂ ਦੀ ਮੈਲ ਲੱਗੀ ਰਹਿੰਦੀ ਹੈ, ਮਨ ਦੇ ਮੈਲੇ ਹੋਣ ਕਰਕੇ ਕਦੋਂ ਕਿਸੇ ਨੇ ਨਾਮ ਅੰਮ੍ਰਿਤ ਪੀਤਾ ਹੈ? (ਨਾਮ ਪ੍ਰਾਪਤ ਕਰਨ ਲਈ ਮੈਂ) ਗੁਰੂ ਪਾਸੋਂ ਮੁੱਲ ਕਰਾਇਆ, (ਤਾਂ ਗੁਰੂ ਨੇ ਦਸਿਆ ਕਿ ਜਿਸ ਮਨੁੱਖ ਨੇ ਅਪਣਾ) ਇਹ ਮਨ ਗੁਰ ਦੇ ਅਰਪਣ ਕਰ ਦਿਤਾ ਹੈ, (ਉਸ ਨੇ) ਰਿੜਕ (ਸਿਮਰ) ਕੇ ਨਾਮ ਅੰਮ੍ਰਿਤ ਪੀਤਾ ਹੈ। (ਉਸ ਨੇ) ਸਹਜੇ ਹੀ ਅਪਣੇ ਪ੍ਰਭੂ ਨੂੰ ਪਛਾਣ ਲਿਆ ਹੈ, ਜਦੋ (ਉਸ ਨੇ) ਸੱਚੇ ਨਾਮ ਵਿਚ ਮਨ ਲਗਾਇਆ। (ਪ੍ਰਭੂ ਨੂੰ ਮਿਲੇ ਹੋਏ ਉਸ ਮਨੁੱਖ) ਨਾਲ ਮਿਲ ਕੇ ਮੈਂ ਗੁਣ ਗਾਵਾਂ, ਜੇ ਉਸ ਨੂੰ ਚੰਗਾ ਲਗ ਜਾਵਾਂ, (ਉਸ ਤੋਂ) ਪਰਾਇਆ ਹੋ ਕੇ ਪ੍ਰਭੂ ਨੂੰ ਕਿਵੇਂ ਮਿਲ ਸਕਦਾ ਹਾਂ? ਉਸ ਮਾਲਕ ਨੂੰ ਸਲਾਹੁਣਾ ਚਾਹੀਦਾ ਹੈ, ਜਿਸ ਨੇ ਜਗਤ ਨੂੰ ਪੈਦਾ ਕੀਤਾ ਹੈ।੨।

ਪਦਾਰਥ = ਰਾਤਾ-ਰੰਗਿਆ ਹੋਇਆ। ਰਵੈ-ਗਾਉਂਦਾ ਹੈ। ਮਨਿ-ਮਨ ਵਿਚ। ਭਾਵੈ-ਪਿਆਰਾ ਲਗਦਾ ਹੈ। ਸੋਈ-ਉਹ ਹੀ। ਸਾਚ ਕੀ-ਸੱਚ ਦੀ ਪ੍ਰਾਪਤੀ ਕਰਾਉਣ ਵਾਲੀ। ਸੁਖਿ ਸਹਜਿ-ਅਸਲੀ ਸੁਖ ਵਾਲੀ ਅਵਸਥਾ ਵਿਚ। ਸਾਚ ਕੀ ਮਤਿ-ਸੱਚ ਦੀ ਪ੍ਰਾਪਤੀ ਕਰਾਉਣ ਵਾਲੀ ਅਕਲ। ਕਿਉ ਟਲੈ-ਕਿਵੇਂ ਟਲ ਸਕਦੀ ਹੈ? ਸੁਗਿਆਨੁ-ਚੰਗਾ ਗਿਆਨ (ਜੋ ਮਨੁੱਖ ਚੰਗੇ ਗਿਆਨ ਦੀਆਂ ਗੱਲਾ ਕਰਦਾ ਹੈ, ਪਰ ਹਿਰਦਾ ਪ੍ਰੇਮ ਤੋਂ ਖਾਲੀ ਹੈ)। ਮਜਨੁ-ਪੁਰਬਾਂ ਸਮੇਂ ਦਾ ਇਸ਼ਨਾਨ। ਅਛਲਿਓ-ਜੋ ਠੱਗਿਆ ਨਾ ਜਾ ਸਕੇ। ਕਿਉ ਛਲੈ-ਕਿਵੇਂ ਠੱਗਿਆ ਜਾ ਸਕਦਾ ਹੈ? ਪਰਪੰਚ-ਧੋਖਾ। ਥਾਕੇ-ਮੁੱਕ ਗਏ। ਦੋਈ-ਦੋਵੇਂ; ਦ੍ਵੈਤ; ਮੇਰ ਤੇਰ।੧। ਸਾਹਿਬੁ ਸੋ-ਉਸ ਮਾਲਕ ਨੂੰ। ਜਿਨਿ-ਜਿਸ ਨੇ। ਕਾਰਣੁ-ਜਗਤ। ਮਨਿ ਮੈਲਿਐ-ਮਨ ਦੇ ਮੈਲੇ ਹੋਣ ਕਰਕੇ। ਕਿਨੈ-ਕਿਸੇ ਨੇ। ਪੀਆ-ਪੀਤਾ ਹੈ। ਮਥਿ -ਰਿੜਕ (ਸਿਮਰ) ਕੇ। ਦੀਆ-ਦਿਤਾ। ਗੁਰ ਪਹਿ-ਗੁਰੂ ਪਾਸੋਂ। ਮੋਲੁ-ਮੁੱਲ। ਸਹਜਿ-ਸੁਭਾਵਕ ਹੀ। ਜਾ-ਜਦੋਂ। ਗਾਵਾ-ਮੈਂ ਗਾਵਾਂ। ਜੇ ਤਿਸੁ ਭਾਵਾ-ਜੇ ਉਸ ਨੂੰ ਚੰਗਾ ਲਗਾਂ। ਹੋਇ ਪਰਾਇਆ-ਬਿਗਾਨਾ ਹੋ ਕੇ।੨।

ਆਇ ਗਇਆ ਕੀ ਨ ਆਇਓ, ਕਿਉ ਆਵੈ ਜਾਤਾ ॥ ਪ੍ਰੀਤਮ ਸਿਉ ਮਨੁ ਮਾਨਿਆ, ਹਰਿ ਸੇਤੀ ਰਾਤਾ ॥ ਸਾਹਿਬ ਰੰਗਿ ਰਾਤਾ ਸਚ ਕੀ ਬਾਤਾ, ਜਿਨਿ ਬਿੰਬ ਕਾ ਕੋਟੁ ਉਸਾਰਿਆ ॥ ਪੰਚ ਭੂ ਨਾਇਕੋ ਆਪਿ ਸਿਰੰਦਾ, ਜਿਨਿ ਸਚ ਕਾ ਪਿੰਡੁ ਸਵਾਰਿਆ ॥ ਹਮ ਅਵਗਣਿਆਰੇ ਤੂ ਸੁਣਿ ਪਿਆਰੇ, ਤੁਧੁ ਭਾਵੈ ਸਚੁ ਸੋਈ ॥ ਆਵਣ ਜਾਣਾ ਨ ਥੀਐ, ਸਾਚੀ ਮਤਿ ਹੋਈ ॥੩॥ ਅੰਜਨੁ ਤੈਸਾ ਅੰਜੀਐ, ਜੈਸਾ ਪਿਰ ਭਾਵੈ ॥ ਸਮਝੈ ਸੂਝੈ ਜਾਣੀਐ, ਜੇ ਆਪਿ ਜਾਣਾਵੈ ॥ ਆਪਿ ਜਾਣਾਵੈ ਮਾਰਗਿ ਪਾਵੈ, ਆਪੇ ਮਨੂਆ ਲੇਵਏ ॥ ਕਰਮ ਸੁਕਰਮ ਕਰਾਏ ਆਪੇ, ਕੀਮਤਿ ਕਉਣ ਅਭੇਵਏ ॥ ਤੰਤੁ ਮੰਤੁ ਪਾਖੰਡੁ ਨ ਜਾਣਾ, ਰਾਮੁ ਰਿਦੈ ਮਨੁ ਮਾਨਿਆ ॥ ਅੰਜਨੁ ਨਾਮੁ ਤਿਸੈ ਤੇ ਸੂਝੈ, ਗੁਰ ਸਬਦੀ ਸਚੁ ਜਾਨਿਆ ॥੪॥

(ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ) ਆ ਕੇ ਵਸ ਗਿਆ ਹੈ, (ਤਾਂ ਉਸ ਕੋਲ ਬਾਕੀ) ਕੀ ਨਹੀਂ ਆਇਆ? (ਸਭ ਕੁਛ ਮਿਲ ਗਿਆ ਹੈ, ਪ੍ਰਭੂ ਦੇ ਆਉਣ ਨਾਲ ਉਸ ਦਾ) ਜਨਮ ਮਰਨ ਕਿਉਂ ਹੋਵੇਗਾ? (ਉਹ ਮੁਕਤ ਹੋ ਜਾਂਦਾ ਹੈ)। ਮੇਰਾ ਮਨ ਪਿਆਰੇ ਪ੍ਰਭੂ ਨਾਲ ਮੰਨ ਗਿਆ ਹੈ ਅਤੇ ਹਰੀ ਦੇ ਨਾਮ ਨਾਲ ਰੰਗਿਆ ਗਿਆ ਹੈ। ਮਾਲਕ ਪ੍ਰਭੂ ਦੇ ਰੰਗ ਵਿਚ ਰੰਗਿਆ ਹੋਇਆ ਮਨ ਸੱਚੇ ਪ੍ਰਭੂ ਦੀਆਂ (ਸਿਫਤ ਸਲਾਹ ਵਾਲੀਆਂ) ਗੱਲਾਂ ਕਰਦਾ ਹੈ, ਜਿਸ (ਪ੍ਰਭੂ) ਨੇ ਵੀਰਜ ਦੀ ਇਕ ਬੂੰਦ ਦਾ ਸਰੀਰ ਰੂਪ ਕਿਲ੍ਹਾ ਉਸਾਰ ਦਿਤਾ ਹੈ। ਪੰਜਾਂ ਤੱਤਾਂ ਦੇ ਸਰੀਰ ਦਾ ਆਪ ਨਾਇਕ (ਮਾਲਕ) ਹੈ ਤੇ ਆਪ ਹੀ ਸਿਰਜਣ ਵਾਲਾ ਹੈ, ਜਿਸ ਪ੍ਰਭੂ ਨੇ ਸੱਚ ਦਾ ਮਨੁੱਖਾ ਸਰੀਰ ਬਣਾ ਦਿਤਾ ਹੈ (ਅਪਣਾ ਰੂਪ ਦਿਤਾ) ਹੈ। ਹੇ ਪਿਆਰੇ ਪ੍ਰਭੂ! ਤੂੰ ਮੇਰੀ ਬੇਨਤੀ ਸੁਣ, ਅਸੀਂ (ਜੀਵ) ਅਉਗਣਿਆਰੇ ਹਾਂ, (ਪਰ ਜੋ ਮਨੁੱਖ) ਤੈਨੂੰ ਚੰਗਾ ਲਗਦਾ ਹੈ, ਉਹ ਹੀ ਸੱਚਾ (ਤੇਰਾ ਰੂਪ ਹੋ ਜਾਂਦਾ) ਹੈ। (ਉਸ ਮਨੁੱਖ ਦਾ) ਆਉਣਾ ਜਾਣਾ ਨਹੀਂ ਹੁੰਦਾ, (ਜਿਸ ਨੂੰ ਗੁਰੂ ਦੀ) ਸੱਚੀ ਸਿੱਖਿਆ ਪ੍ਰਾਪਤ ਹੋਈ ਹੈ।੩। (ਹੇ ਭਾਈ! ਜੀਵ ਇਸਤ੍ਰੀ ਨੂੰ ਬੁੱਧੀ ਰੂਪ ਅੱਖਾਂ ਵਿਚ) ਉਹੋ ਜਿਹਾ ਗਿਆਨ ਰੂਪ ਸੁਰਮਾਂ ਪਾਉਣਾ (ਉਹ ਗਿਆਨ ਪ੍ਰਾਪਤ ਕਰਨਾ) ਚਾਹੀਦਾ ਹੈ, ਜਿਹੋ ਜਿਹਾ ਪਤੀ ਪ੍ਰਭੂ ਨੂੰ ਚੰਗਾ ਲੱਗੇ, (ਗਿਆਨ ਅੰਜਨ ਨੂੰ ਉਹ ਹੀ) ਸਮਝ ਸਕਦਾ ਹੈ, ਜਿਸ ਨੂੰ ਪ੍ਰਭੂ ਆਪ ਜਣਾਵੇ (ਗਿਆਨ ਬਖਸ਼ੇ), ਤਾਂ ਫਿਰ ਸੂਝ ਪ੍ਰਾਪਤ ਹੋ ਜਾਂਦੀ ਹੈ। (ਪਰ ਜੀਵ ਦੇ ਵਸ ਵਿਚ ਕੀ ਹੈ?) ਪ੍ਰਭੂ ਆਪ ਹੀ (ਜੀਵ ਨੂੰ) ਗਿਆਨ ਬਖਸ਼ਦਾ ਹੈ, ਆਪ ਹੀ ਚੰਗੇ ਰਸਤੇ ਤੇ ਪਾਉਂਦਾ ਹੈ ਅਤੇ ਆਪ ਹੀ ਜੀਵ ਦੇ ਮਨ ਨੂੰ ਅਪਣੇ ਵੱਲ ਪ੍ਰੇਰ ਲੈਂਦਾ ਹੈ। ਉਹ ਆਪ ਹੀ (ਜੀਵਾਂ ਪਾਸੋਂ) ਸਧਾਰਨ ਕਰਮ ਤੇ ਚੰਗੇ ਕਰਮ ਕਰਾਉਂਦਾ ਹੈ, (ਜਿਹੜਾ) ਪ੍ਰਭੂ ਭੇਦ ਰਹਿਤ ਹੈ (ਉਸ ਦੀ) ਕੀਮਤ ਕੌਣ ਪਾ ਸਕਦਾ ਹੈ? (ਪ੍ਰਭੂ ਦੀ ਪ੍ਰਾਪਤ ਲਈ ਮੈਂ ਕੋਈ) ਤੰਤਰ, ਮੰਤਰ ਜਾਂ ਪਖੰਡ ਆਦਿ ਕਰਨ ਨਹੀਂ ਜਾਣਦੀ, (ਮੈਂ ਜਾਣਦੀ ਹਾਂ ਕਿ) ਪ੍ਰਭੂ ਮੇਰੇ ਹਿਰਦੇ ਵਿਚ ਵਸਦਾ ਹੈ, (ਜਿਸ ਨਾਲ ਮੇਰਾ) ਮਨ ਪਤੀਜ (ਸੰਤੁਸ਼ਟ ਹੋ) ਗਿਆ ਹੈ। ਨਾਮ ਰੂਪ ਸੁਰਮੇ ਦਾ ਉਸੇ ਤੋਂ ਹੀ ਪਤਾ ਲਗਦਾ ਹੈ, ਜਿਸ ਨੇ ਗੁਰੂ ਦੇ ਸ਼ਬਦ ਦੁਆਰਾ ਸੱਚ ਸਰੂਪ ਹਰੀ ਨੂੰ ਜਾਣਿਆ ਹੈ।੪।

ਪਦਾਰਥ = ਕੀ ਨ ਆਇਓ-(ਉਸ ਕੋਲ ਬਾਕੀ) ਕੀ ਨਹੀਂ ਆਇਆ। ਕਿਉ ਆਵੈ ਜਾਤਾ-(ਉਹ) ਕਿਉਂ ਆਵੇਗਾ ਤੇ ਜਾਵੇਗਾ? (ਜਨਮ ਮਰਨ ਨਹੀਂ ਹੋਵੇਗਾ)। ਪ੍ਰੀਤਮ ਸਿਉ-ਪਿਆਰੇ ਪ੍ਰਭੂ ਨਾਲ। ਮਨੁ ਮਾਨਿਆ-ਮਨ ਮੰਨ (ਸ਼ਾਂਤ ਹੋ) ਗਿਆ। ਸੇਤੀ-ਨਾਲ। ਰਾਤਾ-ਰੰਗਿਆ ਗਿਆ। ਸਚ ਕੀ ਬਾਤਾ-ਸੱਚੇ ਪ੍ਰਭੂ ਦੀਆਂ ਗੱਲਾਂ। ਬਿੰਬ ਕਾ-ਪਾਣੀ ਦੀ ਬੂੰਦ ਦਾ (ਪਿਤਾ ਦੇ ਬਿੰਦ ਤੋਂ)। ਕੋਟੁ-ਕਿਲ੍ਹਾ। ਪੰਚ ਭੂ-ਪੰਜ ਤੱਤ। ਨਾਇਕੋ-ਮਾਲਕ। ਸਿਰੰਦਾ-ਪੈਦਾ ਕਰਨ ਵਾਲਾ। ਸਚ ਕਾ-ਸੱਚੇ ਪ੍ਰਭੂ ਦਾ। ਪਿੰਡੁ-ਸਰੀਰ। ਸਵਾਰਿਆ-ਬਣਾਇਆ। ਹਮ-ਅਸੀਂ। ਪਿਆਰੇ-ਹੇ ਪਿਆਰੇ ਪ੍ਰਭੂ!। ਤੁਧੁ-ਤੈਨੂੰ। ਭਾਵੈ-ਚੰਗਾ ਲਗਦਾ ਹੈ। ਸੋਈ-ਉਹ ਹੀ। ਨ ਥੀਐ-ਨਹੀਂ ਹੁੰਦਾ। ਸਾਚੀ ਮਤਿ-ਸੱਚੀ ਸਿੱਖਿਆ; ਸੱਚੀ ਅਕਲ।੩। ਅੰਜਨੁ-ਸੁਰਮਾ। ਤੈਸਾ-ਉਹੋ ਜਿਹਾ। ਅੰਜੀਐ-ਪਾਉਣਾ ਚਾਹੀਦਾ ਹੈ। ਪਿਰ

ਭਾਵੈ–ਪਤੀ ਨੂੰ ਚੰਗਾ ਲੱਗੇ (ਪਸੰਦ ਆਵੇ)।ਜਾਣਾਵੈ–ਗਿਆਨ ਬਖਸ਼ੇ।ਮਾਰਗਿ ਪਾਵੈ–ਰਸਤੇ ਪਾਉਂਦਾ ਹੈ।ਮਨੂਆ–ਮਨ।ਲੇਵਏ–(ਪ੍ਰੇਰ) ਲੈਂਦਾ ਹੈ।ਸੁਕਰਮ–ਚੰਗੇ ਕਰਮ।ਅਭੇਵਏ–ਜਿਦ ਦਾ ਭੇਤ ਨਾ ਪਾਇਆ ਜਾ ਸਕੇ।ਤੰਤੁ–ਟੂਣਾ।ਮੰਤੁ–ਮੰਤਰ।ਨ ਜਾਣਾ–ਨਹੀਂ ਜਾਣਦਾ।ਰਿਦੈ–ਹਿਰਦੇ ਵਿਚ।ਤਿਸੈ ਤੇ–ਉਸੇ ਤੋਂ।ਸੂਝੈ–ਪਤਾ ਲਗਦਾ ਹੈ।ਸਬਦੀ–ਸ਼ਬਦ ਦੁਆਰਾ।੪।

ਸਾਜਨ ਹੋਵਨਿ ਆਪਣੇ, ਕਿਉ ਪਰ ਘਰਿ ਜਾਹੀ ॥ ਸਾਜਨ ਰਾਤੇ ਸਚ ਕੇ, ਸੰਗੇ ਮਨ ਮਾਹੀ ॥ ਮਨ ਮਾਹਿ ਸਾਜਨ ਕਰਹਿ ਰਲੀਆ ,ਕਰਮ ਧਰਮ ਸਬਾਇਆ ॥ ਅਠਸਠਿ ਤੀਰਥ ਪੁੰਨ ਪੂਜਾ, ਨਾਮੁ ਸਾਚਾ ਭਾਇਆ ॥ ਆਪਿ ਸਾਜੇ ਥਾਪਿ ਵੇਖੈ, ਤਿਸੈ ਭਾਣਾ ਭਾਇਆ ॥ (ਹੇ ਭਾਈ! ਜਦੋਂ) ਗੁਰਮੁਖ ਸਜਣ ਅਪਣੇ ਪ੍ਰੇਮੀ ਹੋਣ ਤਾਂ ਪਰਾਏ (ਦੇਵੀ ਦੇਵਤਿਆਂ ਜਾਂ ਹੋਰ ਮੱਤਾਂ ਵਾਲਿਆਂ ਦੇ) ਘਰਾਂ ਵਿਚ ਕਿਉਂ ਜਾਈਏ? ਇਹ ਗੁਰਮੁਖ ਸੱਜਣ ਸੱਚੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਹੁੰਦੇ ਹਨ, ਜੋ ਮਨ ਵਿਚ (ਇਨ੍ਹਾਂ ਦੇ) ਨਾਲ ਰਹਿੰਦਾ ਹੈ।(ਉਹ) ਗੁਰਮੁਖ ਸੱਜਣ ਮਨ ਵਿਚ ਹੀ (ਪ੍ਰਭੂ ਦੇ ਨਾਲ ਰਹਿ ਕੇ) ਅਨੰਦ ਮਾਣਦੇ ਹਨ, (ਉਨ੍ਹਾਂ ਦਾ) ਸਾਰਾ ਧਰਮ ਕਰਮ (ਇਹੋ ਹੀ) ਹੈ।(ਉਨ੍ਹਾਂ ਨੂੰ) ਪ੍ਰਭੂ ਦਾ ਨਾਮ ਚੰਗਾ ਲੱਗਿਆ ਹੈ, (ਇਹੋ ਹੀ ਉਨ੍ਹਾਂ ਦਾ) ਅਠਾਹਠ ਤੀਰਥਾਂ ਦਾ ਇਸ਼ਨਾਨ, ਪੁੰਨ ਕਰਮ ਅਤੇ ਦੇਵ ਪੂਜਾ ਹੈ।(ਗੁਰਮੁਖਾਂ ਨੂੰ) ਉਸ ਪ੍ਰਭੂ ਦਾ ਭਾਣਾ ਚੰਗਾ ਲਗਦਾ ਹੈ, (ਕਿਉਂਕਿ ਉਨ੍ਹਾਂ ਨੂੰ ਇਹ ਗਿਆਨ ਹੋ ਗਿਆ ਹੈ ਕਿ) ਪ੍ਰਭੂ ਆਪ ਹੀ ਜਗਤ ਨੂੰ ਸਾਜਦਾ ਹੈ, (ਇਸ ਨੂੰ) ਅਸਥਾਪਨ ਕਰਕੇ ਦੇਖਦਾ (ਸੰਭਾਲਦਾ) ਹੈ।

ਅੰਗ ੭੬੭ = ਸਾਜਨ ਰਾਂਗਿ ਰੰਗੀਲੜੇ, ਰੰਗੁ ਲਾਲੁ ਬਣਾਇਆ ॥੫॥ ਅੰਧਾ ਆਗੂ ਜੇ ਥੀਐ, ਕਿਉ ਪਾਧਰੁ ਜਾਣੈ ॥ ਆਪਿ ਮੁਸੈ ਮਤਿ ਹੋਛੀਐ, ਕਿਉ ਰਾਹੁ ਪਛਾਣੈ ॥ ਕਿਉ ਰਾਹਿ ਜਾਵੈ ਮਹਲੁ ਪਾਵੈ, ਅੰਧ ਕੀ ਮਤਿ ਅੰਧਲੀ ॥ ਵਿਣੁ ਨਾਮ ਹਰਿ ਕੇ ਕਛੁ ਨ ਸੂਝੈ, ਅੰਧੁ ਬੂਡੌ ਧੰਧਲੀ ॥ ਦਿਨੁ ਰਾਤਿ ਚਾਨਣੁ ਚਾਉ ਉਪਜੈ, ਸਬਦੁ ਗੁਰ ਕਾ ਮਨਿ ਵਸੈ ॥ ਕਰ ਜੋੜਿ ਗੁਰ ਪਹਿ ਕਰਿ ਬਿਨੰਤੀ, ਰਾਹੁ ਪਾਧਰੁ ਗੁਰੁ ਦਸੈ ॥੬॥ ਮਨੁ ਪਰਦੇਸੀ ਜੇ ਥੀਐ, ਸਭੁ ਦੇਸੁ ਪਰਾਇਆ ॥ ਕਿਸੁ ਪਹਿ ਖੋਲ੍ਉ ਗੰਠੜੀ, ਦੂਖੀ ਭਰਿ ਆਇਆ ॥ ਦੂਖੀ ਭਰਿ ਆਇਆ ਜਗਤੁ ਸਬਾਇਆ, ਕਉਣੁ ਜਾਣੈ ਬਿਧਿ ਮੇਰੀਆ ॥ ਆਵਣੇ ਜਾਵਣੇ ਖਰੇ ਡਰਾਵਣੇ, ਤੋਟਿ ਨ ਆਵੈ ਫੇਰੀਆ ॥ ਨਾਮ ਵਿਹੂਣੇ ਊਣੇ ਝੂਣੇ, ਨਾ ਗੁਰਿ ਸਬਦੁ ਸੁਣਾਇਆ ॥ ਮਨੁ ਪਰਦੇਸੀ ਜੇ ਥੀਐ, ਸਭੁ ਦੇਸੁ ਪਰਾਇਆ ॥੭॥ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ (ਉਨ੍ਹਾਂ) ਸੱਜਣ ਪਿਆਰਿਆਂ ਨੇ (ਪ੍ਰਭੂ ਦੇ ਪ੍ਰੇਮ ਦਾ) ਗੂੜਾ ਲਾਲ ਰੰਗ ਬਣਾਇਆ ਹੋਇਆ ਹੈ।੫।(ਹੇ ਭਾਈ!) ਜੇ ਅੰਨ੍ਹਾਂ (ਅਗਿਆਨੀ ਮਨੁੱਖ ਲੋਕਾਂ ਦਾ ਧਾਰਮਕ) ਆਗੂ ਬਣ ਜਾਵੇ, (ਤਾਂ ਉਸ ਤੋਂ ਧਰਮ ਦਾ) ਰਸਤਾ ਕਿਵੇਂ ਜਾਣਿਆ ਜਾ ਸਕਦਾ ਹੈ? (ਜਿਹੜਾ ਮਨੁੱਖ) ਹੋਛੀ ਮੱਤ ਦੇ ਕਾਰਣ ਆਪ (ਕਾਮਾਇਕਾਂ ਤੋਂ) ਲੁੱਟਿਆ ਜਾਂਦਾ ਹੈ, (ਉਸ ਦੀ ਅਗਵਾਈ ਵਿਚ ਮਨੁੱਖ ਧਰਮ ਦਾ ਰਸਤਾ) ਕਿਵੇਂ ਪਛਾਣ ਸਕਦਾ ਹੈ? ਅੰਨ੍ਹੇ (ਅਗਿਆਨੀ) ਮਨੁੱਖ ਦੀ ਮੱਤ ਦੀ ਅੰਨ੍ਹੀ (ਕੁਰਾਹੇ ਪਾਉਣ ਵਾਲੀ) ਹੁੰਦੀ ਹੈ, (ਇਸ ਲਈ ਉਹ ਸਹੀ) ਰਸਤੇ ਤੇ ਕਿਵੇਂ ਚਲ ਸਕਦਾ ਹੈ ਅਤੇ ਪ੍ਰਭੂ ਦਾ ਟਿਕਾਣਾ ਕਿਵੇਂ ਪ੍ਰਾਪਤ ਕਰ ਸਕਦਾ ਹੈ? (ਉਹ ਆਗੂ) ਹਰੀ ਦੇ ਨਾਮ ਤੋਂ ਬਿਨਾ ਹੋਣ ਕਰਕੇ (ਉਸ ਨੂੰ) ਕੁਛ ਨਹੀਂ ਸੁੱਝਦਾ ਅਤੇ (ਉਹ) ਸੰਸਾਰਕ ਧੰਧਿਆਂ ਵਿਚ ਡੁੱਬਿਆ ਰਹਿੰਦਾ ਹੈ।(ਪਰ ਜਿਸ ਮਨੁੱਖ ਦੇ) ਮਨ ਵਿਚ ਗੁਰੂ ਦਾ ਸ਼ਬਦ ਵਸਦਾ ਹੈ ,(ਉਸ ਨੂੰ) ਦਿਨ ਰਾਤ ਗਿਆਨ ਦਾ ਚਾਨਣ ਰਹਿੰਦਾ ਹੈ ਅਤੇ (ਨਾਮ ਜਪਣ ਦਾ) ਚਾਉ ਪੈਦਾ ਹੁੰਦਾ ਹੈ।(ਹੇ ਭਾਈ! ਤੂੰ) ਹੱਥ ਜੋੜ ਕੇ ਗੁਰੂ ਪਾਸ ਬੇਨਤੀ ਕਰ, (ਪ੍ਰਭੂ ਨੂੰ ਮਿਲਣ ਦਾ) ਸਿੱਧਾ ਪੱਧਰਾ ਰਸਤਾ ਗੁਰੂ ਦਸਦਾ ਹੈ।੬।(ਹੇ ਭਾਈ! ਅਪਣਾ) ਮਨ ਜੇ (ਪ੍ਰਭੂ ਵੱਲੋਂ) ਓਪਰਾ ਹੋ ਜਾਵੇ, ਤਾਂ ਸਾਰਾ ਦੇਸ ਓਪਰਾ ਦਿਸਦਾ ਹੈ; ਜੇ ਮਨ ਪਰਦੇਸੀ ਵਾਂਗ ਵੈਰਾਗਵਾਨ ਹੋ ਜਾਵੇ, ਤਾਂ ਸਾਰਾ ਦੇਸ ਹੀ ਪਰਾਇਆ ਦਿਸਦਾ ਹੈ ਭਾਵ ਰੱਬ ਨੂੰ ਸਾਰੇ ਜਗਤ ਦਾ ਮਾਲਕ ਜਾਣ ਕੇ ਅਪਣੀ ਅਪਣੱਤ ਛਡ ਦਿੰਦਾ ਹੈ (ਫ.ਸ.; ਸੰ.ਸ.)।ਮੈਂ ਦੁੱਖਾਂ ਨਾਲ ਭਰ ਆਇਆ ਹਾਂ, (ਦੁੱਖਾਂ ਦੀ) ਗਠੜੀ ਕਿਸ ਕੋਲ ਖੋਲ੍ਹਾਂ (ਦੁਖ ਕਿਸ ਨੂੰ ਸੁਣਾਵਾਂ)? ਮੇਰੀ (ਦੁਖਾਂ ਵਾਲੀ) ਹਾਲਤ ਨੂੰ ਕੌਣ ਜਾਣੇ? (ਕਿਉਂਕਿ) ਸਾਰਾ ਜਗਤ ਹੀ ਦੁੱਖਾਂ ਨਾਲ ਭਰਿਆ ਪਿਆ ਹੈ।(ਰੱਬ ਤੋਂ ਵਿਛੜ ਕੇ ਜੀਵ) ਆਉਣ ਜਾਣ (ਜਨਮ ਮਰਨ) ਦੇ ਬਹੁਤ ਡਰਾਉਣੇ ਗੇੜ ਵਿਚ ਪਏ ਰਹਿੰਦੇ ਹਨ, (ਉਨ੍ਹਾਂ ਦੇ ਜਨਮ ਮਰਨ ਦੇ) ਫੇਰਿਆਂ ਦੀ ਤੋਟ ਨਹੀਂ ਆਉਂਦੀ (ਆਵਾਗੌਣ ਦਾ ਚੱਕਰ ਮੁਕਦਾ ਨਹੀਂ।ਜਿਨ੍ਹਾਂ ਨੂੰ) ਗੁਰੂ ਨੇ ਉਪਦੇਸ਼ ਨਹੀਂ ਸੁਣਾਇਆ, ਉਹ ਨਾਮ ਵਿਹੂਣੇ ਲੋਕ ਸਦਾ ਅੰਦਰੋਂ ਖਾਲੀ ਤੇ ਬਾਹਰੋਂ ਉਦਾਸ ਰਹਿੰਦੇ ਹਨ।ਜੇ ਮਨ (ਪ੍ਰਭੂ ਵੱਲੋਂ) ਓਪਰਾ ਹੋ ਜਾਵੇ, ਤਾਂ ਸਾਰਾ ਦੇਸ ਓਪਰਾ ਦਿਸਣ ਲਗ ਜਾਂਦਾ ਹੈ।੭।

ਪਦਾਰਥ = ਸਾਜਨ–ਗੁਰਮੁਖ ਸੱਜਣ।ਪਰ ਘਰਿ–ਪਰਾਏ ਘਰਾਂ ਵਿਚ।ਜਾਹੀ–ਜਾਂਦੇ ਹਨ (ਜਾਈਏ)।ਰਾਤੇ–ਰੰਗੇ ਹੋਏ।ਸਚ ਕੇ–ਸੱਚੇ ਪ੍ਰਭੂ ਦੇ।ਸੰਗੇ–ਨਾਲ; ਅੰਗ ਸੰਗ।ਮਨ ਮਾਹੀ–ਮਨ ਵਿਚ।ਕਰਹਿ ਰਲੀਆ–ਅਨੰਦ ਮਾਣਦੇ ਹਨ।ਸਬਾਇਆ–ਸਾਰਾ।ਅਠ

ਸਠਿ–ਅਠਾਹਠ। ਭਾਇਆ–ਚੰਗਾ ਲੱਗਾ; ਪਿਆਰਾ ਲੱਗਾ। ਸਾਜੇ–ਸਾਜਦਾ ਹੈ। ਥਾਪਿ–ਸਥਾਪਨ ਕਰਕੇ; ਬਣਾ ਕੇ। ਤਿਸੈ–ਉਸ ਦਾ। ਰਾਂਗਿ–ਪ੍ਰੇਮ ਰੰਗ ਵਿਚ। ਰੰਗੀਲੜੇ–ਪਿਆਰੇ। ਰੰਗੁ ਲਾਲੁ–ਗੂੜਾ ਪ੍ਰੇਮ। ੫। ਅੰਧਾ ਆਗੂ–ਅਗਿਆਨੀ ਆਗੂ (ਗੁਰੂ)। ਥੀਐ–ਹੋ ਜਾਵੇ। ਪਾਧਰੁ–ਸਿੱਧਾ ਪੱਧਰਾ। ਮੁਸੈ–ਲੁੱਟਿਆ ਜਾਂਦਾ ਹੈ। ਮਤਿ ਹੋਛੀਐ–ਹੋਛੀ ਅਕਲ ਦੇ ਕਾਰਣ। ਰਾਹੁ–ਰਸਤਾ। ਰਾਹਿ–ਰਸਤੇ ਉਤੇ। ਮਹਲੁ–ਪ੍ਰਭੂ ਦਾ ਟਿਕਾਣਾ। ਅੰਧਲੀ–ਅੰਨ੍ਹੀ। ਨ ਸੂਝੈ–ਸੁੱਝਦਾ ਨਹੀਂ। ਬੂਡੌ–ਡੁਬਿਆ ਹੈ। ਧੰਧਲੀ–ਧੰਧਿਆਂ ਵਿਚ। ਮਨਿ–ਮਨ ਵਿਚ। ਕਰ–ਹੱਥ। ਪਹਿ–ਪਾਸ। ਕਰਿ ਬਿਨੰਤੀ–ਬੇਨਤੀ ਕਰ। ਰਾਹੁ ਪਾਧਰੁ–ਸਿੱਧਾ ਪਧਰਾ ਰਸਤਾ। ੬। ਪਰਦੇਸੀ–ਉਪਰਾਮ; ਬਿਗਾਨਾ (ਓਪਰਾ)। ਥੀਐ–ਹੋ ਜਾਵੇ। ਪਰਾਇਆ–ਬਿਗਾਨਾ। ਪਹਿ–ਪਾਸ (ਕੋਲ)। ਖੋਲ੍ਹਉ–ਮੈਂ ਖੋਲ੍ਹਾਂ। ਦੂਖੀ–ਦੁੱਖਾਂ ਨਾਲ। ਬਿਧਿ–ਹਾਲਤ। ਸਬਾਇਆ–ਸਾਰਾ। ਆਵਣੇ ਜਾਵਣੇ–ਆਉਣ ਜਾਣ (ਜਨਮ ਮਰਨ) ਦੇ ਗੇੜ। ਖਰੇ–ਬਹੁਤ। ਤੋਟਿ ਨ ਆਵੈ–ਤੋਟਾ ਨਹੀਂ ਆਉਂਦਾ (ਮੁੱਕਦਾ ਨਹੀਂ)। ਫੇਰੀਆ–ਜਨਮ ਮਰਨ ਦੇ ਗੇੜੇ। ਵਿਹੂਣੇ–ਬਿਨਾ। ਊਣੇ–ਖਾਲੀ। ਝੂਣੇ–ਉਦਾਸ। ਗੁਰਿ–ਗੁਰੂ ਨੇ। ੭।

ਗੁਰ ਮਹਲੀ ਘਰਿ ਆਪਣੈ, ਸੋ ਭਰਪੁਰਿ ਲੀਣਾ ॥ ਸੇਵਕੁ ਸੇਵਾ ਤਾਂ ਕਰੇ, ਸਚ ਸਬਦਿ ਪਤੀਣਾ ॥ ਸਬਦੇ ਪਤੀਜੈ ਅੰਕੁ ਭੀਜੈ, ਸੁ ਮਹਲੁ ਮਹਲਾ ਅੰਤਰੇ ॥ ਆਪਿ ਕਰਤਾ ਕਰੇ ਸੋਈ, ਪ੍ਰਭੁ ਆਪਿ ਅੰਤਿ ਨਿਰੰਤਰੇ ॥ ਗੁਰ ਸਬਦਿ ਮੇਲਾ ਤਾਂ ਸੁਹੇਲਾ, ਬਾਜੰਤ ਅਨਹਦ ਬੀਣਾ ॥ ਗੁਰ ਮਹਲੀ ਘਰਿ ਆਪਣੇ, ਸੋ ਭਰਿਪੁਰਿ ਲੀਣਾ ॥੮॥ ਕੀਤਾ ਕਿਆ ਸਾਲਾਹੀਐ, ਕਰਿ ਵੇਖੈ ਸੋਈ ॥ ਤਾ ਕੀ ਕੀਮਤਿ ਨਾ ਪਵੈ, ਜੇ ਲੋਚੈ ਕੋਈ ॥ ਕੀਮਤਿ ਸੋ ਪਾਵੈ ਆਪਿ ਜਾਣਾਵੈ, ਆਪਿ ਅਭੁਲੁ ਨ ਭੁਲਏ ॥ ਜੈ ਜੈ ਕਾਰੁ ਕਰਹਿ ਤੁਧੁ ਭਾਵਹਿ, ਗੁਰ ਕੈ ਸਬਦਿ ਅਮੁਲਏ ॥ ਹੀਣਉ ਨੀਚੁ ਕਰਉ ਬੇਨੰਤੀ, ਸਾਚੁ ਨ ਛੋਡਉ ਭਾਈ ॥ ਨਾਨਕ ਜਿਨਿ ਕਰਿ ਦੇਖਿਆ, ਦੇਵੈ ਮਤਿ ਸਾਈ ॥੯॥੨॥੫॥ (ਜਿਸ ਮਨੁੱਖ ਨੇ) ਗੁਰੂ ਦੇ ਮਹਿਲ ਦੁਆਰਾ (ਗੁਰੂ ਦੀ ਹਜ਼ੂਰੀ ਵਿਚ ਰਹਿ ਕੇ) ਪ੍ਰਭੂ ਨੂੰ ਅਪਣੇ ਹਿਰਦੇ ਘਰ ਵਿਚ ਵਸਾ ਲਿਆ ਹੈ, ਉਹ ਸਰਬ ਵਿਆਪਕ ਪ੍ਰਭੂ ਵਿਚ ਲੀਨ ਰਹਿੰਦਾ ਹੈ। (ਮਨੁੱਖ) ਸੇਵਕ ਬਣ ਕੇ (ਗੁਰੂ ਦੀ) ਸੇਵਾ ਤਾਂ ਕਰਦਾ ਹੈ, (ਜਦੋਂ ਉਸ ਦਾ ਮਨ) ਸੱਚੇ ਸ਼ਬਦ ਵਿਚ ਪਤੀਜ ਜਾਂਦਾ ਹੈ। (ਜੋ ਮਨੁੱਖ ਗੁਰੂ ਦੇ) ਸ਼ਬਦ ਵਿਚ ਪਤੀਜ ਜਾਂਦਾ ਹੈ, (ਉਸ ਦਾ) ਹਿਰਦਾ ਨਾਮ ਰਸ ਨਾਲ ਭਿੱਜ ਜਾਂਦਾ ਹੈ, ਉਹ ਪ੍ਰਭੂ ਦੇ ਮਹਿਲ ਨੂੰ ਅਪਣੇ ਸਰੀਰ ਅੰਦਰ ਦੇਖ ਲੈਂਦਾ ਹੈ। ਉਹ ਕਰਤਾਰ ਆਪ ਹੀ ਜਗਤ ਨੂੰ ਪੈਦਾ ਕਰਦਾ ਹੈ ਅਤੇ ਆਪ ਹੀ (ਇਸ ਦਾ) ਅੰਤ ਕਰਕੇ ਇਕ ਰਸ ਕਾਇਮ ਰਹਿੰਦਾ ਹੈ; ਆਪ ਹੀ ਸਭ ਦੇ ਅੰਦਰ ਇਕ ਰਸ ਵਿਆਪਕ ਹੈ (ਦਰਪਣ; ਡਾ. ਤਾਰਨ ਸਿੰਘ। ਜੇ ਜੀਵ ਦਾ) ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਨਾਲ ਮੇਲ ਹੋ ਜਾਵੇ ਤਾਂ ਇਹ ਸੁਖੀ ਹੁੰਦਾ ਹੈ ਅਤੇ (ਉਸ ਦੇ ਅੰਦਰ ਨਾਮ ਸਿਮਰਨ ਦਾ) ਵਾਜਾ ਇਕ ਰਸ ਵਜਦਾ ਹੈ (ਅਜਪਾ ਜਾਪ ਲਗਾਤਾਰ ਚਲਦਾ ਹੈ। ਜਿਸ ਮਨੁੱਖ ਨੇ) ਗੁਰੂ ਦੇ ਮਹਿਲ ਦੁਆਰਾ ਅਪਣੇ ਹਿਰਦੇ ਘਰ ਵਿਚ ਪ੍ਰਭੂ ਨੂੰ ਵਸਾ ਲਿਆ ਹੈ, ਉਹ ਸਰਬ ਵਿਆਪਕ ਪ੍ਰਭੂ ਵਿਚ ਲੀਨ ਰਹਿੰਦਾ ਹੈ। ੮। (ਹੇ ਭਾਈ!) ਪ੍ਰਭੂ ਦੇ ਪੈਦਾ ਕੀਤੇ (ਮਨੁੱਖ) ਨੂੰ ਕੀ ਸਲਾਹੀਏ? ਉਹ ਪ੍ਰਭੂ (ਜੋ ਸਭ ਨੂੰ ਪੈਦਾ ਕਰਕੇ) ਦੇਖਦਾ ਹੈ, (ਉਸ ਨੂੰ ਸਲਾਹੁਣਾ ਚਾਹੀਦਾ ਹੈ)। ਜੇ ਕੋਈ (ਮਨੁਖ ਕੀਮਤ ਪਾਉਣਾ) ਚਾਹੇ, ਤਾਂ ਉਸ ਪ੍ਰਭੂ ਦੀ ਕੀਮਤ ਨਹੀਂ ਪੈ ਸਕਦੀ। (ਜਿਸ ਮਨੁੱਖ ਨੂੰ) ਪ੍ਰਭੂ ਆਪ ਸੋਝੀ ਬਖਸ਼ਦਾ ਹੈ, ਉਹ ਹੀ (ਪ੍ਰਭੂ ਦੀ) ਕੀਮਤ ਪਾ ਸਕਦਾ ਹੈ ਅਤੇ (ਉਹ ਜਾਣ ਲੈਂਦਾ ਹੈ ਕਿ) ਪ੍ਰਭੂ ਆਪ ਅਭੁੱਲ ਹੈ, ਕਦੇ ਭੁਲਦਾ ਨਹੀਂ। (ਹੇ ਪ੍ਰਭੂ!) ਗੁਰੂ ਦੇ ਅਮੋਲਕ ਸ਼ਬਦ ਦੁਆਰਾ (ਜਿਹੜੇ ਮਨੁੱਖ ਤੇਰੀ) ਜੈ ਜੈਕਾਰ ਕਰਦੇ ਹਨ, ਉਹ ਤੈਨੂੰ ਚੰਗੇ ਲਗਦੇ ਹਨ। ਮੈਂ ਪ੍ਰਭੂ ਅੱਗੇ ਬੇਨਤੀ ਕਰਦਾ ਹਾਂ ਕਿ ਮੈਂ ਗੁਣ ਹੀਣ ਤੇ ਨੀਚ ਹਾਂ, (ਪਰ) ਹੇ ਭਾਈ! ਮੈਂ ਸੱਚ ਸਰੂਪ ਪ੍ਰਭੂ ਨੂੰ ਨਹੀਂ ਛਡਦਾ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜਿਸ ਪ੍ਰਭੂ ਨੇ ਜਗਤ ਨੂੰ ਪੈਦਾ ਕਰਕੇ ਦੇਖਿਆ ਭਾਵ ਸੰਭਾਲਿਆ ਹੈ, ਉਹ ਹੀ (ਮਨੁੱਖ ਨੂੰ ਸਿਫਤ ਸਲਾਹ ਕਰਨ ਦੀ) ਮੱਤ ਦੇਂਦਾ ਹੈ। ੯। ੨। ੫।

ਪਦਾਰਥ = ਗੁਰ ਮਹਲੀ–ਗੁਰੂ ਦੇ ਮਹਿਲ ਦੁਆਰਾ। ਘਰਿ–ਹਿਰਦੇ ਘਰ ਵਿਚ। ਸੋ–ਉਹ। ਭਰਪੁਰਿ–ਸਭ ਜਗ੍ਹਾ ਭਰਪੂਰ (ਸਰਬ ਵਿਆਪਕ)। ਲੀਣਾ–ਲੀਨ। ਸਚ ਸਬਦਿ–ਸੱਚੇ ਸ਼ਬਦ ਵਿਚ। ਪਤੀਣਾ–ਪਤੀਜ ਜਾਂਦਾ ਹੈ; ਤਸੱਲੀ ਹੋ ਜਾਂਦੀ ਹੈ। ਅੰਕੁ–ਹਿਰਦਾ। ਭੀਜੈ–ਭਿੱਜ (ਤਰ ਹੋ) ਜਾਂਦਾ ਹੈ। ਸੁ–ਉਹ। ਮਹਲਾ ਅੰਤਰੇ–ਸਰੀਰ ਅੰਦਰ। ਕਰਤਾ–ਕਰਤਾਰ। ਕਰੇ–ਪੈਦਾ ਕਰਦਾ ਹੈ। ਸੋਈ–ਉਹ ਹੀ। ਅੰਤਿ–ਅੰਤ ਕਰਦਾ ਹੈ; ਅੰਦਰ। ਨਿਰੰਤਰੇ–ਇਕ ਰਸ; ਬਿਨਾ ਵਿਥ ਦੇ। ਸੁਹੇਲਾ–ਸੁਖੀ। ਬਾਜੰਤ–ਵਜਦਾ ਹੈ। ਅਨਹਦ ਬੀਣਾ–ਅਨਹਦ ਸ਼ਬਦ; ਇਕ ਰਸ ਨਾਮ ਰੂਪ ਵਾਜਾ। ੮। ਕੀਤਾ–ਪ੍ਰਭੂ ਦੇ ਪੈਦਾ ਕੀਤੇ ਜੀਵ ਨੂੰ। ਕਰਿ–ਪੈਦਾ ਕਰਕੇ। ਵੇਖੈ–ਦੇਖਦਾ (ਸੰਭਾਲਦਾ) ਹੈ। ਤਾ ਕੀ–ਉਸ ਦੀ। ਜਾਣਾਵੈ–ਸੋਝੀ ਬਖਸ਼ਦਾ ਹੈ। ਨ ਅਭੁਲਏ–ਭੁਲਦਾ ਨਹੀਂ। ਜੈ ਜੈਕਾਰੁ–ਸਿਫਤ ਸਲਾਹ। ਕਰਹਿ –ਕਰਦੇ ਹਨ। ਤੁਧੁ ਭਾਵਹਿ–ਤੈਨੂੰ ਚੰਗੇ ਲਗਦੇ ਹਨ। ਸਬਦਿ ਅਮੁਲਏ–ਅਮੋਲਕ ਸ਼ਬਦ ਦੁਆਰਾ। ਹੀਣਉ–ਤੁੱਛ; ਗੁਣ ਹੀਣ। ਕਰਉ–ਮੈਂ ਕਰਦਾ ਹਾਂ। ਸਾਚੁ–ਸੱਚ ਸਰੂਪ ਪ੍ਰਭੂ। ਭਾਈ–ਹੇ ਭਾਈ!। ਜਿਨਿ–ਜਿਸ ਨੇ। ਸਾਈ–ਉਹ ਹੀ। ੯। ੨। ੫।

ਰਾਗੁ ਸੂਹੀ ਛੰਤ ਮਹਲਾ ੩ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਸੁਖ ਸੋਹਿਲੜਾ ਹਰਿ ਧਿਆਵਹੁ ॥ ਗੁਰਮੁਖਿ ਹਰਿ ਫਲੁ ਪਾਵਹੁ ॥ ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ ,ਜਨਮ ਜਨਮ ਕੇ ਦੂਖ ਨਿਵਾਰੇ ॥ ਬਲਿਹਾਰੀ ਗੁਰ ਆਪਣੇ ਵਿਟਹੁ ,ਜਿਨਿ ਕਾਰਜ ਸਭਿ ਸਵਾਰੇ ॥ ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ ,ਸੁਖ ਫਲ ਹਰਿ ਜਨ ਪਾਵਹੁ ॥ ਨਾਨਕੁ ਕਹੈ ਸੁਣਹੁ ਜਨ ਭਾਈ, ਸੁਖ ਸੋਹਿਲੜਾ ਹਰਿ ਧਿਆਵਹੁ ॥੧॥ ਸੁਣਿ ਹਰਿ ਗੁਣ ਭੀਨੇ ਸਹਜਿ ਸੁਭਾਏ ॥ ਗੁਰਮਤਿ ਸਹਜੇ ਨਾਮੁ ਧਿਆਏ ॥ ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ, ਤਿਨ ਜਨਮ ਮਰਣ ਭਉ ਭਾਗਾ ॥ ਅੰਦਰਹੁ ਦੁਰਮਤਿ ਦੂਜੀ ਖੋਈ, ਸੋ ਜਨੁ ਹਰਿ ਲਿਵ ਲਾਗਾ ॥ (ਹੇ ਭਾਈ!) ਗੁਰੂ ਦੀ ਸ਼ਰਨ ਪੈ ਕੇ ਆਤਮਕ ਸੁਖ ਦੇਣ ਵਾਲਾ ਹਰੀ ਦਾ ਜਸ ਉਚਾਰੋ (ਇਸ ਤਰ੍ਹਾਂ ਤੁਸੀਂ) ਹਰੀ ਦੀ ਪ੍ਰਾਪਤੀ ਰੂਪ ਫਲ ਪਾ ਲਵੋਗੇ। ਗੁਰੂ ਦੀ ਸ਼ਰਨ ਪੈ ਕੇ ਹਰੀ ਦਾ ਨਾਮ ਧਿਆਵੋ, (ਹਰੀ ਦਾ ਨਾਮ) ਜਨਮਾਂ ਜਨਮਾਂ ਦੇ ਦੁਖ ਦੂਰ ਕਰ ਦੇਂਦਾ ਹੈ, (ਤੁਸੀਂ ਇਹ) ਫਲ ਪ੍ਰਾਪਤ ਕਰ ਲਵੋਗੇ। ਮੈਂ ਅਪਣੇ ਗੁਰੂ ਤੋਂ ਬਲਹਾਰ ਜਾਂਦਾ ਹਾਂ, ਜਿਸ ਨੇ ਮੇਰੇ ਸਾਰੇ ਕਾਰਜ ਸਵਾਰ ਦਿਤੇ ਹਨ। ਹੇ ਹਰੀ ਜਨੋਂ! ਹਰੀ ਦਾ ਨਾਮ ਜਪੋ, ਹਰੀ ਪ੍ਰਭੂ (ਤੁਹਾਡੇ ਤੇ) ਕਿਰਪਾ ਕਰੇਗਾ ਅਤੇ ਤੁਸੀਂ ਸੁਖ ਫਲ ਪਾ ਲਵੋਗੇ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ ਜਨੋਂ! ਸੁਣੋ, ਆਤਮਕ ਸੁਖ ਦੇਣ ਵਾਲਾ ਹਰੀ ਦਾ ਜਸ ਉਚਾਰੋ।੧।(ਹੇ ਭਾਈ! ਗੁਰਮੁਖ ਜਨ) ਹਰੀ ਦੇ ਗੁਣ ਸੁਣ ਕੇ ਸਹਿਜ ਸੁਭਾਵਕ ਹੀ (ਉਸ ਦੇ) ਪ੍ਰੇਮ ਵਿਚ ਭਿੱਜ ਗਏ ਹਨ। (ਉਹ) ਗੁਰੂ ਦੀ ਮੱਤ ਦੁਆਰਾ ਸੁਭਾਵਕ ਹੀ ਹਰੀ ਦਾ ਨਾਮ ਧਿਆਉਂਦੇ ਹਨ। ਗੁਰੂ ਉਨ੍ਹਾਂ ਪੁਰਖਾਂ ਨੂੰ ਮਿਲਿਆ ਹੈ, ਜਿਨ੍ਹਾਂ ਦੇ ਮੱਥੇ ਉਤੇ ਧੁਰ ਤੋਂ ਲੇਖ ਲਿਖਿਆ ਹੋਇਆ ਹੈ, (ਗੁਰੂ ਦੀ ਬਖਸ਼ਿਸ਼ ਨਾਲ) ਉਨ੍ਹਾਂ ਦੇ ਜਨਮ ਮਰਨ ਦਾ ਡਰ ਨੱਸ ਗਿਆ ਹੈ। ਉਹ ਪੁਰਖ ਹਰੀ ਦੀ ਲਿਵ ਵਿਚ ਲਗ ਗਿਆ ਹੈ, (ਜਿਸ ਨੇ ਅਪਣੇ) ਹਿਰਦੇ ਅੰਦਰੋਂ ਦ੍ਵੈਤ ਵਾਲੀ ਖੋਟੀ ਬੁੱਧੀ ਦੂਰ ਕਰ ਦਿਤੀ ਹੈ।

ਅੰਗ ੭੬੮ = ਜਿਨ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ, ਤਿਨ ਅਨਦਿਨੁ ਹਰਿ ਗੁਣ ਗਾਏ ॥ ਸੁਣਿ ਮਨ ਭੀਨੇ ਸਹਜਿ ਸੁਭਾਏ ॥੨॥ ਮੇਰੇ ਮਾਲਕ ਪ੍ਰਭੂ ਨੇ ਜਿਨ੍ਹਾਂ ਮਨੁੱਖਾਂ ਉਤੇ ਕ੍ਰਿਪਾ ਕੀਤੀ ਹੈ, ਉਨ੍ਹਾਂ ਨੇ ਹਰ ਰੋਜ ਹਰੀ ਦੇ ਗੁਣ ਗਾਏ ਹਨ। ਹਰੀ ਦੇ ਗੁਣ ਸੁਣ ਕੇ ਮਨ ਅਤੇ ਹੋਰ ਇੰਦ੍ਰੇ ਸਹਿਜ ਸੁਭਾਵਕ ਹੀ ਪ੍ਰੇਮ ਵਿਚ ਭਿੱਜ (ਤਰ ਹੋ) ਗਏ ਹਨ।੨।

ਪਦਾਰਥ = ਸੁਖ ਸੋਹਿਲੜਾ ਹਰਿ–ਸੁਖ ਦੇਣ ਵਾਲਾ ਹਰੀ ਦਾ ਜਸ। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਨਿਵਾਰੇ–ਦੂਰ ਕਰਦਾ ਹੈ। ਬਲਿਹਾਰੀ–ਸਦਕੇ ਜਾਂਦਾ ਹਾਂ। ਵਿਟਹੁ–ਤੋਂ। ਜਿਨਿ–ਜਿਸ ਨੇ। ਸਵਾਰੇ–ਸਵਾਰ ਦਿਤੇ। ਜਾਪਹੁ–ਜਪੋ। ਹਰਿ ਜਨ–ਹੇ ਹਰੀ ਦੇ ਜਨੋਂ! ।ਜਨ ਭਾਈ–ਹੇ ਭਾਈ ਜਨੋਂ।੧। ਭੀਨੇ–ਭਿੱਜ ਗਏ ਹਨ। ਸਹਜਿ ਸੁਭਾਏ–ਸਹਿਜ ਸੁਭਾਵਕ। ਗੁਰਮਤਿ–ਗੁਰੂ ਦੀ ਸਿੱਖਿਆ ਰਾਹੀਂ ।ਸਹਜੇ–ਸੁਭਾਵਕ ਕੀ। ਜਿਨ ਕਉ–ਜਿਨ੍ਹਾਂ ਦੇ। ਧੁਰਿ–ਧੁਰ ਤੋਂ। ਤਿਨ–ਉਨ੍ਹਾਂ ਨੂੰ। ਭਉ ਭਾਗਾ–ਡਰ ਨੱਸ ਗਿਆ। ਅੰਦਰਹੁ–ਹਿਰਦੇ ਅੰਦਰੋਂ। ਦੁਰਮਤਿ ਦੂਜੀ–ਦ੍ਵੈਤ ਵਾਲੀ ਖੋਟੀ ਬੁੱਧੀ। ਖੋਈ–ਦੂਰ ਕਰ ਦਿਤੀ। ਸੋ ਜਨੁ–ਉਹ ਪੁਰਖ। ਲਿਵ ਲਾਗਾ–ਧਿਆਨ ਵਿਚ ਜੁੜ ਗਿਆ। ਕੀਨੀ–ਕੀਤੀ। ਜਿਨ ਕਉ–ਜਿਨ੍ਹਾਂ ਉਤੇ। ਸੁਆਮੀ–ਮਾਲਕ ਨੇ। ਅਨਦਿਨੁ–ਹਰ ਰੋਜ।੨।

ਜੁਗ ਮਹਿ ਰਾਮ ਨਾਮੁ ਨਿਸਤਾਰਾ ॥ ਗੁਰ ਤੇ ਉਪਜੈ ਸਬਦੁ ਵੀਚਾਰਾ ॥ ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ, ਜਿਸੁ ਕਿਰਪਾ ਕਰੇ ਸੁ ਪਾਏ ॥ ਸਹਜੇ ਗੁਣ ਗਾਵੈ ਦਿਨੁ ਰਾਤੀ, ਕਿਲਵਿਖ ਸਭਿ ਗਵਾਏ ॥ ਸਭੁ ਕੋ ਤੇਰਾ ਤੂ ਸਭਨਾ ਕਾ, ਹਉ ਤੇਰਾ ਤੂ ਹਮਾਰਾ ॥ ਜੁਗ ਮਹਿ ਰਾਮ ਨਾਮੁ ਨਿਸਤਾਰਾ ॥੩॥ ਸਾਜਨ ਆਇ ਵੁਠੇ ਘਰ ਮਾਹੀ ॥ ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ ॥ ਹਰਿ ਗੁਣ ਗਾਇ ਸਦਾ ਤ੍ਰਿਪਤਾਸੀ, ਫਿਰਿ ਭੂਖ ਨ ਲਾਗੈ ਆਇ ॥ ਦਹ ਦਿਸਿ ਪੂਜ ਹੋਵੈ ਹਰਿ ਜਨ ਕੀ, ਜੋ ਹਰਿ ਹਰਿ ਨਾਮੁ ਧਿਆਏ ॥ ਨਾਨਕ ਹਰਿ ਆਪੇ ਜੋੜਿ ਵਿਛੋੜੇ, ਹਰਿ ਬਿਨੁ ਕੋ ਦੂਜਾ ਨਾਹੀ ॥ ਸਾਜਨ ਆਇ ਵੁਠੇ ਘਰ ਮਾਹੀ ॥੪॥੧॥ (ਹੇ ਭਾਈ! ਇਸ) ਜੁਗ ਵਿਚ ਪ੍ਰਭੂ ਦਾ ਨਾਮ ਹੀ (ਹਰੇਕ ਜੀਵ ਦਾ ਭਵਜਲ ਤੋਂ) ਪਾਰ ਉਤਾਰਾ ਕਰਦਾ ਹੈ। ਗੁਰੂ ਤੋਂ (ਮਨੁੱਖ ਦੇ ਹਿਰਦੇ ਵਿਚ) ਸ਼ਬਦ ਵਿਚਾਰ ਪੈਦਾ ਹੁੰਦੀ ਹੈ। (ਜੋ ਮਨੁੱਖ) ਗੁਰੂ ਦਾ ਸ਼ਬਦ ਵਿਚਾਰਦਾ ਹੈ, (ਉਸ ਨੂੰ) ਰਾਮ ਦਾ ਨਾਮ ਪਿਆਰਾ ਲਗਦਾ ਹੈ, ਜਿਸ ਉਤੇ ਪ੍ਰਭੂ ਕ੍ਰਿਪਾ ਕਰਦਾ ਹੈ (ਉਹ ਇਹ ਦਾਤ) ਪ੍ਰਾਪਤ ਕਰਦਾ ਹੈ। (ਉਹ) ਸਹਜੇ ਹੀ ਦਿਨ ਰਾਤ ਹਰੀ ਦੇ ਗੁਣ ਗਾਉਂਦਾ ਹੈ, (ਇਸ ਕਰਕੇ ਉਹ ਅਪਣੇ) ਸਾਰੇ ਪਾਪ ਦੂਰ ਕਰ ਲੈਂਦਾ ਹੈ। ਹੇ ਪ੍ਰਭੂ! ਸਭ ਕੋਈ ਤੇਰਾ (ਪੈਦਾ ਕੀਤਾ ਹੋਇਆ) ਹੈ ਅਤੇ ਤੂੰ ਸਭਨਾ ਦਾ ਮਾਲਕ ਹੈਂ, ਮੈਂ ਤੇਰਾ ਦਾਸ ਹਾਂ ਅਤੇ ਤੂੰ ਮੇਰਾ ਮਾਲਕ ਹੈਂ। (ਇਸ) ਜੁਗ ਵਿਚ ਰਾਮ ਦਾ (ਭਵਜਲ ਤੋਂ) ਪਾਰ ਉਤਾਰਾ ਕਰਦਾ ਹੈ।੩।(ਹੇ ਭਾਈ! ਜੋ ਮਨੁੱਖ) ਹਰੀ ਦੇ ਗੁਣ ਗਾਉਂਦੇ ਹਨ, (ਉਨ੍ਹਾਂ ਦੇ) ਹਿਰਦੇ ਘਰ ਵਿਚ ਸੱਜਨ ਪ੍ਰਭੂ ਜੀ ਆ ਵਸੇ ਹਨ, (ਇਸ ਲਈ ਉਹ) ਸਰੀਰ ਕਰਕੇ ਵੀ ਰੱਜ ਗਏ ਹਨ ਅਤੇ ਮਨ ਕਰਕੇ ਵੀ ਰੱਜ ਗਏ ਹਨ। (ਉਹ) ਹਰੀ ਦੇ ਗੁਣ ਗਾ ਕੇ

ਸਦਾ ਲਈ ਰੱਜ ਗਏ ਹਨ, ਮੁੜ ਦੁਬਾਰਾ (ਉਨ੍ਹਾਂ ਨੂੰ) ਭੁੱਖ ਆ ਕੇ ਨਹੀਂ ਲਗਦੀ। ਹਰੀ ਦੇ (ਉਸ) ਸੇਵਕ ਦੀ ਦਸੇ ਦਿਸ਼ਾਵਾਂ ਵਿਚ ਪੂਜਾ ਹੁੰਦੀ ਹੈ, ਜੋ ਹਰਿ ਹਰਿ ਨਾਮ ਸਿਮਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਆਪੇ (ਅਪਣੇ ਨਾਲ) ਜੋੜਦਾ ਹੈ ਅਤੇ ਆਪੇ (ਅਪਣੇ ਨਾਲੋਂ) ਵਿਛੋੜਦਾ ਹੈ; ਅਪਣੇ ਨਾਲ ਜੋੜ ਕੇ (ਮਾਇਆ ਨਾਲੋਂ) ਵਿਛੋੜ ਲੈਂਦਾ ਹੈ, ਹਰੀ ਤੋਂ ਬਿਨਾ ਤੋਂ ਦੂਜਾ ਹੋਰ ਕੋਈ (ਤਾਕਤ ਵਾਲਾ) ਨਹੀਂ। ਹਰੀ ਸੱਜਣ ਜੀ (ਗੁਰਮੁਖਾਂ ਦੇ) ਹਿਰਦੇ ਘਰ ਵਿਚ ਆ ਵਸੇ ਹਨ।੪।੧।

ਪਦਾਰਥ = ਜੁਗ ਮਹਿ-ਕਲਜੁਗ ਵਿਚ। ਰਾਮ-ਪ੍ਰਭੂ ਦਾ। ਨਿਸਤਾਰਾ-ਪਾਰ ਉਤਾਰਾ। ਤੇ-ਤੋਂ; ਪਾਸੋਂ। ਸੁ-ਉਹ। ਸਹਜੇ-ਨਿਰ ਯਤਨ। ਕਿਲਵਿਖ-ਪਾਪ। ਗਵਾਏ-ਦੂਰ ਕਰ ਲੈਂਦਾ ਹੈ। ਸਭੁ ਕੋ-ਹਰੇਕ ਜੀਵ। ਹਉ-ਮੈਂ। ਹਮਾਰਾ-ਮੇਰਾ।੩। ਸਾਜਨ-ਸੱਜਨ ਪ੍ਰਭੂ ਜੀ। ਆਇ ਵੁਠੇ-ਆ ਵਸੇ ਹਨ। ਘਰ ਮਾਹੀ-ਹਿਰਦੇ ਘਰ ਵਿਚ। ਗਾਵਹਿ-ਗਾਉਂਦੇ ਹਨ। ਤ੍ਰਿਪਤਿ-ਰੱਜ ਗਏ ਹਨ। ਅਘਾਹੀ-ਰੱਜ ਗਏ ਹਨ (ਪੀ ਕੇ ਰਜਣ ਨੂੰ ਤ੍ਰਿਪਤੀ ਅਤੇ ਖਾ ਕੇ ਰੱਜਣ ਨੂੰ ਅਘਾਹੀ ਕਿਹਾ ਹੈ। ਸ਼ਬਦਾਰਥ)। ਤ੍ਰਿਪਤਾਸੀ-ਰੱਜ ਗਏ ਹਨ। ਫਿਰਿ-ਮੁੜ ਕੇ। ਨ ਲਾਗੈ ਆਇ-ਆ ਕੇ ਨਹੀਂ ਲਗਦੀ। ਦਹਦਿਸਿ-ਦਸੇ ਦਿਸ਼ਾਵਾਂ (ਸਾਰੀ ਦੁਨੀਆਂ) ਵਿਚ। ਪੂਜ-ਪੂਜਾ; ਆਦਰ ਸਨਮਾਨ। ਜਨ ਕੀ-ਸੇਵਕ ਦੀ। ਜੋੜਿ-ਜੋੜਦਾ ਹੈ-ਵਿਛੋੜੇ-ਵਿਛੋੜਦਾ ਹੈ। ਕੋ ਨਾਹੀ-ਕੋਈ ਨਹੀਂ।੪।੧।

ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਮਹਲਾ ੩ ਘਰੁ ੩ ॥ ਭਗਤ ਜਨਾ ਕੀ ਹਰਿ ਜੀਉ ਰਾਖੈ, ਜੁਗਿ ਜੁਗਿ ਰਖਦਾ ਆਇਆ ਰਾਮ ॥ ਸੋ ਭਗਤੁ ਜੋ ਗੁਰਮੁਖਿ ਹੋਵੈ, ਹਉਮੈ ਸਬਦਿ ਜਲਾਇਆ ਰਾਮ ॥ ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ, ਜਿਸ ਦੀ ਸਾਚੀ ਬਾਣੀ ॥ ਸਚੀ ਭਗਤਿ ਕਰਹਿ ਦਿਨੁ ਰਾਤੀ, ਗੁਰਮੁਖਿ ਆਖਿ ਵਖਾਣੀ ॥ ਭਗਤਾ ਕੀ ਚਾਲ ਸਚੀ ਅਤਿ ਨਿਰਮਲ, ਨਾਮੁ ਸਚਾ ਮਨਿ ਭਾਇਆ ॥ ਨਾਨਕ ਭਗਤ ਸੋਹਹਿ ਦਰਿ ਸਾਚੈ, ਜਿਨੀ ਸਚੋ ਸਚੁ ਕਮਾਇਆ ॥੧॥ ਹਰਿ ਭਗਤਾ ਕੀ ਜਾਤਿ ਪਤਿ ਹੈ, ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥ ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ, ਜਿਨ ਗੁਣ ਅਵਗਣ ਪਛਾਣੇ ਰਾਮ ॥ ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ, ਭੈ ਭਗਤਿ ਮੀਠੀ ਲਾਗੀ ॥ ਅਨਦਿਨੁ ਭਗਤਿ ਕਰਹਿ ਦਿਨੁ ਰਾਤੀ, ਘਰ ਹੀ ਮਹਿ ਬੈਰਾਗੀ ॥ ਭਗਤੀ ਰਾਤੇ ਸਦਾ ਮਨੁ ਨਿਰਮਲੁ ,ਹਰਿ ਜੀਉ ਵੇਖਹਿ ਸਦਾ ਨਾਲੇ ॥ ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ, ਅਨਦਿਨੁ ਨਾਮੁ ਸਮ੍ਾਲੇ ॥੨॥ ਹੇ ਭਾਈ! ਹਰੀ ਅਪਣੇ ਭਗਤ ਜਨਾਂ ਦੀ ਪੈਜ ਰੱਖਦਾ ਹੈ, (ਉਹ) ਹਰੇਕ ਜੁਗ ਵਿਚ ਹੀ ਪੈਜ ਰਖਦਾ ਆਇਆ ਹੈ। (ਅਸਲੀ) ਭਗਤ ਉਹ ਹੁੰਦਾ ਹੈ, ਜੋ ਗੁਰੂ ਅਨੁਸਾਰੀ ਹੋਵੇ ਅਤੇ (ਜਿਸ ਨੇ ਗੁਰੂ ਦੇ) ਸ਼ਬਦ ਦੁਆਰਾ ਹਉਮੈ ਨੂੰ ਸਾੜ ਦਿਤਾ ਹੈ। ਜਿਸ ਗੁਰੂ ਦੀ ਬਾਣੀ ਸੱਚੀ ਹੈ, (ਉਸ) ਗੁਰੂ ਦੇ ਸ਼ਬਦ ਦੁਆਰਾ (ਜਿਸ ਮਨੁੱਖ ਨੇ) ਹਉਮੈ ਨੂੰ ਜਲਾ ਦਿਤਾ ਹੈ, (ਉਹ) ਮੇਰੇ ਹਰੀ ਨੂੰ ਚੰਗਾ ਲੱਗਿਆ ਹੈ। ਉਹ ਦਿਨ ਰਾਤ ਸੱਚੀ ਭਗਤੀ ਕਰਦੇ ਹਨ, (ਜੋ ਭਗਤੀ) ਗੁਰੂ ਨੇ ਆਖ ਕੇ ਬਿਆਨ ਕੀਤੀ ਹੈ। ਭਗਤਾਂ ਦੀ ਰਹਿਣੀ ਬਹਿਣੀ ਸੱਚੀ ਅਤੇ ਬਹੁਤ ਪਵਿਤ੍ਰ ਹੈ, (ਕਿਉਂਕਿ ਉਨ੍ਹਾਂ ਦੇ) ਮਨ ਵਿਚ ਸੱਚਾ ਨਾਮ ਚੰਗਾ ਲੱਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਭਗਤ ਸੱਚੇ ਪ੍ਰਭੂ ਦੇ ਦਰ ਉਤੇ ਸੋਭਦੇ ਹਨ, ਜਿਨ੍ਹਾਂ ਨੇ (ਅਪਣੇ ਜੀਵਨ ਵਿਚ) ਸੱਚੋ ਸੱਚ ਕਮਾਇਆ ਹੈ।੧। ਹੇ ਭਾਈ! ਹਰੀ ਹੀ ਭਗਤਾਂ ਦੀ ਜਾਤ ਤੇ ਇੱਜਤ ਹੈ ਅਤੇ ਭਗਤ ਹਰੀ ਦੇ ਨਾਮ ਵਿਚ ਸਮਾਏ ਰਹਿੰਦੇ ਹਨ। ਜਿਨ੍ਹਾਂ ਪੁਰਖਾਂ ਨੇ (ਅਪਣੇ) ਗੁਣ ਅਉਗਣਾਂ ਦੀ ਪਛਾਣ ਕਰ ਲਈ ਹੈ, ਉਹ ਹਰੀ ਦੀ ਭਗਤੀ ਕਰਦੇ ਹਨ ਅਤੇ ਅਪਣੇ ਹਿਰਦੇ ਵਿਚੋਂ ਆਪਾ ਭਾਵ ਗਵਾ ਦੇਂਦੇ ਹਨ। (ਜਿਹੜਾ ਮਨੁੱਖ ਅਪਣੇ) ਗੁਣ ਅਉਗਣਾਂ ਨੂੰ ਪਛਾਣ ਲੈਂਦਾ ਹੈ ਅਤੇ ਹਰੀ ਦਾ ਨਾਮ ਉਚਾਰਦਾ ਹੈ, ਭੈ ਵਿਚ ਰਹਿਣ ਕਰਕੇ ਉਸ ਨੂੰ ਹਰੀ ਦੀ ਭਗਤੀ ਮਿੱਠੀ ਲਗਦੀ ਹੈ। (ਅਜੇਹੇ ਮਨੁੱਖ) ਦਿਨ ਰਾਤ ਹਰ ਰੋਜ ਭਗਤੀ ਕਰਦੇ ਹਨ ਤੇ ਘਰ ਹੀ ਵਿਚ ਤਿਆਗੀ ਹੋਏ ਰਹਿੰਦੇ ਹਨ (ਘਰ ਬਾਰ ਨਹੀਂ ਛਡਦੇ)। ਭਗਤੀ ਵਿਚ ਰੰਗੇ ਹੋਏ ਹੋਣ ਕਰਕੇ (ਉਨ੍ਹਾਂ ਦਾ) ਮਨ ਸਦਾ ਨਿਰਮਲ ਰਹਿੰਦਾ ਹੈ ਅਤੇ ਹਰਿ ਜੀਉ ਨੂੰ ਸਦਾ (ਅਪਣੇ) ਨਾਲ ਵਸਦਾ ਦੇਖਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਭਗਤ ਹਰੀ ਦੇ ਦਰ ਤੇ ਸੱਚੇ ਹਨ, (ਕਿਉਂਕਿ ਉਹ) ਹਰ ਰੋਜ ਹਰੀ ਦਾ ਨਾਮ ਯਾਦ ਕਰਦੇ ਹਨ।੨।

ਪਦਾਰਥ = ਰਾਖੈ-ਪੈਜ ਰਖਦਾ ਹੈ। ਜੁਗਿ ਜੁਗਿ-ਹਰੇਕ ਜੁਗ ਵਿਚ। ਰਾਮ-ਹੇ ਭਾਈ! (ਗੁ.ਗ੍ਰੰ.ਕੋਸ਼)। ਸੋ-ਉਹ। ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਸਬਦਿ-ਸ਼ਬਦ ਦੁਆਰਾ। ਭਾਇਆ-ਚੰਗਾ ਲੱਗਾ। ਆਖਿ ਵਖਾਣੀ-ਆਖ ਕੇ ਵਖਿਆਨ ਕੀਤੀ। ਚਾਲ-ਰਹਿਣੀ ਬਹਿਣੀ; ਮਰਿਆਦਾ। ਅਤਿ-ਬਹੁਤ। ਨਿਰਮਲ-ਪਵਿਤ੍ਰ। ਮਨਿ-ਮਨ ਵਿਚ। ਸੋਹਹਿ-ਸੋਭਦੇ ਹਨ। ਦਰਿ ਸਾਚੈ-ਸੱਚੇ ਪ੍ਰਭੂ ਦੇ ਦਰ ਉਤੇ। ਜਿਨੀ-ਜਿਨ੍ਹਾਂ ਨੇ।੧। ਪਤਿ-ਇੱਜਤ। ਨਾਮਿ ਸਮਾਣੇ-ਨਾਮ ਵਿਚ ਲੀਨ ਰਹਿੰਦੇ ਹਨ। ਕਰਹਿ-ਕਰਦੇ ਹਨ। ਵਿਚਹੁ-ਹਿਰਦੇ ਵਿਚੋਂ। ਆਪੁ-ਆਪਾ ਭਾਵ। ਗਵਾਵਹਿ-ਦੂਰ ਕਰ ਦੇਂਦੇ ਹਨ। ਵਖਾਣੈ-ਉਚਾਰਦਾ ਹੈ। ਭੈ-ਭੈ ਵਿਚ ਰਹਿ ਕੇ। ਅਨ ਦਿਨੁ-ਹਰ ਰੋਜ। ਘਰ ਹੀ ਮਹਿ-ਘਰ ਵਿਚ ਹੀ। ਬੈਰਾਗੀ-ਤਿਆਗੀ। ਰਾਤੇ-ਰੰਗੇ ਹੋਏ। ਨਾਲੇ-ਨਾਲ। ਸਮਾਲੇ-ਸਿਮਰਦੇ ਹਨ।੨।

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ, ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥ ਹਉਮੈ ਮਾਇਆ ਰੋਗਿ ਵਿਆਪੇ, ਮਰਿ ਜਨਮਹਿ ਦੁਖੁ ਹੋਈ ਰਾਮ ॥ ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ, ਵਿਣੁ ਗੁਰ ਤਤੁ ਨ ਜਾਨਿਆ ॥ ਭਗਤਿ ਵਿਹੂਣਾ ਸਭੁ ਜਗੁ ਭਰਮਿਆ, ਅੰਤਿ ਗਇਆ ਪਛੁਤਾਨਿਆ ॥ ਕੋਟਿ ਮਧੇ ਕਿਨੈ ਪਛਾਣਿਆ, ਹਰਿ ਨਾਮਾ ਸਚੁ ਸੋਈ ॥ ਨਾਨਕ ਨਾਮਿ ਮਿਲੈ ਵਡਿਆਈ, ਦੂਜੈ ਭਾਇ ਪਤਿ ਖੋਈ ॥੩॥ ਹੇ ਭਾਈ! ਮਨਮੁਖ ਲੋਕ ਸਤਿਗੁਰੂ ਦਾ ਉਪਦੇਸ਼ ਲਏ ਤੋਂ ਬਿਨਾ ਹੀ ਭਗਤੀ ਕਰਦੇ ਹਨ, (ਪਰ) ਸਤਿਗੁਰ ਦਾ ਉਪਦੇਸ਼ ਲਏ ਬਿਨਾ ਪ੍ਰਭੂ ਦੀ ਭਗਤੀ (ਸਫਲ) ਨਹੀਂ ਹੋ ਸਕਦੀ। ਉਹ ਮਾਇਆ ਅਤੇ ਹਉਮੈ ਦੇ ਰੋਗ ਵਿਚ ਫਸੇ ਹੁੰਦੇ ਹਨ, (ਜਿਸ ਕਰਕੇ ਉਨ੍ਹਾਂ ਨੂੰ) ਮਰਦੇ ਜੰਮਦੇ ਰਹਿਣ ਦਾ ਦੁਖ ਹੁੰਦਾ ਰਹਿੰਦਾ ਹੈ। (ਹੇ ਭਾਈ!) ਦ੍ਵੈਤ ਭਾਵ ਵਿਚ ਲਗ ਕੇ ਪਰਜਾ ਖੁਆਰ ਹੁੰਦੀ ਹੈ, (ਜਿਸ ਕਰਕੇ ਲੋਕਾਂ ਨੂੰ) ਮਰਦੇ ਜੰਮਦੇ ਰਹਿਣ ਦਾ ਦੁਖ ਪ੍ਰਾਪਤ ਹੁੰਦਾ ਹੈ, ਗੁਰੂ ਤੋਂ ਬਿਨਾ (ਮਨਮੁਖਾਂ ਨੇ) ਅਸਲੀਆਤ ਨੂੰ ਨਹੀਂ ਜਾਣਿਆ। (ਪ੍ਰਭੂ ਦੀ) ਭਗਤੀ ਤੋਂ ਸੱਖਣਾ ਸਾਰਾ ਜਗਤ ਭਟਕ ਰਿਹਾ ਹੈ, ਅੰਤ ਨੂੰ (ਦੁਨੀਆਂ ਵਿਚੋਂ) ਪਛਾਉਂਦਾ ਚਲਾ ਗਿਆ ਹੈ। ਹਰੀ ਦਾ ਜੋ ਨਾਮ ਹੈ, ਉਹ ਹੀ ਸੱਚਾ ਹੈ, (ਪਰ ਇਸ ਗੱਲ ਨੂੰ) ਕ੍ਰੋੜਾਂ ਵਿਚੋਂ ਕਿਸੇ ਵਿਰਲੇ ਮਨੁੱਖ ਨੇ ਪਛਾਣਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਨਾਮ ਵਿਚ ਜੁੜਿਆਂ ਵਡਿਆਈ ਮਿਲਦੀ ਹੈ, ਦ੍ਵੈਤ ਭਾਵ ਵਿਚ ਫਸ ਕੇ (ਮਨਮੁਖਾਂ ਨੇ ਅਪਣੀ) ਇੱਜਤ ਗੁਆ ਲਈ ਹੈ।੩।

ਅੰਗ ੭੬੯ = ਭਗਤਾ ਕੈ ਘਰਿ ਕਾਰਜੁ ਸਾਚਾ, ਹਰਿ ਗੁਣ ਸਦਾ ਵਖਾਣੇ ਰਾਮ ॥ ਭਗਤਿ ਖਜਾਨਾ ਆਪੇ ਦੀਆ, ਕਾਲੁ ਕੰਟਕੁ ਮਾਰਿ ਸਮਾਣੇ ਰਾਮ ॥ ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ, ਨਾਮੁ ਨਿਧਾਨੁ ਸਚੁ ਪਾਇਆ ॥ ਸਦਾ ਅਖੁਟੁ ਕਦੇ ਨ ਨਿਖੁਟੈ, ਹਰਿ ਦੀਆ ਸਹਜਿ ਸੁਭਾਇਆ ॥ ਹਰਿ ਜਨ ਊਚੇ ਸਦ ਹੀ ਊਚੇ, ਗੁਰ ਕੈ ਸਬਦਿ ਸੁਹਾਇਆ ॥ ਨਾਨਕ ਆਪੇ ਬਖਸਿ ਮਿਲਾਏ, ਜੁਗਿ ਜੁਗਿ ਸੋਭਾ ਪਾਇਆ ॥੪॥੧॥੨॥ ਹੇ ਭਾਈ! ਭਗਤਾਂ ਦੇ ਘਰ ਵਿਚ ਸੱਚਾ ਵਿਆਹ ਰਚਿਆ ਰਹਿੰਦਾ ਹੈ,(ਉਹ ਇਹ ਕਿ ਉਹ) ਸਦਾ ਹਰੀ ਦੇ ਗੁਣ ਉਚਾਰਦੇ ਰਹਿੰਦੇ ਹਨ (ਸ਼ਬਦਾਰਥ; ਫ.ਸ.); ਭਗਤਾਂ ਦੇ ਘਰ (ਸਤਸੰਗਤ) ਵਿਚ ਸੱਚਾ ਕਾਰਜ (ਇਹ ਹੁੰਦਾ) ਹੈ, (ਕਿ ਉਹ) ਸਦਾ ਹਰੀ ਦੇ ਗੁਣ ਗਾਉਂਦੇ ਰਹਿੰਦੇ ਹਨ (ਟਕਸਾਲ)। ਪ੍ਰਭੂ ਨੇ ਆਪ ਹੀ (ਉਨ੍ਹਾਂ ਨੂੰ) ਭਗਤੀ ਦਾ ਖਜਾਨਾ ਦਿਤਾ ਹੈ, (ਜਿਸ ਦੀ ਬਰਕਤ ਨਾਲ ਉਹ) ਦੁਖਦਾਈ ਕਾਲ ਨੂੰ ਮਾਰ ਕੇ ਹਰੀ ਵਿਚ ਸਮਾਏ ਹੋਏ ਹਨ। (ਉਹ) ਦੁਖਦਾਈ ਕਾਲ ਨੂੰ ਮਾਰ ਕੇ ਹਰੀ ਵਿਚ ਸਮਾਏ ਹੋਏ ਹਨ, (ਕਿਉਂਕਿ ਉਨ੍ਹਾਂ ਨੇ) ਨਾਮ ਰੂਪ ਸੱਚਾ ਖਜਾਨਾ ਪਾ ਲਿਆ ਹੈ, (ਇਸੇ ਕਰਕੇ ਉਹ) ਹਰੀ ਦੇ ਮਨ ਨੂੰ ਚੰਗੇ ਲਗਦੇ ਹਨ। (ਨਾਮ ਦਾ ਖਜਾਨਾ) ਸਦਾ ਅਮੁੱਕ ਹੈ, ਕਦੇ ਮੁੱਕਦਾ ਨਹੀਂ, (ਉਨ੍ਹਾਂ ਨੂੰ ਇਹ ਖਜਾਨਾ) ਹਰੀ ਨੇ ਸਹਿਜ ਸੁਭਾਵਕ ਹੀ ਬਖਸ਼ ਦਿਤਾ ਹੈ। (ਹੇ ਭਾਈ!) ਹਰੀ ਦੇ ਭਗਤ ਉਚੇ ਹਨ, ਸਦਾ ਹੀ (ਬ੍ਰਹਮਾ ਆਦਿਕ ਦੇਵਤਿਆਂ ਤੋਂ ਵੀ) ਉਚੇ ਹਨ, ਉਹ ਗੁਰੂ ਦੇ ਸ਼ਬਦ ਦੁਆਰਾ ਸੋਭਾ ਵਾਲੇ ਬਣੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਨੇ ਆਪ ਹੀ (ਉਨ੍ਹਾਂ ਦੇ ਅਉਗਣ) ਮਾਫ ਕਰਕੇ (ਉਹ ਭਗਤ ਅਪਣੇ ਨਾਲ) ਮਿਲਾ ਲਏ ਹਨ, (ਅਜੇਹੇ ਭਗਤਾਂ ਨੇ) ਹਰੇਕ ਜੁਗ ਵਿਚ ਸੋਭਾ ਪ੍ਰਾਪਤ ਕੀਤੀ ਹੈ।੪।੧।੨।

ਪਦਾਰਥ =ਮਨਮੁਖ-ਮਨ ਦੇ ਪਿਛੇ ਲਗ ਕੇ ਚਲਣ ਵਾਲੇ ਮਨੁੱਖ। ਵਿਣੁ-ਬਿਨਾ। ਰੋਗਿ-ਰੋਗ ਵਿਚ। ਵਿਆਪੇ-ਫਸੇ ਹੁੰਦੇ ਹਨ। ਮਰਿ ਜਨਮਹਿ-ਮਰਦੇ ਜੰਮਦੇ ਹਨ। ਦੂਜੈ ਭਾਇ-(ਪ੍ਰਭੂ ਤੋਂ ਬਿਨਾ) ਕਿਸੇ ਦੂਜੇ ਦੇ ਪਿਆਰ ਵਿਚ। ਪਰਜ-ਦੁਨੀਆਂ। ਵਿਗੋਈ-ਖਰਾਬ ਹੁੰਦੀ ਹੈ। ਤਤੁ-ਅਸਲੀਅਤ; ਪ੍ਰਭੂ ਨੂੰ। ਵਿਹੂਣਾ-ਬਿਨਾ; ਸੱਖਣਾ। ਭਰਮਿਆ-ਭਟਕਦਾ ਹੈ। ਜਗੁ-ਜਗਤ। ਅੰਤਿ-ਅੰਤ ਨੂੰ। ਕੋਟਿ ਮਧੇ-ਕ੍ਰੋੜਾਂ ਵਿਚੋਂ। ਕਿਨੈ-ਕਿਸੇ ਵਿਰਲੇ ਨੇ। ਸੋਈ-ਉਹ ਹੀ। ਨਾਮਿ-ਨਾਮ ਵਿਚ ਜੁੜਿਆਂ। ਪਤਿ-ਇੱਜਤ। ਖੋਈ-ਗੁਆ ਲਈ।੩ ।ਕੈ ਘਰਿ-ਦੇ ਹਿਰਦੇ ਵਿਚ; ਸਤਸੰਗਤ ਵਿਚ। ਕਾਰਜੁ-ਕੰਮ; ਵਿਆਹ। ਵਖਾਣੇ-ਉਚਾਰਦੇ ਹਨ। ਆਪੇ-ਆਪ ਹੀ। ਕਾਲੁ ਕੰਟਕੁ-ਕੰਡੇ ਵਾਂਗ ਚੁਭਣ ਵਾਲਾ (ਦੁਖਦਾਈ) ਕਾਲ। ਸਮਾਣੇ-ਲੀਨ ਹੋਏ ਹਨ। ਮਨਿ ਭਾਣੇ-ਮਨ ਨੂੰ ਚੰਗੇ ਲਗਦੇ ਹਨ। ਨਿਧਾਨੁ-ਖਜਾਨਾ। ਅਖੁਟੁ-ਅਮੁੱਕ। ਨਿਖੁਟੈ ਨਾਹੀ-ਮੁੱਕਦਾ ਨਹੀਂ। ਸਹਜਿ ਸੁਭਾਇਆ-ਸਹਿਜ ਸੁਭਾਵਕ। ਸਦ-ਸਦਾ। ਸਬਦਿ-ਸਬਦ ਦੁਆਰਾ। ਸੁਹਾਇਆ-ਸੋਭਾ ਵਾਲੇ ਬਣੇ ਹਨ। ਬਖਸਿ-ਮਾਫ ਕਰਕੇ। ਜੁਗਿ ਜੁਗਿ-ਹਰੇਕ ਜੁਗ ਵਿਚ।੪।੧।੨।

ਸੂਹੀ ਮਹਲਾ ੩ ॥ ਸਬਦਿ ਸਚੈ ਸਚੁ ਸੋਹਿਲਾ, ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥ ਹਉਮੈ ਸਭਿ ਕਿਲਵਿਖ ਕਾਟੇ, ਸਾਚੁ ਰਖਿਆ ਉਰਿ ਧਾਰੇ ਰਾਮ ॥ ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ, ਫਿਰਿ ਭਵਜਲੁ ਤਰਣੁ ਨ ਹੋਈ ॥ ਸਚਾ ਸਤਿਗੁਰੁ ਸਚੀ ਬਾਣੀ, ਜਿਨਿ ਸਚੁ ਵਿਖਾਲਿਆ ਸੋਈ ॥ ਸਾਚੇ ਗੁਣ ਗਾਵੈ ਸਚਿ ਸਮਾਵੈ, ਸਚੁ ਵੇਖੈ ਸਭੁ ਸੋਈ ॥ ਨਾਨਕ ਸਾਚਾ ਸਾਹਿਬੁ ਸਾਚੀ

ਨਾਈ ਸਚੁ ਨਿਸਤਾਰਾ ਹੋਈ ॥੧॥ ਸਾਚੈ ਸਤਿਗੁਰਿ ਸਾਚੁ ਬੁਝਾਇਆ, ਪਤਿ ਰਾਖੈ ਸਚੁ ਸੋਈ ਰਾਮ ॥ ਸਚਾ ਭੋਜਨੁ ਭਾਉ ਸਚਾ ਹੈ, ਸਚੈ ਨਾਮਿ ਸੁਖੁ ਹੋਈ ਰਾਮ ॥ ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ, ਗਰਭਿ ਨ ਜੂਨੀ ਵਾਸਾ ॥ ਜੋਤੀ ਜੋਤਿ ਮਿਲਾਈ ਸਚਿ ਸਮਾਈ, ਸਚਿ ਨਾਇ ਪਰਗਾਸਾ ॥ ਜਿਨੀ ਸਚੁ ਜਾਤਾ ਸੇ ਸਚੇ ਹੋਏ, ਅਨਦਿਨੁ ਸਚੁ ਧਿਆਇਨਿ ॥ ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ, ਨਾ ਵੀਛੁੜਿ ਦੁਖੁ ਪਾਇਨਿ ॥੨॥ ਹੇ ਭਾਈ! ਜਿਥੇ (ਸਤਸੰਗਤ ਵਿਚ) ਸੱਚੇ ਹਰੀ ਦੀ ਵਿਚਾਰ ਹੁੰਦੀ ਹੈ, (ਉਥੇ) ਸੱਚੇ ਗੁਰੂ ਦੇ ਸ਼ਬਦ ਦੁਆਰਾ ਸੱਚੇ ਪ੍ਰਭੂ ਦਾ ਜਸ ਹੁੰਦਾ ਹੈ। ਹੇ ਭਾਈ! (ਜਿਸ ਮਨੁੱਖ ਨੇ ਅਪਣੇ) ਹਿਰਦੇ ਵਿਚ ਸੱਚ ਨੂੰ ਟਿਕਾ ਰਖਿਆ ਹੈ, (ਉਸ ਦੇ) ਹਉਮੈ ਅਤੇ ਸਾਰੇ ਪਾਪ ਕੱਟੇ ਜਾਂਦੇ ਹਨ। (ਜਿਨ੍ਹਾਂ ਮਨੁੱਖਾਂ ਨੇ) ਸੱਚ ਨੂੰ ਹਿਰਦੇ ਵਿਚ ਟਿਕਾ ਰਖਿਆ ਹੈ, (ਪ੍ਰਭੂ ਨੇ ਉਨ੍ਹਾਂ ਨੂੰ) ਔਖਾ ਤਰੇ ਜਾਣ ਵਾਲੇ ਸੰਸਾਰ ਸਮੁੰਦਰ ਤੋਂ ਤਾਰ ਲਿਆ ਹੈ, ਫਿਰ (ਉਨ੍ਹਾਂ ਦਾ) ਭਵਜਲ ਤੋਂ ਤਰਨਾ ਨਹੀਂ ਹੁੰਦਾ (ਮੁਕਤ ਹੋ ਜਾਂਦੇ ਹਨ)। ਸਤਿਗੁਰੂ ਸੱਚਾ ਹੈ, ਉਸ ਦੀ ਬਾਣੀ ਵੀ ਸੱਚੀ ਹੈ, ਜਿਸ ਗੁਰੂ ਨੇ (ਬਾਣੀ ਰਾਹੀਂ ਸਾਨੂੰ) ਉਹ ਸੱਚਾ ਪ੍ਰਭੂ ਦਿਖਾਇਆ ਹੈ। (ਜੋ ਮਨੁੱਖ) ਸੱਚੇ ਪ੍ਰਭੂ ਦੇ ਗੁਣ ਗਾਉਂਦਾ ਹੈ, ਉਹ ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ ਅਤੇ ਉਹ ਸਭ ਜਗ੍ਹਾ ਸੱਚੇ ਪ੍ਰਭੂ ਨੂੰ ਦੇਖਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮਾਲਕ ਪ੍ਰਭੂ ਸੱਚਾ ਹੈ ਅਤੇ (ਉਸ ਦੀ) ਵਡਿਆਈ ਵੀ ਸੱਚੀ ਹੈ, ਸੱਚੇ ਪ੍ਰਭੂ ਨੂੰ ਜਪਣ ਨਾਲ ਹੀ (ਭਵਜਲ ਤੋਂ) ਪਾਰ ਉਤਾਰਾ ਹੁੰਦਾ ਹੈ।੧। ਹੇ ਭਾਈ! (ਜਿਸ ਮਨੁੱਖ ਨੂੰ) ਸੱਚੇ ਸਤਿਗੁਰੂ ਨੇ ਸੱਚ ਸਰੂਪ ਪ੍ਰਭੂ ਦਾ ਗਿਆਨ ਸਮਝਾ ਦਿਤਾ ਹੈ, ਉਹ ਸੱਚਾ ਪ੍ਰਭੂ ਹੀ (ਉਸ ਦੀ ਲੋਕ ਪ੍ਰਲੋਕ ਵਿਚ) ਇੱਜਤ ਰੱਖਦਾ ਹੈ। (ਉਸ ਮਨੁੱਖ ਦਾ) ਭੋਜਨ ਸੱਚਾ ਨਾਮ ਹੈ, ਪ੍ਰੇਮ ਵੀ ਸੱਚਾ ਹੈ ਅਤੇ ਸੱਚੇ ਪ੍ਰਭੂ ਦੇ ਨਾਮ ਦੁਆਰਾ (ਉਸ ਨੂੰ) ਸੁਖ ਪ੍ਰਾਪਤ ਹੁੰਦਾ ਹੈ। (ਜਿਨ੍ਹਾਂ ਨੂੰ) ਸੱਚੇ ਨਾਮ ਦੁਆਰਾ ਸੁਖ ਹੋਇਆ ਹੈ, (ਉਨ੍ਹਾਂ ਵਿਚੋਂ) ਕੋਈ ਨਹੀਂ ਮਰਦਾ ਅਤੇ ਨਾ ਹੀ (ਉਨ੍ਹਾਂ ਦਾ) ਗਰਭ ਜੋਨੀ ਵਿਚ ਵਾਸਾ ਹੁੰਦਾ ਹੈ (ਮੁਕਤ ਹੋ ਜਾਂਦੇ ਹਨ। ਜਿਸ ਮਨੁੱਖ ਦੇ ਹਿਰਦੇ ਵਿਚ) ਸੱਚੇ ਨਾਮ ਦੁਆਰਾ ਗਿਆਨ ਦਾ ਪ੍ਰਕਾਸ਼ ਹੋਇਆ ਹੈ ਅਤੇ ਬਿਰਤੀ ਸੱਚੇ ਪ੍ਰਭੂ ਵਿਚ ਸਮਾ ਗਈ ਹੈ, (ਉਸ ਦੀ) ਆਤਮ ਜੋਤ ਪ੍ਰਭੂ ਦੀ ਜੋਤ ਵਿਚ ਮਿਲ ਗਈ ਹੈ। ਜਿਨ੍ਹਾਂ ਪੁਰਖਾਂ ਨੇ ਸੱਚ ਸਰੂਪ ਪ੍ਰਭੂ ਨੂੰ ਜਾਣਿਆ ਹੈ, ਉਹ ਸੱਚੇ ਪ੍ਰਭੂ ਦਾ ਹੀ ਰੂਪ ਹੋ ਗਏ ਹਨ, ਉਹ ਦਿਨ ਰਾਤ ਸੱਚੇ ਪ੍ਰਭੂ ਨੂੰ ਧਿਆਉਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਸੱਚਾ ਨਾਮ ਜਿਨ੍ਹਾਂ ਦੇ ਹਿਰਦੇ ਵਿਚ ਵਸਿਆ ਹੈ, (ਉਹ ਪ੍ਰਭੂ ਤੋਂ) ਵਿਛੜ ਕੇ ਦੁਖ ਨਹੀਂ ਪਾਉਂਦੇ।੨।

ਪਦਾਰਥ = ਸਬਦਿ ਸਚੈ–ਸੱਚੇ ਗੁਰੂ ਦੇ ਸ਼ਬਦ ਦੁਆਰਾ। ਸਚੁ ਸੋਹਿਲਾ–ਪ੍ਰਭੂ ਦੀ ਮਹਿਮਾ ਵਾਲਾ ਸੱਚਾ ਗੀਤ। ਸਭਿ ਕਿਲਵਿਖ–ਸਾਰੇ ਪਾਪ। ਉਰਿ–ਹਿਰਦੇ ਵਿਚ। ਧਾਰੇ–ਟਿਕਾ ਰਖਿਆ ਹੈ। ਦੁਤਰੁ–ਜਿਸ ਨੂੰ ਤਰਨਾ ਔਖਾ ਹੋਵੇ। ਤਾਰੇ–ਤਾਰ ਲਿਆ। ਫਿਰਿ–ਮੁੜ ਕੇ। ਭਵਜਲੁ–ਸੰਸਾਰ ਸਮੁੰਦਰ। ਜਿਨਿ–ਜਿਸ ਨੇ। ਸੋਈ–ਉਹ ਹੀ। ਸਮਾਵੈ–ਲੀਨ ਹੋ ਜਾਂਦਾ ਹੈ। ਸਾਹਿਬੁ–ਮਾਲਕ। ਨਾਈ–ਵਡਿਆਈ। ਨਿਸਤਾਰਾ–(ਭਵਜਲ ਤੋਂ) ਪਾਰ ਉਤਾਰਾ।੧। ਸਾਚੈ ਸਤਿਗੁਰਿ–ਸੱਚੇ ਸਤਿਗੁਰੂ ਨੇ। ਸਾਚੁ–ਸੱਚਾ ਪ੍ਰਭੂ। ਬੁਝਾਇਆ–ਗਿਆਨ ਸਮਝਾ ਦਿਤਾ। ਪਤਿ–ਇੱਜਤ। ਭਾਉ–ਪ੍ਰੇਮ। ਸਚੈ ਨਾਮਿ–ਸੱਚੇ ਪ੍ਰਭੂ ਦੇ ਨਾਮ ਦੁਆਰਾ। ਮਰੈ ਨ–ਮਰਦਾ ਨਹੀਂ। ਗਰਭਿ–ਮਾਂ ਦੇ ਪੇਟ ਵਿਚ। ਜੋਤੀ–ਪ੍ਰਭੂ ਦੀ ਜੋਤ ਵਿਚ। ਜੋਤਿ–ਆਤਮ ਜੋਤ। ਸਚਿ ਸਮਾਈ–ਸੱਚੇ ਪ੍ਰਭੂ ਵਿਚ ਮਿਲ ਗਈ। ਸਚਿ ਨਾਇ–ਸੱਚੇ ਨਾਮ ਦੁਆਰਾ। ਜਿਨੀ–ਜਿਨ੍ਹਾਂ ਨੇ। ਜਾਤਾ–ਜਾਣਿਆ ਹੈ। ਸੇ–ਉਹ। ਸਚੇ ਹੋਏ–ਸੱਚੇ ਪ੍ਰਭੂ ਦਾ ਰੂਪ ਹੋ ਗਏ। ਅਨਦਿਨੁ–ਹਰ ਰੋਜ। ਧਿਆਇਨਿ–ਧਿਆਉਂਦੇ ਹਨ। ਹਿਰਦੈ–ਹਿਰਦੇ ਵਿਚ। ਵੀਛੁੜਿ–ਵਿਛੜ ਕੇ। ਨਾ ਪਾਇਨਿ–ਨਹੀਂ ਪਾਉਂਦੇ।੨।

ਸਚੀ ਬਾਣੀ ਸਚੇ ਗੁਣ ਗਾਵਹਿ, ਤਿਤੁ ਘਰਿ ਸੋਹਿਲਾ ਹੋਈ ਰਾਮ ॥ ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ, ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ ॥ ਸਭੁ ਸਚੁ ਵਰਤੈ ਸਚੋ ਬੋਲੈ, ਜੋ ਸਚੁ ਕਰੈ ਸੁ ਹੋਈ ॥ ਜਹ ਦੇਖਾ ਤਹ ਸਚੁ ਪਸਰਿਆ, ਅਵਰੁ ਨ ਦੂਜਾ ਕੋਈ ॥ ਸਚੇ ਉਪਜੈ ਸਚਿ ਸਮਾਵੈ, ਮਰਿ ਜਨਮੈ ਦੂਜਾ ਹੋਈ ॥ ਨਾਨਕ ਸਭੁ ਕਿਛੁ ਆਪੇ ਕਰਤਾ, ਆਪਿ ਕਰਾਵੈ ਸੋਈ ॥੩॥ ਸਚੇ ਭਗਤ ਸੋਹਹਿ ਦਰਵਾਰੇ, ਸਚੋ ਸਚੁ ਵਖਾਣੇ ਰਾਮ ॥ ਘਟ ਅੰਤਰੇ ਸਾਚੀ ਬਾਣੀ, ਸਾਚੋ ਆਪਿ ਪਛਾਣੇ ਰਾਮ ॥ ਆਪੁ ਪਛਾਣਹਿ ਤਾ ਸਚੁ ਜਾਣਹਿ, ਸਾਚੇ ਸੋਝੀ ਹੋਈ ॥ ਸਚਾ ਸਬਦੁ ਸਚੀ ਹੈ ਸੋਭਾ, ਸਾਚੇ ਹੀ ਸੁਖੁ ਹੋਈ ॥ ਸਾਚਿ ਰਤੇ ਭਗਤ ਇਕ ਰੰਗੀ, ਦੂਜਾ ਰੰਗੁ ਨ ਕੋਈ ॥ ਨਾਨਕ ਜਿਸ ਕਉ ਮਸਤਕਿ ਲਿਖਿਆ, ਤਿਸੁ ਸਚੁ ਪਰਾਪਤਿ ਹੋਈ ॥੪॥੨॥੩॥ ਹੇ ਭਾਈ! (ਜਿਹੜੇ ਮਨੁੱਖ ਗੁਰੂ ਦੀ) ਸੱਚੀ ਬਾਣੀ ਦੁਆਰਾ ਹਰੀ ਦੇ ਗੁਣ ਗਾਉਂਦੇ ਹਨ, (ਉਨ੍ਹਾਂ ਦੇ) ਉਸ ਹਿਰਦੇ ਘਰ ਵਿਚ ਹਰੀ ਦਾ ਜਸ ਪ੍ਰਗਟ ਹੋ ਜਾਂਦਾ ਹੈ। ਸੱਚੇ ਪ੍ਰਭੂ ਦੇ ਪਵਿਤ੍ਰ ਗੁਣਾਂ ਦਾ ਸਦਕਾ (ਉਨ੍ਹਾਂ ਦਾ) ਤਨ ਤੇ ਮਨ ਸੱਚਾ ਹੋ ਜਾਂਦਾ ਹੈ, (ਉਨ੍ਹਾਂ ਦੇ) ਹਿਰਦੇ ਵਿਚ ਉਹ ਸੱਚਾ ਪ੍ਰਭੂ ਪੁਰਖ ਪ੍ਰਗਟ ਹੋ ਜਾਂਦਾ ਹੈ। (ਉਨ੍ਹਾਂ ਨੂੰ ਨਿਸਚਾ ਹੋ ਜਾਂਦਾ ਹੈ ਕਿ) ਸਭ ਜਗ੍ਹਾ ਸੱਚਾ ਪ੍ਰਭੂ ਵਰਤ ਰਿਹਾ ਹੈ, (ਸਭ ਜੀਵਾਂ ਦੇ ਅੰਦਰੋਂ) ਸੱਚਾ ਪ੍ਰਭੂ ਬੋਲਦਾ ਹੈ, ਜੋ ਕੁਛ ਸੱਚਾ ਪ੍ਰਭੂ ਕਰਦਾ ਹੈ, ਉਹ ਹੀ ਹੁੰਦਾ ਹੈ। (ਉਨ੍ਹਾਂ ਨੇ) ਜਿਥੇ ਦੇਖਿਆ ਹੈ, ਉਥੇ

ਸੱਚੇ ਪ੍ਰਭੂ ਹੀ ਪਸਰਿਆ ਦੇਖਿਆ ਹੈ, (ਉਸ ਤੋਂ ਬਿਨਾ ਉਨ੍ਹਾਂ ਨੂੰ) ਦੂਜਾ ਹੋਰ ਕੋਈ ਨਹੀਂ ਦਿਸਦਾ।(ਹਰੇਕ ਜੀਵ) ਸੱਚੇ ਪ੍ਰਭੂ ਤੋਂ ਪੈਦਾ ਹੁੰਦਾ ਹੈ ਅਤੇ ਸਚੇ ਪ੍ਰਭੂ ਵਿਚ ਹੀ ਮੁੜ ਕੇ ਜਾ ਸਮਾਉਂਦਾ ਹੈ (ਜੰਮਦਾ ਮਰਦਾ ਕੋਈ ਨਹੀਂ), ਜੰਮਦਾ ਮਰਦਾ ਤਦ ਆਖੀਏ, ਜੇ ਹਰੀ ਤੋਂ ਬਿਨਾ ਕੋਈ ਦੂਜਾ ਹੋਵੇ {ਕਹੁ ਨਾਨਕ ਗੁਰਿ ਭਰਮੁ ਚੁਕਾਇਆ।ਨਾ ਕੋਈ ਮਰੈ ਨ ਆਵੈ ਜਾਇਆ ੮੮੫} ਸ਼ਬਦਾਰਥ; (ਪਰ ਜਿਸ ਜੀਵ ਦੇ ਅੰਦਰ) ਦੂਜਾ ਭਾਵ ਹੈ (ਰੱਬ ਤੋਂ ਬਿਨਾ ਕਿਸੇ ਹੋਰ ਨਾਲ ਜੁੜਿਆ ਹੋਇਆ ਹੈ, ਉਹ) ਮਰਦਾ ਜੰਮਦਾ ਰਹਿੰਦਾ ਹੈ (ਸਭ ਨੇ ਇਸੇ ਤਰ੍ਹਾਂ ਦਾ ਅਰਥ ਕੀਤਾ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਕਰਤਾਰ ਆਪ ਹੀ ਸਭ ਕੁਛ ਕਰਨ ਵਾਲਾ ਹੈ ਅਤੇ ਉਹ ਆਪ ਹੀ (ਜੀਵਾਂ ਪਾਸੋਂ) ਕਰਾਉਂਦਾ ਹੈ।੩।ਹੇ ਭਾਈ! ਸੱਚੇ ਪ੍ਰਭੂ ਦੇ ਭਗਤ (ਉਸ ਦੇ) ਦਰਬਾਰ ਵਿਚ ਸੋਭਾ ਪਾਉਂਦੇ ਹਨ ਅਤੇ (ਇਸ ਲੋਕ ਵਿਚ ਵੀ ਉਹ) ਨਿਰੋਲ ਸੱਚਾ ਨਾਮ ਉਚਾਰਦੇ ਹਨ।(ਉਨ੍ਹਾਂ ਦੇ) ਹਿਰਦੇ ਅੰਦਰ ਸੱਚੀ ਬਾਣੀ ਵਸਦੀ ਹੈ ਅਤੇ ਉਹ ਸੱਚ ਸਰੂਪ ਪ੍ਰਭੂ ਨੂੰ ਅਪਣੇ ਅੰਦਰ ਪਛਾਣਦੇ ਹਨ।(ਜਦ ਉਹ) ਅਪਣੇ ਆਪ ਨੂੰ ਪਛਾਣ ਲੈਂਦੇ ਹਨ, ਤਦ ਹੀ ਸਚ ਨੂੰ ਜਾਣਦੇ ਹਨ, (ਉਨ੍ਹਾਂ ਨੂੰ ਇਹ) ਸੋਝੀ ਸੱਚੇ ਗੁਰੂ ਤੋਂ ਪ੍ਰਾਪਤ ਹੋਈ ਹੈ।ਗੁਰੂ ਦਾ ਸ਼ਬਦ ਸੱਚਾ ਹੈ, (ਉਸ ਦੀ) ਸੱਚੀ ਸੋਭਾ ਹੈ ਅਤੇ ਸੱਚੇ ਗੁਰੂ ਦੀ ਸਰਣ ਪੈ ਕੇ ਹੀ ਸੁਖ ਪ੍ਰਾਪਤ ਹੁੰਦਾ ਹੈ।ਸੱਚੇ ਨਾਮ ਵਿਚ ਰੰਗੇ ਹੋਏ ਭਗਤ ਇਕ ਪ੍ਰਭੂ ਦੇ ਪ੍ਰੇਮ ਰੰਗ ਵਾਲੇ ਹੁੰਦੇ ਹਨ, (ਉਨ੍ਹਾਂ ਨੂੰ) ਦੂਜਾ ਕੋਈ ਹੋਰ (ਮਾਇਕੀ) ਰੰਗ ਚੰਗਾ ਨਹੀਂ ਲਗਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਦੇ ਮੱਥੇ ਉਤੇ ਲੇਖ ਲਿਖਿਆ ਹੋਇਆ ਹੈ, ਉਸ ਨੂੰ ਸੱਚਾ ਪ੍ਰਭੂ ਪ੍ਰਾਪਤ ਹੁੰਦਾ ਹੈ।੪।੨।੩।

ਪਦਾਰਥ = ਸਚੀ ਬਾਣੀ–ਸੱਚੀ ਬਾਣੀ ਦੁਆਰਾ।ਗਾਵਹਿ–ਗਾਉਂਦੇ ਹਨ।ਤਿਤੁ ਘਰਿ–ਉਸ ਹਿਰਦੇ ਘਰ ਵਿਚ।ਸੋਹਿਲਾ–ਖੁਸ਼ੀ ਦਾ ਗੀਤ (ਜਸ)।ਰਾਮ–ਹੇ ਭਾਈ!।ਨਿਰਮਲ–ਪਵਿਤ੍ਰ।ਸਾਚੇ–ਸੱਚੇ ਪ੍ਰਭੂ ਦੇ।ਵਿਚਿ–(ਹਿਰਦੇ) ਵਿਚ।ਸੋਈ–ਉਹ।ਸਚੋ ਬੋਲੈ–ਸੱਚਾ ਪ੍ਰਭੂ ਬੋਲਦਾ ਹੈ।ਸੁ–ਉਹ।ਸਭੁ–ਸਭ ਜਗ੍ਤ।ਜਹ ਦੇਖਾ–ਜਿੱਥੇ ਦੇਖਿਆ।ਤਹਾ–ਉਥੇ।ਅਵਰੁ–ਹੋਰ।ਸਚੇ ਉਪਜੈ–ਸੱਚੇ ਪ੍ਰਭੂ ਤੋਂ ਪੈਦਾ ਹੁੰਦਾ ਹੈ।ਸਚਿ ਸਮਾਵੈ–ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ।ਦੂਜਾ–ਦ੍ਵੈਤ ਭਾਵ।ਕਰਤਾ–ਕਰਤਾਰ।੩।ਸਚੇ ਭਗਤ–ਸੱਚੇ ਪ੍ਰਭੂ ਦੇ ਭਗਤ।ਦਰਵਾਰੇ–ਪ੍ਰਭੂ ਦੇ ਦਰਬਾਰ ਵਿਚ।ਸਚੋ ਸਚੁ–ਨਿਰੋਲ ਸੱਚਾ ਨਾਮ।ਵਖਾਣੇ–ਉਚਾਰਦੇ ਹਨ।ਘਟ ਅੰਤਰੇ–ਹਿਰਦੇ ਅੰਦਰ।ਸਾਚੋ–ਸੱਚੇ ਪ੍ਰਭੂ ਨੂੰ।ਆਪਿ–ਅਪਣੇ ਅੰਦਰ।ਆਪੁ–ਅਪਣੇ ਆਪ ਨੂੰ।ਸਾਚਿ ਰਤੇ–ਸੱਚੇ ਨਾਮ ਵਿਚ ਰੰਗੇ ਹੋਏ।ਇਕ ਰੰਗੀ–ਇਕ ਪ੍ਰਭੂ ਦੇ ਪ੍ਰੇਮ ਰੰਗ ਵਾਲੇ।ਜਿਸ ਕਉ–ਜਿਸ ਦੇ।ਮਸਤਕਿ–ਮੱਥੇ ਉਤੇ।ਤਿਸੁ–ਉਸ ਨੂੰ।੪।੨।੩।

ਸੂਹੀ ਮਹਲਾ ੩ ॥ ਜੁਗ ਚਾਰੇ ਧਨ ਜੇ ਭਵੈ, ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥ ਨਿਹਚਲੁ ਰਾਜੁ ਸਦਾ ਹਰਿ ਕੇਰਾ, ਤਿਸੁ ਬਿਨੁ ਅਵਰੁ ਨ ਕੋਈ ਰਾਮ ॥ ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ, ਗੁਰਮੁਖਿ ਏਕੋ ਜਾਣਿਆ ॥ ਹੇ ਭਾਈ! ਜੇ ਜੀਵ ਰੂਪ ਇਸਤ੍ਰੀ ਚਾਰੇ ਜੁਗ ਫਿਰਦੀ ਰਹੇ, ਤਾਂ ਵੀ ਸਤਿਗੁਰੂ ਤੋਂ ਬਿਨਾ (ਉਸ ਨੂੰ) ਪਤੀ ਪ੍ਰਭੂ ਦੇ ਮਿਲਾਪ ਦਾ ਸੁਖ ਪ੍ਰਾਪਤ ਨਹੀਂ ਹੋ ਸਕਦਾ।ਹਰੀ ਦਾ ਰਾਜ ਸਦਾ ਅਟੱਲ ਰਹਿਣ ਵਾਲਾ ਹੈ, ਉਸ ਤੋਂ ਬਿਨਾ ਹੋਰ ਕੋਈ ਅਟੱਲ ਰਾਜ ਵਾਲਾ ਨਹੀਂ ਹੈ।ਉਸ ਤੋਂ ਬਿਨਾ ਹੋਰ ਕੋਈ (ਅਟੱਲ ਰਾਜ ਵਾਲਾ) ਨਹੀਂ, ਸਦਾ ਉਹ ਹੀ ਸੱਚਾ ਹੈ, ਗੁਰਮੁਖ (ਜੀਵ ਇਸਤ੍ਰੀ) ਨੇ ਇਕ ਪ੍ਰਭੂ ਨੂੰ ਹੀ ਜਾਣਿਆ ਹੈ।

ਅੰਗ ੭੭੦ = ਧਨ ਪਿਰ ਮੇਲਾਵਾ ਹੋਆ, ਗੁਰਮਤੀ ਮਨੁ ਮਾਨਿਆ ॥ ਸਤਿਗੁਰੁ ਮਿਲਿਆ ਤਾ ਹਰਿ ਪਾਇਆ, ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥ ਨਾਨਕ ਕਾਮਣਿ ਕੰਤੈ ਰਾਵੇ, ਮਨਿ ਮਾਨਿਐ ਸੁਖੁ ਹੋਈ ॥੧॥ ਸਤਿਗੁਰੁ ਸੇਵਿ ਧਨ ਬਾਲੜੀਏ, ਹਰਿ ਵਰੁ ਪਾਵਹਿ ਸੋਈ ਰਾਮ ॥ ਸਦਾ ਹੋਵਹਿ ਸੋਹਾਗਣੀ, ਫਿਰਿ ਮੈਲਾ ਵੇਸੁ ਨ ਹੋਈ ਰਾਮ ॥ ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ, ਹਉਮੈ ਮਾਰਿ ਪਛਾਣਿਆ ॥ ਕਰਣੀ ਕਾਰ ਕਮਾਵੈ ਸਬਦਿ ਸਮਾਵੈ, ਅੰਤਰਿ ਏਕੋ ਜਾਣਿਆ ॥ ਗੁਰਮੁਖਿ ਪ੍ਰਭੁ ਰਾਵੇ ਦਿਨ ਰਾਤੀ ਆਪਣਾ, ਸਾਚੀ ਸੋਭਾ ਹੋਈ ॥ ਨਾਨਕ ਕਾਮਣਿ ਪਿਰੁ ਰਾਵੇ ਆਪਣਾ, ਰਵਿ ਰਹਿਆ ਪ੍ਰਭੁ ਸੋਈ ॥੨॥ (ਉਸ) ਜੀਵ ਰੂਪ ਇਸਤ੍ਰੀ ਦਾ ਪ੍ਰਭੂ ਪਤੀ ਨਾਲ ਮਿਲਾਪ ਹੋਇਆ ਹੈ, (ਜਿਸ ਦਾ) ਮਨ ਗੁਰੂ ਦੀ ਸਿੱਖਿਆ ਦੁਆਰਾ ਮੰਨ (ਸੰਤੁਸ਼ਟ ਹੋ) ਗਿਆ ਹੈ।(ਜਦੋਂ ਜੀਵ ਇਸਤ੍ਰੀ ਨੂੰ) ਸਤਿਗੁਰੂ ਮਿਲਿਆ, ਤਦ (ਉਸ ਨੇ) ਹਰੀ ਦਾ ਨਾਮ ਪ੍ਰਾਪਤ ਕੀਤਾ ਹੈ, ਹਰੀ ਦੇ ਨਾਮ ਤੋਂ ਬਿਨਾ (ਕਿਸੇ ਦੀ ਵੀ) ਮੁਕਤੀ ਨਹੀਂ ਹੋਈ।ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਜੀਵ ਇਸਤ੍ਰੀ ਦਾ ਮਨ ਮੰਨ ਜਾਵੇ (ਪ੍ਰਭੂ ਦਾ ਪ੍ਰੀਤਵਾਨ ਹੋ ਜਾਵੇ, ਤਾਂ ਉਹ) ਪਤੀ ਪ੍ਰਭੂ ਦੇ ਮਿਲਾਪ ਦਾ ਅਨੰਦ ਮਾਣਦੀ ਹੈ ਅਤੇ (ਉਸੇ ਨੂੰ) ਸੁਖ ਪ੍ਰਾਪਤ ਹੁੰਦਾ ਹੈ।੧।ਹੇ ਇਆਣੀ ਜੀਵ ਰੂਪ ਇਸਤ੍ਰੀਏ! ਸਤਿਗੁਰੂ ਦੀ ਸੇਵਾ ਕਰ, (ਇਸ ਤਰ੍ਹਾਂ ਤੂੰ) ਉਸ ਪਤੀ ਪ੍ਰਭੂ ਨੂੰ ਪਾ ਲਵੇਂਗੀ।ਤੂੰ ਸਦਾ ਲਈ ਸੁਹਾਗਵੰਤੀ ਹੋਵੇਂਗੀ ,ਫਿਰ ਤੇਰਾ ਵੇਸ ਮੈਲਾ ਨਹੀਂ ਹੋਵੇਗਾ।ਫਿਰ ਤੇਰਾ ਮੈਲਾ ਵੇਸ ਨਹੀਂ ਹੋਵੇਗਾ, (ਪਰ ਇਸ ਗੱਲ ਨੂੰ) ਕੋਈ ਗੁਰੂ ਅਨੁਸਾਰੀ ਇਸਤ੍ਰੀ

ਸਮਝਦੀ ਹੈ, (ਜਿਸ ਨੇ) ਹਉਮੈ ਨੂੰ ਮਾਰ ਕੇ (ਪਤੀ ਪ੍ਰਭੂ ਨੂੰ) ਪਛਾਣਿਆ ਹੈ। (ਉਹ ਪ੍ਰਭੂ ਨੂੰ ਸਿਮਰਨ ਦਾ) ਕਰਨ ਯੋਗ ਕਰਮ ਕਰਦੀ ਹੈ, ਗੁਰੂ ਦੇ ਸ਼ਬਦ ਵਿਚ ਲੀਨ ਰਹਿੰਦੀ ਹੈ ਅਤੇ (ਉਸ ਨੇ ਅਪਣੇ) ਹਿਰਦੇ ਅੰਦਰ ਇਕ ਪ੍ਰਭੂ ਨੂੰ ਹੀ ਜਾਣਿਆ ਹੈ। ਗੁਰਮੁਖ ਜੀਵ ਇਸਤ੍ਰੀ ਦਿਨ ਰਾਤ ਅਪਣੇ ਪ੍ਰਭੂ ਪਤੀ ਦੇ ਮਿਲਾਪ ਦਾ ਅਨੰਦ ਮਾਣਦੀ ਹੈ, (ਜਿਸ ਕਰਕੇ ਉਸ ਦੀ) ਸੱਚੀ ਸੋਭਾ ਹੁੰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਜੀਵ ਇਸਤ੍ਰੀ ਅਪਣੇ ਪਤੀ ਪ੍ਰਭੂ ਦੇ ਮਿਲਾਪ ਦਾ ਅਨੰਦ ਮਾਣਦੀ ਹੈ ਤੇ (ਜਾਣ ਲੈਂਦੀ ਹੈ ਕਿ) ਉਹ ਪ੍ਰਭੂ ਹੀ (ਸਭ ਜੀਵਾਂ ਵਿਚ) ਵਿਆਪਕ ਹੋ ਰਿਹਾ ਹੈ।੨।

ਪਦਾਰਥ = ਜੁਗ ਚਾਰੇ–ਚਾਰੇ ਜੁਗਾਂ ਵਿਚ (ਕਿਸੇ ਵੀ ਜੁਗ ਵਿਚ)। ਧਨ–ਜੀਵ ਇਸਤ੍ਰੀ। ਭਵੈ–ਫਿਰਦੀ ਰਹੇ। ਸੋਹਾਗੁ–ਪ੍ਰਭੂ ਪਤੀ ਦੇ ਮਿਲਾਪ ਦਾ ਸੁਖ। ਨਿਹਚਲੁ ਰਾਜੁ–ਸਦਾ ਕਾਇਮ ਰਹਿਣ ਵਾਲੀ ਪਾਤਸ਼ਾਹੀ। ਕੇਰਾ–ਦਾ। ਅਵਰੁ–ਹੋਰ। ਸਚੁ ਸੋਈ–ਉਹ ਹੀ ਨਾਸ਼ ਰਹਿਤ ਹੈ। ਗੁਰਮੁਖਿ–ਗੁਰੂ ਅਨੁਸਾਰੀ ਜੀਵ ਇਸਤ੍ਰੀ। ਏਕੋ–ਇਕ ਪ੍ਰਭੂ। ਮੇਲਾਵਾ–ਮਿਲਾਪ। ਗੁਰਮਤੀ–ਗੁਰੂ ਦੀ ਸਿੱਖਿਆ ਰਾਹੀਂ। ਮਨੁ ਮਾਨਿਆ–ਮਨ ਮੰਨ (ਸੰਤੁਸ਼ਟ ਹੋ) ਗਿਆ। ਕਾਮਣਿ–ਇਸਤ੍ਰੀ। ਕੰਤੈ ਰਾਵੇ–ਪਤੀ ਦੇ ਮਿਲਾਪ ਦਾ ਅਨੰਦ ਮਾਣਦੀ ਹੈ। ਮਨਿ ਮਾਨਿਐ–ਜੇ ਮਨ ਮੰਨ ਜਾਵੇ।੧। ਸੇਵਿ–ਸੇਵਾ ਕਰ। ਧਨ ਬਾਲੜੀਏ–ਹੇ ਇਆਣੀ ਜੀਵ ਇਸਤ੍ਰੀਏ! ਵਰੁ ਸੋਈ–ਉਸ ਪਤੀ ਨੂੰ। ਪਾਵਹਿ–ਪਾ ਲਵੇਂਗੀ। ਹੋਵਹਿ–ਹੋਵੇਂਗੀ। ਸੋਹਾਗਣੀ–ਸੁਹਾਗ ਭਾਗ ਵਾਲੀ (ਜਿਉਂਦੇ ਪਤੀ ਵਾਲੀ)। ਫਿਰਿ–ਮੁੜ ਕੇ। ਕਰਣੀ ਕਾਰ–ਕਰਨ ਯੋਗ ਕਰਮ (ਸਿਮਰਨ)। ਸਬਦਿ–ਸ਼ਬਦ ਵਿਚ। ਸਮਾਵੈ–ਲੀਨ ਰਹਿੰਦੀ ਹੈ। ਅੰਤਰਿ–ਹਿਰਦੇ ਅੰਦਰ। ਸੋਭਾ–ਵਡਿਆਈ। ਪਿਰੁ–ਪਤੀ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ।੨।

ਮੈਲਾ ਵੇਸੁ = ਪਤੀ ਦੇ ਛਡ ਦੇਣ ਜਾਂ ਮਰਨ ਤੋਂ ਬਾਦ ਇਸਤ੍ਰੀ ਨੂੰ ਮੈਲਾ ਵੇਸ ਰੱਖਣਾ ਪੈਂਦਾ ਹੈ, ਪਰ ਸੁਹਾਗਣ ਹਾਰ ਸਿੰਗਾਰ ਵਾਲੇ ਚੰਗੇ ਵੇਸ ਵਿਚ ਰਹਿੰਦੀ ਹੈ (ਰੱਬ ਤੋਂ ਵਿਛੜੇ ਲੋਕਾਂ ਦਾ ਜੀਵਨ ਤਰਸ ਯੋਗ ਹਾਲਤ ਅਤੇ ਦੁਖ ਵਿਚ ਬੀਤਦਾ ਹੈ)।

ਗੁਰ ਕੀ ਕਾਰ ਕਰੇ ਧਨ ਬਾਲੜੀਏ, ਹਰਿ ਵਰੁ ਦੇਇ ਮਿਲਾਏ ਰਾਮ ॥ ਹਰਿ ਕੈ ਰੰਗਿ ਰਤੀ ਹੈ ਕਾਮਣਿ, ਮਿਲਿ ਪ੍ਰੀਤਮ ਸੁਖੁ ਪਾਏ ਰਾਮ ॥ ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ, ਸਚੁ ਵਰਤੈ ਸਭ ਥਾਈ ॥ ਸਚਾ ਸੀਗਾਰੁ ਕਰੇ ਦਿਨੁ ਰਾਤੀ, ਕਾਮਣਿ ਸਚਿ ਸਮਾਈ ॥ ਹਰਿ ਸੁਖ ਦਾਤਾ ਸਬਦਿ ਪਛਾਤਾ, ਕਾਮਣਿ ਲਇਆ ਕੰਠਿ ਲਾਏ ॥ ਨਾਨਕ ਮਹਲੀ ਮਹਲੁ ਪਛਾਣੈ, ਗੁਰਮਤੀ ਹਰਿ ਪਾਏ ॥੩॥ ਸਾਧਨ ਬਾਲੀ ਧੁਰਿ ਮੇਲੀ, ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥ ਗੁਰਮਤੀ ਘਟਿ ਚਾਨਣੁ ਹੋਆ, ਪ੍ਰਭੁ ਰਵਿ ਰਹਿਆ ਸਭ ਥਾਈ ਰਾਮ ॥ ਪ੍ਰਭੁ ਰਵਿ ਰਹਿਆ ਸਭ ਥਾਈ ਮੰਨਿ ਵਸਾਈ, ਪੂਰਬਿ ਲਿਖਿਆ ਪਾਇਆ ॥ ਸੇਖ ਸੁਖਾਲੀ ਮੇਰੇ ਪ੍ਰਭ ਭਾਣੀ, ਸਚੁ ਸੀਗਾਰੁ ਬਣਾਇਆ ॥ ਕਾਮਣਿ ਨਿਰਮਲ ਹਉਮੈ ਮਲੁ ਖੋਈ, ਗੁਰਮਤਿ ਸਚਿ ਸਮਾਈ ॥ ਨਾਨਕ ਆਪਿ ਮਿਲਾਈ ਕਰਤੈ, ਨਾਮੁ ਨਵੈ ਨਿਧਿ ਪਾਈ ॥੪॥੩॥੪॥ ਹੇ ਇਆਣੀ ਜੀਵ ਰੂਪ ਇਸਤ੍ਰੀਏ! ਤੂੰ ਗੁਰੂ ਦੀ ਦਸੀ ਕਾਰ ਕਰਿਆ ਕਰ, (ਤਾਂ ਤੈਨੂੰ ਗੁਰੂ) ਹਰੀ ਪਤੀ ਨਾਲ ਮਿਲਾ ਦੇਵੇਗਾ। (ਜਿਹੜੀ) ਜੀਵ ਇਸਤ੍ਰੀ ਹਰੀ ਦੇ ਪ੍ਰੇਮ ਰੰਗ ਵਿਚ ਰੰਗੀ ਹੋਈ ਹੈ, ਉਹ ਪਿਆਰੇ ਪ੍ਰਭੂ ਨੂੰ ਮਿਲ ਕੇ ਸੁਖ ਪਾਉਂਦੀ ਹੈ। ਉਹ ਪਿਆਰੇ ਹਰੀ ਨੂੰ ਮਿਲ ਕੇ ਸੁਖ ਪਾਉਂਦੀ ਹੈ ਅਤੇ ਸੱਚੇ ਪ੍ਰਭੂ ਵਿਚ ਸਮਾ ਜਾਂਦੀ ਹੈ, (ਉਸ ਨੂੰ) ਸੱਚਾ ਪ੍ਰਭੂ ਸਭ ਜਗ੍ਹਾ ਵਰਤ ਰਿਹਾ ਦਿਸਦਾ ਹੈ। ਉਹ ਇਸਤ੍ਰੀ ਦਿਨ ਰਾਤ ਸੱਚਾ (ਸ਼ੁੱਭ ਗੁਣਾਂ ਦਾ) ਸ਼ਿੰਗਾਰ ਕਰਦੀ ਹੈ ਅਤੇ ਸੱਚੇ ਪ੍ਰਭੂ ਵਿਚ ਸਮਾਈ ਰਹਿੰਦੀ ਹੈ। (ਉਸ ਨੇ ਗੁਰੂ ਦੇ) ਸ਼ਬਦ ਦੁਆਰਾ ਸੁਖ ਦੇਣ ਵਾਲੇ ਹਰੀ ਨੂੰ ਪਛਾਣ ਲਿਆ ਹੈ ਅਤੇ (ਹਰੀ ਨੂੰ ਉਸ ਜੀਵ) ਇਸਤ੍ਰੀ ਨੇ ਅਪਣੇ ਗਲ ਨਾਲ ਲਾ ਲਿਆ ਹੈ (ਅਪਣੇ ਅੰਗ ਸੰਗ ਵਸਦਾ ਜਾਣਦੀ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਜੀਵ ਇਸਤ੍ਰੀ (ਅਪਣੇ ਪਤੀ ਪ੍ਰਭੂ ਦਾ) ਮਹਿਲ ਪਛਾਣ ਲੈਂਦੀ ਹੈ ਅਤੇ ਗੁਰੂ ਦੀ ਸਿੱਖਿਆ ਤੇ ਚੱਲ ਕੇ ਹਰੀ ਦਾ ਮਿਲਾਪ ਪ੍ਰਾਪਤ ਕਰ ਲੈਂਦੀ ਹੈ।੩। ਹੇ ਭਾਈ! (ਜਿਸ ਜੀਵ ਇਸਤ੍ਰੀ ਨੂੰ) ਮੇਰੇ ਪ੍ਰਭੂ ਨੇ ਆਪ ਹੀ ਮਿਲਾਇਆ ਹੈ, ਉਹ ਇਆਣੀ ਜੀਵ ਇਸਤ੍ਰੀ ਧੁਰ ਤੋਂ ਮੇਲੀ ਹੋਈ ਸੀ। ਗੁਰੂ ਦੀ ਸਿੱਖਿਆ ਦੁਆਰਾ (ਉਸ ਦੇ) ਹਿਰਦੇ ਵਿਚ ਚਾਨਣ ਹੋਇਆ ਹੈ, (ਇਸ ਚਾਨਣ ਨਾਲ ਉਸ ਨੇ ਦੇਖਿਆ ਹੈ ਕਿ) ਪ੍ਰਭੂ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ। (ਉਸ ਨੇ ਗੁਰੂ ਦੀ ਸਿੱਖਿਆ) ਮਨ ਵਿਚ ਵਸਾਈ ਹੈ ਕਿ ਪ੍ਰਭੂ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ, (ਉਸ ਨੇ) ਪਹਿਲੇ ਜਨਮ ਤੋਂ ਲਿਖੇ ਲੇਖ ਅਨੁਸਾਰ ਪ੍ਰਭੂ ਨੂੰ ਪਾਇਆ ਹੈ। (ਜਿਸ ਜੀਵ ਇਸਤ੍ਰੀ ਨੇ ਸ਼ੁੱਭ ਗੁਣਾਂ ਦਾ) ਸੱਚਾ ਸ਼ਿੰਗਾਰ ਬਣਾਇਆ ਹੈ, ਉਹ ਪ੍ਰਭੂ ਨੂੰ ਚੰਗੀ ਲੱਗੀ ਹੈ, ਉਸ ਦੀ ਹਿਰਦੇ ਰੂਪ ਸੇਜ ਸੁਖ ਦਾਈ ਹੋਈ ਹੈ। (ਜਿਸ ਨੇ) ਗੁਰੂ ਦੀ ਸਿੱਖਿਆ ਦੁਆਰਾ ਹਉਮੈ ਦੀ ਮੈਲ ਦੂਰ ਕਰ ਦਿਤੀ ਹੈ, (ਉਹ) ਜੀਵ ਇਸਤ੍ਰੀ ਪਵਿਤ੍ਰ ਜੀਵਨ ਵਾਲੀ ਹੈ ਅਤੇ ਸੱਚੇ ਪ੍ਰਭੂ ਵਿਚ ਸਮਾ ਗਈ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਜੀਵ ਇਸਤ੍ਰੀ ਨੇ) ਨਾਮ ਰੂਪ ਨੌਂ ਨਿਧੀ ਪਾਈ ਹੈ, (ਉਹ) ਕਰਤਾਰ ਨੇ ਆਪ ਹੀ (ਅਪਣੇ ਨਾਲ) ਮਿਲਾ ਲਈ ਹੈ।੪।੩।੪।

ਪਦਾਰਥ = ਕਾਰ-(ਨਾਮ ਸਿਮਰਨ ਦਾ) ਕਰਮ।ਕਰੇ-ਕਰਿਆ ਕਰ।ਧਨ ਬਾਲੜੀਏ-ਹੇ ਇਆਣੀ ਜੀਵ ਇਸਤ੍ਰੀਏ!।ਦੇਇ ਮਿਲਾਏ-ਮਿਲਾ ਦੇਵੇਗਾ।ਕੈ ਰੰਗਿ-ਦੇ ਪ੍ਰੇਮ ਰੰਗ ਵਿਚ।ਰਤੀ-ਰੰਗੀ ਹੋਈ।ਕਾਮਣਿ-ਇਸਤ੍ਰੀ।ਪਾਏ-ਪਾਉਂਦੀ ਹੈ।ਸਚਿ-ਸੱਚੇ ਪ੍ਰਭੂ ਵਿਚ।ਸਮਾਏ-ਸਮਾ ਜਾਂਦੀ ਹੈ।ਸਚੁ-ਸੱਚਾ ਪ੍ਰਭੂ।ਵਰਤੈ-ਵਸਦਾ ਹੈ।ਸਭ ਥਾਈ-ਸਭ ਜਗ੍ਹਾ।ਸਮਾਈ-ਲੀਨ ਰਹਿੰਦੀ ਹੈ। ਸਬਦਿ-ਸ਼ਬਦ ਦੁਆਰਾ।ਪਛਾਤਾ-ਪਛਾਣ ਲਿਆ।ਕੰਠਿ-ਗਲ ਨਾਲ।ਮਹਲੀ-ਇਸਤ੍ਰੀ।ਮਹਲੁ-ਪ੍ਰਭੂ ਦਾ ਨਿਆਸ ਸਥਾਨ।ਗੁਰ ਮਤੀ-ਗੁਰੂ ਦੀ ਸਿੱਖਿਆ ਦੁਆਰਾ।੩।ਸਾਧਨ ਬਾਲੀ-ਉਹ ਇਆਣੀ ਜੀਵ ਇਸਤ੍ਰੀ।ਧੁਰਿ-ਧੁਰ ਤੋਂ।ਪ੍ਰਭਿ-ਪ੍ਰਭੂ ਨੇ।ਘਟਿ-ਹਿਰਦੇ ਵਿਚ।ਰਵਿ ਰਹਿਆ-ਵਿਆਪਕ ਹੋ ਰਿਹਾ ਹੈ।ਮੰਨਿ-ਮਨ ਵਿਚ।ਪੂਰਬਿ ਲਿਖਿਆ-ਪਹਿਲੇ ਜਨਮ ਤੋਂ ਲਿਖੇ ਲੇਖ ਅਨੁਸਾਰ ।ਸੇਜ-ਹਿਰਦਾ ਰੂਪ ਪਲੰਘ।ਸੁਖਾਲੀ-ਸੁਖ ਦੇਣ ਵਾਲੀ।ਭਾਣੀ-ਚੰਗੀ ਲੱਗੀ।ਸਚੁ ਸੀਗਾਰੁ-ਸੱਚਾ (ਸ਼ੁੱਭ ਗੁਣਾਂ ਦਾ) ਸ਼ਿੰਗਾਰ। ਨਿਰਮਲ-ਪਵਿਤ੍ਰ (ਜੀਵਨ ਵਾਲੀ)।ਮਲੁ-ਮੈਲ।ਖੋਈ-ਦੂਰ ਕੀਤੀ।ਸਚਿ ਸਮਾਈ-ਸੱਚੇ ਪ੍ਰਭੂ ਵਿਚ ਸਮਾ ਗਈ।ਕਰਤੈ-ਕਰਤਾਰ ਨੇ।ਨਵੈ ਨਿਧਿ-(ਦੁਨੀਆਂ ਦੇ) ਨੌਂ ਖਜਾਨੇ।ਪਾਈ-ਪ੍ਰਾਪਤ ਕਰ ਲਈ ਹੈ।੪।੩।੪।

ਸੂਹੀ ਮਹਲਾ ੩ ॥ ਹਰਿ ਹਰੇ ਹਰਿ ਗੁਣ ਗਾਵਹੁ ,ਹਰਿ ਗੁਰਮੁਖੇ ਪਾਏ ਰਾਮ ॥ ਅਨਦਿਨੋ ਸਬਦਿ ਰਵਹੁ ,ਅਨਹਦ ਸਬਦ ਵਜਾਏ ਰਾਮ ॥ ਅਨਹਦ ਸਬਦ ਵਜਾਏ ਹਰਿ ਜੀਉ ਘਰਿ ਆਏ, ਹਰਿ ਗੁਣ ਗਾਵਹੁ ਨਾਰੀ ॥ ਅਨਦਿਨੁ ਭਗਤਿ ਕਰਹਿ ਗੁਰ ਆਗੈ, ਸਾ ਧਨ ਕੰਤ ਪਿਆਰੀ ॥ ਗੁਰ ਕਾ ਸਬਦੁ ਵਸਿਆ ਘਟ ਅੰਤਰਿ, ਸੇ ਜਨ ਸਬਦਿ ਸੁਹਾਏ ॥ ਨਾਨਕ ਤਿਨ ਘਰਿ ਸਦ ਹੀ ਸੋਹਿਲਾ, ਹਰਿ ਕਰਿ ਕਿਰਪਾ ਘਰਿ ਆਏ ॥੧॥ ਭਗਤਾ ਮਨਿ ਆਨੰਦੁ ਭਇਆ, ਹਰਿ ਨਾਮਿ ਰਹੇ ਲਿਵ ਲਾਏ ਰਾਮ ॥ ਗੁਰਮੁਖੇ ਮਨੁ ਨਿਰਮਲੁ ਹੋਆ, ਨਿਰਮਲ ਹਰਿ ਗੁਣ ਗਾਏ ਰਾਮ ॥ ਨਿਰਮਲ ਗੁਣ ਗਾਏ ਨਾਮੁ ਮੰਨਿ ਵਸਾਏ, ਹਰਿ ਕੀ ਅੰਮ੍ਰਿਤ ਬਾਣੀ ॥ ਜਿਨ੍ ਮਨਿ ਵਸਿਆ ਸੇਈ ਜਨ ਨਿਸਤਰੇ, ਘਟਿ ਘਟਿ ਸਬਦਿ ਸਮਾਣੀ ॥ ਤੇਰੇ ਗੁਣ ਗਾਵਹਿ ਸਹਜਿ ਸਮਾਵਹਿ, ਸਬਦੇ ਮੇਲਿ ਮਿਲਾਏ ॥ ਨਾਨਕ ਸਫਲ ਜਨਮੁ ਤਿਨ ਕੇਰਾ, ਜਿ ਸਤਿਗੁਰਿ ਹਰਿ ਮਾਰਗਿ ਪਾਏ ॥੨॥ ਹੇ ਭਾਈ! ਸਭ ਜੀਵਾਂ ਨੂੰ ਹਰੇ ਭਰੇ ਕਰਨ ਵਾਲਾ ਜੋ ਹਰੀ ਹੈ, ਉਸ ਹਰੀ ਦੇ ਗੁਣ ਗਾਵੋ, ਉਹ ਹਰੀ ਗੁਰੂ ਦੁਆਰਾ ਪਾਇਆ ਜਾਂਦਾ ਹੈ।ਗੁਰੂ ਦੇ ਸ਼ਬਦ ਦੁਆਰਾ ਹਰ ਰੋਜ ਹਰੀ ਦਾ ਨਾਮ ਉਚਾਰੋ, (ਫਿਰ ਤੇਰੇ ਅੰਦਰ) ਸ਼ਬਦ ਦਾ ਇਕ ਰਸ ਵਾਜਾ ਵਜੇਗਾ (ਆਤਮ ਮੰਡਲ ਦੇ ਸੰਗੀਤ ਦੀ ਧੁਨ ਵਜਦੀ ਸੁਣਾਈ ਦੇਵੇਗੀ।ਜੋ ਮਨੁੱਖ) ਸ਼ਬਦ ਦਾ ਇਕ ਰਸ ਵਾਜਾ ਵਜਾਉਂਦਾ (ਲਗਾਤਾਰ ਨਾਮ ਜਪਦਾ) ਹੈ, ਹਰਿ ਜੀ (ਉਸ ਦੇ) ਹਿਰਦੇ ਘਰ ਵਿਚ ਆਏ ਹਨ, (ਇਸ ਲਈ) ਹੇ ਜੀਵ ਇਸਤ੍ਰੀਓ! ਤੁਸੀਂ ਹਰੀ ਦੇ ਗੁਣ ਗਾਵੋ।ਉਹ ਜੀਵ ਇਸਤ੍ਰੀਆਂ ਪਤੀ ਪ੍ਰਭੂ ਨੂੰ ਪਿਆਰੀਆਂ ਹਨ, ਜੋ ਹਰ ਰੋਜ ਗੁਰੂ ਦੇ ਸਨਮੁਖ ਹੋ ਕੇ ਭਗਤੀ ਕਰਦੀਆਂ ਹਨ।(ਜਿਨ੍ਹਾਂ ਦੇ) ਹਿਰਦੇ ਅੰਦਰ ਗੁਰੂ ਦਾ ਸ਼ਬਦ ਵਸਿਆ ਹੈ, ਉਹ ਪੁਰਖ ਸ਼ਬਦ ਵਿਚ ਜੁੜ ਕੇ ਸੋਹਣੇ ਜੀਵਨ ਵਾਲੇ ਬਣ ਗਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਦੇ ਹਿਰਦੇ ਘਰ ਵਿਚ ਸਦਾ ਹੀ ਖੁਸ਼ੀ ਦਾ ਗੀਤ ਗਾਇਨ ਹੁੰਦਾ ਹੈ, ਹਰੀ ਕਿਰਪਾ ਕਰਕੇ (ਜਿਨ੍ਹਾਂ ਦੇ) ਹਿਰਦੇ ਘਰ ਵਿਚ ਆ ਗਏ ਹਨ।੧।ਹੇ ਭਾਈ! ਭਗਤਾਂ ਦੇ ਮਨ ਵਿਚ ਅਨੰਦ ਪ੍ਰਾਪਤ ਹੋਇਆ ਹੈ (ਕਿਉਂਕਿ ਉਹ) ਹਰੀ ਦੇ ਨਾਮ ਵਿਚ ਲਿਵ ਲਾਈ ਰਖਦੇ ਹਨ।(ਉਨ੍ਹਾਂ ਦਾ) ਮਨ ਗੁਰੂ ਦੀ ਸ਼ਰਨ ਵਿਚ ਪੈ ਕੇ ਪਵਿਤ੍ਰ ਹਰੀ ਦੇ ਗੁਣ ਗਾ ਕੇ ਪਵਿਤ੍ਰ ਹੋਇਆ ਹੈ।(ਉਨ੍ਹਾਂ ਨੇ ਹਰੀ ਦਾ) ਨਾਮ ਮਨ ਵਿਚ ਵਸਾ ਕੇ ਹਰੀ ਦੀ ਅੰਮ੍ਰਿਤ ਬਾਣੀ ਦੁਆਰਾ ਹਰੀ ਦੇ ਪਵਿਤ੍ਰ ਗੁਣ ਗਾਏ ਹਨ।ਜਿਨ੍ਹਾਂ ਦੇ ਮਨ ਵਿਚ ਹਰੀ ਦਾ ਨਾਮ ਵਸਿਆ ਹੈ, ਉਹ ਹੀ ਪੁਰਖ (ਸੰਸਾਰ ਸਮੁੰਦਰ ਤੋਂ) ਤਰੇ ਹਨ, ਗੁਰੂ ਦੇ ਸ਼ਬਦ ਦੁਆਰਾ (ਉਨ੍ਹਾਂ ਨੂੰ) ਹਰ ਇਕ ਮਨੁੱਖ ਦੇ ਹਿਰਦੇ ਵਿਚ ਹਰੀ ਦੀ ਜੋਤ ਸਮਾਈ ਹੋਈ ਦਿਸਦੀ ਹੈ।(ਹੇ ਪ੍ਰਭੂ! ਜਿਹੜੇ ਗੁਰਮੁਖ) ਤੇਰੇ ਗੁਣ ਗਾਉਂਦੇ ਹਨ, ਉਹ ਸਹਿਜ ਅਵਸਥਾ ਵਿਚ ਸਮਾ ਜਾਂਦੇ ਹਨ, (ਉਹ ਗੁਰੂ ਦੇ) ਸ਼ਬਦ ਰਾਹੀਂ ਤੇਰੇ ਮੇਲ ਵਿਚ ਮਿਲ ਜਾਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਉਨਾਂ (ਗੁਰਮੁਖਾਂ ਦਾ) ਜਨਮ ਸਫਲ ਹੈ, ਜਿਹੜੇ ਸਤਿਗੁਰੂ ਨੇ ਹਰੀ ਦੇ ਰਸਤੇ ਉਤੇ ਪਾਏ ਹਨ।੨।

ਪਦਾਰਥ = ਹਰਿ ਹਰੇ-ਹਰੇ ਭਰੇ ਕਰਨ ਵਾਲਾ ਹਰੀ।ਗੁਰਮੁਖੇ-ਗੁਰੂ ਦੁਆਰਾ।ਪਾਏ-ਪਾਇਆ ਜਾਂਦਾ ਹੈ।ਰਾਮ-ਹੇ ਭਾਈ!। ਅਨਦਿਨੋ-ਹਰ ਰੋਜ।ਰਵਹੁ-ਉਚਾਰੋ।ਅਨਹਦ ਸਬਦ-ਸ਼ਬਦ ਦਾ ਇਕ ਰਸ ਵਾਜਾ।ਵਜਾਏ-ਵਜੇਗਾ।ਘਰਿ-ਹਿਰਦੇ ਘਰ ਵਿਚ। ਨਾਰੀ-ਹੇ ਜੀਵ ਇਸਤ੍ਰੀਓ!।ਆਗੈ-ਸਨਮੁਖ ਹੋ ਕੇ।ਸਾਧਨ-ਉਹ ਜੀਵ ਇਸਤ੍ਰੀਆਂ।ਕੰਤ-ਪਤੀ ਪ੍ਰਭੂ ਨੂੰ।ਸੇ ਜਨ-ਉਹ ਪੁਰਖ। ਸੁਹਾਏ-ਸੋਹਣੇ (ਜੀਵਨ ਵਾਲੇ)।ਤਿਨ-ਉਨ੍ਹਾਂ ਦੇ।ਸਦ ਹੀ-ਸਦਾ ਹੀ।ਸੋਹਿਲਾ-ਖੁਸ਼ੀ ਦਾ ਗੀਤ।ਕਰਿ-ਕਰ ਕੇ।੧।ਮਨਿ-ਮਨ ਵਿਚ।ਭਇਆ-ਹੋਇਆ।ਨਾਮਿ-ਨਾਮ ਵਿਚ।ਲਿਵ ਲਾਏ-ਲਿਵ ਲਾਈ ਰਖਦੇ ਹਨ।ਨਿਰਮਲ-ਪਵਿਤ੍ਰ।ਮੰਨਿ-ਮਨ ਵਿਚ।ਜਿਨ੍ -ਜਿਨ੍ਹਾਂ ਦੇ।ਸੇਈ ਜਨ-ਉਹ ਹੀ ਪੁਰਖ।ਨਿਸਤਰੇ-ਪਾਰ ਲੰਘੇ ਹਨ।ਘਟਿ ਘਟਿ-ਹਰ ਇਕ ਮਨੁੱਖ ਦੇ ਹਿਰਦੇ ਵਿਚ।ਸਬਦਿ-

ਸ਼ਬਦ ਰਾਹੀਂ। ਸਮਾਣੀ–ਸਮਾਈ ਹੋਈ। ਸਹਜਿ ਸਮਾਵਹਿ–ਸਹਿਜ ਅਵਸਥਾ ਵਿਚ ਸਮਾ ਜਾਂਦੇ ਹਨ। ਸਬਦੇ–ਸ਼ਬਦ ਰਾਹੀਂ। ਤਿਨ ਕੇਰਾ–ਉਨ੍ਹਾਂ ਦਾ। ਜਿ–ਜਿਹੜੇ। ਸਗਿੁਰਿ–ਸਤਿਗੁਰੂ ਨੇ। ਮਾਰਗਿ–ਰਸਤੇ ਉਤੇ।੨।

ਅੰਗ ੭੭੧ = ਸੰਤ ਸੰਗਤਿ ਸਿਉ ਮੇਲੁ ਭਇਆ, ਹਰਿ ਹਰਿ ਨਾਮਿ ਸਮਾਏ ਰਾਮ ॥ ਗੁਰ ਕੈ ਸਬਦਿ ਸਦ ਜੀਵਨ ਮੁਕਤਿ ਭਏ, ਹਰਿ ਕੈ ਨਾਮਿ ਲਿਵ ਲਾਏ ਰਾਮ ॥ ਹਰਿ ਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ, ਮਨੂਆ ਰਤਾ ਹਰਿ ਨਾਲੇ ॥ ਸੁਖ ਦਾਤਾ ਪਾਇਆ ਮੋਹੁ ਚੁਕਾਇਆ, ਅਨਦਿਨੁ ਨਾਮੁ ਸਮ੍ਹਾਲੇ ॥ ਗੁਰ ਸਬਦੇ ਰਾਤਾ ਸਹਜੇ ਮਾਤਾ, ਨਾਮੁ ਮਨਿ ਵਸਾਏ ॥ ਨਾਨਕ ਤਿਨ ਘਰਿ ਸਦ ਹੀ ਸੋਹਿਲਾ, ਜਿ ਸਤਿਗੁਰ ਸੇਵਿ ਸਮਾਏ ॥੩॥ ਬਿਨੁ ਸਤਿਗੁਰ ਜਗੁ ਭਰਮਿ ਭੁਲਾਇਆ, ਹਰਿ ਕਾ ਮਹਲੁ ਨ ਪਾਇਆ ਰਾਮ ॥ ਗੁਰਮੁਖੇ ਇਕਿ ਮੇਲਿ ਮਿਲਾਇਆ, ਤਿਨ ਕੇ ਦੂਖ ਗਵਾਇਆ ਰਾਮ ॥ ਤਿਨ ਕੇ ਦੂਖ ਗਵਾਇਆ ਜਾ ਹਰਿ ਮਨਿ ਭਾਇਆ ,ਸਦਾ ਗਾਵਹਿ ਰੰਗਿ ਰਾਤੇ ॥ ਹਰਿ ਕੇ ਭਗਤ ਸਦਾ ਜਨ ਨਿਰਮਲ, ਜੁਗਿ ਜੁਗਿ ਸਦ ਹੀ ਜਾਤੇ ॥ ਸਾਚੀ ਭਗਤਿ ਕਰਹਿ ਦਰਿ ਜਾਪਹਿ, ਘਰ ਦਰਿ ਸਚਾ ਸੋਈ ॥ ਨਾਨਕ ਸਚਾ ਸੋਹਿਲਾ ਸਚੀ ਸਚੁ ਬਾਣੀ, ਸਬਦੇ ਹੀ ਸੁਖੁ ਹੋਈ ॥੪॥੪॥੫॥ ਹੇ ਭਾਈ! (ਜਿਨ੍ਹਾਂ ਮਨੁੱਖਾਂ ਦਾ) ਸੰਤਾਂ ਦੀ ਸੰਗਤ ਨਾਲ ਮੇਲ ਹੋਇਆ ਹੈ, ਉਹ ਹਰੀ ਦੇ ਨਾਮ ਵਿਚ ਲੀਨ ਹੋਏ ਹਨ। (ਉਹ) ਗੁਰੂ ਦੇ ਸ਼ਬਦ ਦੁਆਰਾ ਸਦਾ ਹਰੀ ਦੇ ਨਾਮ ਵਿਚ ਲਿਵ ਲਾ ਕੇ ਜੀਵਨ ਮੁਕਤ ਹੋ ਗਏ ਹਨ। (ਜਿਨ੍ਹਾਂ ਮਨੁੱਖਾਂ ਨੂੰ) ਗੁਰੂ ਨੇ ਅਪਣੇ ਮੇਲ ਵਿਚ ਮਿਲਾ ਲਿਆ ਹੈ, (ਉਨ੍ਹਾਂ ਨੇ ਹੀ) ਹਰੀ ਦੇ ਨਾਮ ਵਿਚ ਚਿਤ ਲਾਇਆ ਹੈ ਅਤੇ (ਉਨ੍ਹਾਂ ਦਾ) ਮਨ ਹਰੀ ਨਾਲ ਰੰਗਿਆ ਗਿਆ ਹੈ। (ਉਨ੍ਹਾਂ ਨੇ) ਹਰ ਰੋਜ ਹਰੀ ਦਾ ਨਾਮ ਯਾਦ ਕਰਕੇ ਮਾਇਆ ਦਾ ਮੋਹ ਦੂਰ ਕਰ ਦਿਤਾ ਹੈ ਅਤੇ ਸੁੱਖਾਂ ਦਾ ਦਾਤਾ ਹਰੀ ਪ੍ਰਾਪਤ ਕਰ ਲਿਆ ਹੈ। (ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਵਿਚ ਰੰਗਿਆ ਹੋਇਆ ਹੈ, (ਉਹ) ਸਹਿਜ ਅਵਸਥਾ ਵਿਚ ਮਸਤ ਰਹਿੰਦਾ ਹੈ ਅਤੇ ਹਰੀ ਦਾ ਨਾਮ ਮਨ ਵਿਚ ਵਸਾਈ ਰਖਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਪੁਰਖਾਂ ਦੇ ਹਿਰਦੇ ਘਰ ਵਿਚ ਸਦਾ ਹੀ ਅਨੰਦ ਬਣਿਆ ਰਹਿੰਦਾ ਹੈ, ਜਿਹੜੇ ਸਤਿਗੁਰੂ ਦੀ ਸੇਵਾ ਕਰਕੇ ਹਰੀ ਵਿਚ ਲੀਨ ਹਨ।੩। ਹੇ ਭਾਈ! ਸਾਰੇ ਜਗਤ ਨੂੰ ਭਰਮ ਨੇ ਭੁਲਾਇਆ (ਕੁਰਾਹੇ ਪਾਇਆ) ਹੋਇਆ ਹੈ, (ਇਸੇ ਕਰਕੇ ਇਹ) ਹਰੀ ਦਾ ਟਿਕਾਣ ਨਹੀਂ ਪਾ ਸਕਿਆ। ਕਈ (ਜਿਨ੍ਹਾਂ) ਮਨੁੱਖਾਂ ਨੂੰ ਗੁਰੂ ਨੇ ਅਪਣੇ ਮੇਲ ਵਿਚ ਮਿਲਾਇਆ ਹੈ, ਉਨ੍ਹਾਂ ਦੇ ਸਾਰੇ ਦੁਖ ਪ੍ਰਭੂ ਨੇ ਦੂਰ ਕਰ ਦਿਤੇ ਹਨ। ਉਹ ਪ੍ਰਭੂ ਦੇ ਰੰਗ ਵਿਚ ਰੰਗੇ ਹੋਏ ਸਦਾ ਪ੍ਰਭੂ ਦੇ ਗੁਣ ਗਾਉਂਦੇ ਹਨ, (ਉਨ੍ਹਾਂ ਦਾ ਇਹ ਕਰਮ) ਜਦੋਂ ਹਰੀ ਦੇ ਮਨ ਵਿਚ ਚੰਗਾ ਲੱਗਿਆ, ਤਾਂ (ਹਰੀ ਨੇ ਉਨ੍ਹਾਂ ਦੇ) ਸਾਰੇ ਦੁਖ ਦੂਰ ਕਰ ਦਿਤੇ ਹਨ। (ਹੇ ਭਾਈ!) ਹਰੀ ਦੇ ਭਗਤ ਸਦਾ ਹੀ ਨਿਰਮਲ ਜੀਵਨ ਵਾਲੇ ਪੁਰਖ ਹਨ, ਉਹ ਹਰੇਕ ਜੁਗ ਵਿਚ ਸਦਾ ਜਾਣੇ ਜਾਂਦੇ ਹਨ। (ਉਹ ਪ੍ਰਭੂ ਦੀ) ਸੱਚੀ ਭਗਤੀ ਕਰਦੇ ਹਨ, (ਜਿਸ ਕਰਕੇ ਉਹ ਹਰੀ ਦੇ) ਦਰ ਤੇ ਪ੍ਰਵਾਨ ਜਾਣੇ ਜਾਂਦੇ ਹਨ; ਆਦਰ ਪ੍ਰਾਪਤ ਕਰਦੇ ਹਨ, (ਕਿਉਂਕਿ ਉਨ੍ਹਾਂ ਦੇ) ਹਿਰਦੇ ਘਰ ਅੰਦਰ ਉਹ ਸੱਚਾ ਪ੍ਰਭੂ ਵਸਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ ਦੇ ਹਿਰਦੇ ਵਿਚ) ਸੱਚੀ ਬਾਣੀ ਵਸੀ ਹੋਈ ਹੈ, (ਜਿਸ ਦੀ ਬਰਕਤ ਨਾਲ ਉਨ੍ਹਾਂ ਨੂੰ) ਸੱਚਾ ਅਨੰਦ ਬਣਿਆ ਰਹਿੰਦਾ ਹੈ, ਗੁਰੂ ਦੇ ਸ਼ਬਦ ਕਰਕੇ ਹੀ (ਉਨ੍ਹਾਂ ਨੂੰ ਇਹ) ਸੁਖ ਪ੍ਰਾਪਤ ਹੋਇਆ ਹੈ।੪।੪।੫।

ਪਦਾਰਥ = ਸਿਉ–ਨਾਲ। ਭਇਆ–ਹੋਇਆ। ਨਾਮਿ–ਨਾਮ ਵਿਚ। ਸਮਾਏ–ਲੀਨ ਹੋਏ ਹਨ। ਰਾਮ–ਹੇ ਭਾਈ!। ਸਬਦਿ–ਸ਼ਬਦ ਦੁਆਰਾ। ਜੀਵਨ ਮੁਕਤਿ–ਜਿਉਂਦਿਆਂ ਹੀ ਬੰਧਨ ਮੁਕਤ ਹੋਣ ਦਾ ਭਾਵ। ਕੈ–ਦੇ। ਭਏ–ਹੋਏ ਹਨ। ਲਿਵ ਲਾਏ–ਬ੍ਰਿਤੀ ਜੋੜ ਕੇ। ਗੁਰਿ–ਗੁਰੂ ਨੇ। ਮੇਲਿ ਮਿਲਾਏ–ਮੇਲ (ਸੰਗਤ) ਵਿਚ ਮਿਲਾ ਲਿਆ। ਮਨੂਆ–ਮਨ। ਰਤਾ–ਰੰਗਿਆ ਗਿਆ। ਨਾਲੇ–ਨਾਲ। ਚੁਕਾਇਆ–ਦੂਰ ਕਰ ਦਿਤਾ। ਅਨਦਿਨੁ–ਹਰ ਰੋਜ। ਸਮ੍ਹਾਲੇ–ਯਾਦ ਕਰਕੇ। ਸਬਦੇ ਰਾਤਾ–ਸ਼ਬਦ ਵਿਚ ਰੰਗਿਆ ਹੋਇਆ। ਸਹਜੇ–ਸਹਿਜ ਅਵਸਥਾ ਵਿਚ। ਮਾਤਾ–ਮਸਤ ਰਹਿੰਦਾ ਹੈ। ਮਨਿ–ਮਨ ਵਿਚ। ਤਿਨ ਘਰਿ–ਉਨ੍ਹਾਂ ਦੇ ਹਿਰਦੇ ਘਰ ਵਿਚ। ਸਦ ਹੀ–ਸਦਾ ਹੀ। ਸੋਹਿਲਾ–ਅਨੰਦ; ਖੁਸ਼ੀ ਦਾ ਗੀਤ। ਜਿ–ਜਿਹੜੇ।੩। ਭਰਮਿ–ਭਰਮ ਨੇ। ਭੁਲਾਇਆ–ਕੁਰਾਹੇ ਪਾਇਆ ਹੋਇਆ ਹੈ। ਮਹਲੁ–ਸਰੂਪ; ਟਿਕਾਣਾ। ਗੁਰਮੁਖੇ–ਗੁਰੂ ਨੇ। ਤਿਨ ਕੇ–ਉਨ੍ਹਾਂ ਦੇ। ਗਵਾਇਆ–ਦੂਰ ਕਰ ਦਿਤੇ। ਜਾ–ਜਦੋਂ। ਭਾਇਆ–ਚੰਗਾ ਲੱਗਾ। ਰੰਗਿ ਰਾਤੇ–ਰੰਗ ਵਿਚ ਰੰਗੇ ਹੋਏ। ਨਿਰਮਲ–ਪਵਿਤ੍ਰ। ਜੁਗਿ ਜੁਗਿ–ਹਰੇਕ ਜੁਗ ਵਿਚ। ਜਾਤੇ–ਜਾਣੇ ਜਾਂਦੇ ਹਨ; ਪ੍ਰਸਿੱਧ ਹਨ। ਕਰਹਿ–ਕਰਦੇ ਹਨ। ਜਾਪਹਿ–ਜਾਣੇ ਜਾਂਦੇ ਹਨ; ਆਦਰ ਪਾਉਂਦੇ ਹਨ। ਘਰਿ ਦਰਿ–ਹਿਰਦੇ ਘਰ ਦੇ ਅੰਦਰ। ਸੋਈ–ਉਹ।੪।੪।੫।

ਸੂਹੀ ਮਹਲਾ ੩ ॥ ਜੇ ਲੋੜਹਿ ਵਰੁ ਬਾਲੜੀਏ, ਤਾ ਗੁਰ ਚਰਣੀ ਚਿਤੁ ਲਾਏ ਰਾਮ ॥ ਸਦਾ ਹੋਵਹਿ ਸੋਹਾਗਣੀ, ਹਰਿ ਜੀਉ ਮਰੈ ਨ ਜਾਏ ਰਾਮ ॥ ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ, ਸਾ ਧਨ ਕੰਤ ਪਿਆਰੀ ॥ ਸਚਿ ਸੰਜਮਿ ਸਦਾ ਹੈ ਨਿਰਮਲ,

ਗੁਰ ਕੈ ਸਬਦਿ ਸੀਗਾਰੀ ॥ ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ, ਜਿਨਿ ਆਪੇ ਆਪੁ ਉਪਾਇਆ ॥ ਨਾਨਕ ਸਦਾ ਪਿਰੁ ਰਾਵੇ ਆਪਣਾ, ਜਿਨਿ ਗੁਰ ਚਰਣੀ ਚਿਤੁ ਲਾਇਆ ॥੧॥ ਪਿਰੁ ਪਾਇਅੜਾ ਬਾਲੜੀਏ, ਅਨਦਿਨੁ ਸਹਜੇ ਮਾਤੀ ਰਾਮ ॥ ਗੁਰਮਤੀ ਮਨਿ ਅਨਦੁ ਭਇਆ, ਤਿਤੁ ਤਨਿ ਮੈਲੁ ਨ ਰਾਤੀ ਰਾਮ ॥ ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭਿ ਰਾਤੀ, ਮੇਰਾ ਪ੍ਰਭੁ ਮੇਲਿ ਮਿਲਾਏ ॥ ਅਨਦਿਨੁ ਰਾਵੇ ਹਰਿ ਪ੍ਰਭੁ ਆਪਣਾ, ਵਿਚਹੁ ਆਪੁ ਗਵਾਏ ॥ ਗੁਰਮਤਿ ਪਾਇਆ ਸਹਜਿ ਮਿਲਾਇਆ, ਅਪਣੇ ਪ੍ਰੀਤਮ ਰਾਤੀ ॥ ਨਾਨਕ ਨਾਮੁ ਮਿਲੈ ਵਡਿਆਈ, ਪ੍ਰਭੁ ਰਾਵੇ ਰੰਗਿ ਰਾਤੀ ॥੨॥ ਹੇ ਇਆਣੀ ਜੀਵ ਰੂਪ ਇਸਤ੍ਰੀਏ! ਜੇ ਤੂੰ ਪਤੀ ਪ੍ਰਭੂ ਨੂੰ ਮਿਲਣਾ ਚਾਹੁੰਦੀ ਹੈਂ, ਤਾਂ ਤੂੰ ਗੁਰੂ ਦੇ ਚਰਨਾਂ ਨਾਲ ਅਪਣਾ ਚਿਤ ਲਗਾ ਲੈ।(ਫਿਰ ਤੂੰ) ਸਦਾ ਸੁਹਾਗਵੰਤੀ ਹੋਈ ਰਹੇਂਗੀ, (ਕਿਉਂਕਿ ਪਤੀ) ਪ੍ਰਭੂ ਨਾ ਮਰਦਾ ਹੈ ਤੇ ਨਾ ਜੰਮਦਾ ਹੈ।ਹਰਿ ਜੀ ਨਾ ਮਰਦਾ ਹੈ ਤੇ ਨਾ ਜੰਮਦਾ ਹੈ, ਗੁਰੂ ਦੇ ਰਾਹੀਂ ਸਹਿਜ ਸੁਭਾਵਕ (ਜੋ ਜੀਵ ਇਸਤ੍ਰੀ ਪਤੀ ਪ੍ਰਭੂ ਦੀ ਪਤਨੀ ਬਣਦੀ ਹੈ) ਉਹ ਪਤੀ ਪ੍ਰਭੂ ਦੀ ਪਿਆਰੀ ਹੁੰਦੀ ਹੈ।ਸੱਚੇ ਨਾਮ ਵਿਚ ਜੁੜ ਕੇ ਤੇ ਵਿਕਾਰਾਂ ਤੋਂ ਪਰਹੇਜ ਕਰਨ ਨਾਲ (ਉਸ ਦਾ ਜੀਵਨ) ਸਦਾ ਨਿਰਮਲ ਰਹਿੰਦਾ ਹੈ ਅਤੇ (ਉਹ) ਗੁਰੂ ਦੇ ਸ਼ਬਦ ਦੁਆਰਾ (ਸ਼ੁੱਭ ਗੁਣਾਂ ਨਾਲ) ਸ਼ਿੰਗਾਰੀ ਜਾਂਦੀ ਹੈ।ਮੇਰਾ ਪ੍ਰਭੂ ਸੱਚਾ ਹੈ, ਸਦਾ ਹੀ ਸੱਚਾ ਹੈ, ਜਿਸ ਨੇ ਆਪ ਹੀ ਅਪਣੇ ਆਪ ਨੂੰ ਪੈਦਾ ਕੀਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਜੀਵ ਇਸਤ੍ਰੀ) ਸਦਾ ਅਪਣੇ ਪਤੀ ਪ੍ਰਭੂ ਦੇ ਮਿਲਾਪ ਦਾ ਅਨੰਦ ਮਾਣਦੀ ਹੈ, ਜਿਸ ਨੇ ਗੁਰੂ ਦੇ ਚਰਨਾਂ ਵਿਚ ਅਪਣਾ ਚਿਤ ਲਾਇਆ ਹੋਇਆ ਹੈ।੧।ਹੇ ਬੇਸਮਝ ਇਸਤ੍ਰੀਏ! (ਜਿਸ ਜੀਵ ਇਸਤ੍ਰੀ ਨੇ) ਪਤੀ ਪ੍ਰਭੂ ਨੂੰ ਪਾਇਆ ਹੈ, ਉਹ ਸੁਭਾਵਕ ਹੀ ਹਰ ਰੋਜ ਪ੍ਰਭੂ ਦੇ ਨਾਮ ਵਿਚ ਮਸਤ ਰਹਿੰਦੀ ਹੈ।ਗੁਰੂ ਦੀ ਸਿੱਖਿਆ ਦੁਆਰਾ (ਉਸ ਦੇ) ਮਨ ਵਿਚ ਅਨੰਦ ਪ੍ਰਾਪਤ ਹੋਇਆ ਹੈ ਅਤੇ ਉਸ ਦੇ ਸਰੀਰ ਵਿਚ ਰੱਤਾ ਭਰ ਵੀ ਵਿਕਾਰਾਂ ਦੀ ਮੈਲ ਰਹਿੰਦੀ।ਉਸ ਦੇ ਸਰੀਰ ਵਿਚ ਰੱਤਾ ਭਰ ਵੀ ਮੈਲ ਨਹੀਂ ਰਹਿੰਦੀ, (ਕਿਉਂਕਿ ਉਹ) ਹਰੀ ਪ੍ਰਭੂ ਵਿਚ ਰੰਗੀ ਹੋਈ ਹੈ, (ਇਸ ਕਰਕੇ ਉਸ ਨੂੰ) ਪ੍ਰਭੂ ਅਪਣੇ ਮੇਲ ਨਾਲ ਮਿਲਾ ਲੈਂਦਾ ਹੈ।(ਉਹ) ਮਨ ਵਿਚੋਂ ਆਪਾ ਭਾਵ ਗੁਆ ਕੇ ਹਰ ਰੋਜ ਅਪਣੇ ਹਰੀ ਪ੍ਰਭੂ ਨੂੰ ਸਿਮਰਦੀ ਹੈ।ਗੁਰਮਤ ਦੁਆਰਾ (ਉਸ ਨੇ ਪਤੀ ਪ੍ਰਭੂ ਨੂੰ) ਪਾਇਆ ਹੈ, (ਗੁਰੂ ਨੇ ਪਤੀ ਪ੍ਰਭੂ ਨਾਲ ਉਸ ਨੂੰ) ਸਹਜੇ ਹੀ ਮਿਲਾ ਦਿਤਾ ਹੈ, (ਹੁਣ ਉਹ) ਪਿਆਰੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੀ ਰਹਿੰਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਜੀਵ ਇਸਤ੍ਰੀ ਨੂੰ) ਨਾਮ ਮਿਲ ਜਾਂਦਾ ਹੈ, ਵਡਿਆਈ ਮਿਲ ਜਾਂਦੀ ਹੈ ਅਤੇ ਉਹ ਪ੍ਰੇਮ ਰੰਗ ਵਿਚ ਰੰਗੀ ਹੋਈ ਪ੍ਰਭੂ ਨੂੰ ਸਿਮਰਦੀ ਰਹਿੰਦੀ ਹੈ।੨।

ਪਦਾਰਥ = ਲੋੜਹਿ–ਚਾਹੁੰਦੀ ਹੈ ।ਵਰੁ–ਪਤੀ ਪ੍ਰਭੂ।ਬਾਲੜੀਏ–ਹੇ ਇਆਣੀ ਜੀਵ ਇਸਤ੍ਰੀਏ!।ਸੋਹਾਗਣੀ–ਪਤੀ ਦੇ ਸਦਾ ਜਿਉਂਦੇ ਰਹਿਣ ਵਾਲੀ ਅਵਸਥਾ।ਨ ਜਾਏ–ਜੰਮਦਾ ਨਹੀਂ।ਗੁਰ ਕੈ–ਗੁਰੂ ਦੇ ਰਾਹੀਂ।ਸਹਜਿ ਸੁਭਾਏ–ਸਹਿਜ ਸੁਭਾਵਕ।ਸਾ ਧਨ–ਉਹ ਜੀਵ ਇਸਤ੍ਰੀ।ਕੰਤ–ਪਤੀ ਦੀ।ਸਚਿ–ਸੱਚੇ ਨਾਮ ਵਿਚ ਜੁੜ ਕੇ।ਸੰਜਮਿ–ਵਿਕਾਰਾਂ ਤੋਂ ਪ੍ਰਹੇਜ ਕਰਨ ਨਾਲ।ਨਿਰਮਲ–ਪਵਿਤ੍ਰ। ਸਬਦਿ–ਸ਼ਬਦ ਰਾਹੀਂ।ਸੀਗਾਰੀ–ਸ਼ਿੰਗਾਰ ਹੋਈ ਹੈ।ਸਦ ਹੀ–ਸਦਾ ਹੀ।ਜਿਨਿ–ਜਿਸ ਨੇ।ਆਪੇ ਆਪੁ–ਆਪ ਹੀ ਅਪਣੇ ਆਪ ਨੂੰ।ਉਪਾਇਆ–ਪੈਦਾ ਕੀਤਾ ਹੈ।ਪਿਰੁ–ਪਤੀ।ਰਾਵੇ–ਅਨੰਦ ਮਾਣਦੀ ਹੈ।੧।ਪਿਰੁ–ਪਤੀ ਪ੍ਰਭੂ।ਪਾਇਅੜਾ–ਪਾਇਆ ਹੈ।ਅਨ ਦਿਨ–ਹਰ ਰੋਜ।ਸਹਜੇ–ਸੁਭਾਵਕ ਹੀ; ਸਹਿਜ ਅਵਸਥਾ ਵਿਚ।ਮਾਤੀ–ਮਸਤ ਹੈ।ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ।ਮਨਿ– ਮਨ ਵਿਚ।ਭਇਆ–ਹੋਇਆ।ਤਿਤੁ–ਉਸ ਦੇ।ਤਨਿ–ਸਰੀਰ ਵਿਚ।ਰਾਤੀ–ਰੱਤੀ ਭਰ ਵੀ।ਰਾਤੀ–ਰੰਗੀ ਹੋਈ ਹੈ।ਮੇਲਿ ਮਿਲਾਏ –ਮੇਲ (ਸੰਗੀਆਂ) ਵਿਚ ਮਿਲਾ ਲੈਂਦਾ ਹੈ।ਰਾਵੇ–ਸਿਮਰਦੀ ਹੈ; ਭੋਗਦੀ ਹੈ।ਵਿਚਹੁ–ਮਨ ਵਿਚੋਂ।ਆਪੁ–ਆਪਾ ਭਾਵ; ਹੰਕਾਰ। ਗਵਾਏ–ਗੁਆ ਕੇ।ਪ੍ਰੀਤਮ–ਪਿਆਰਾ ਪ੍ਰਭੂ।ਰੰਗਿ ਰਾਤੀ–ਪ੍ਰੇਮ ਰੰਗ ਵਿਚ ਰੰਗੀ ਹੋਈ।੨।

ਪਿਰੁ ਰਾਵੇ ਰੰਗਿ ਰਾਤੜੀਏ, ਪਿਰ ਕਾ ਮਹਲੁ ਤਿਨ ਪਾਇਆ ਰਾਮ ॥ ਸੋ ਸਹੋ ਅਤਿ ਨਿਰਮਲੁ ਦਾਤਾ, ਜਿਨਿ ਵਿਚਹੁ ਆਪੁ ਗਵਾਇਆ ਰਾਮ ॥ ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ, ਹਰਿ ਕਾਮਣਿ ਮਨਿ ਭਾਣੀ ॥ ਅਨਦਿਨੁ ਗੁਣ ਗਾਵੈ ਨਿਤ ਸਾਚੇ ,ਕਥੇ ਅਕਥ ਕਹਾਣੀ ॥ ਜੁਗ ਚਾਰੇ ਸਾਚਾ ਏਕੋ ਵਰਤੈ, ਬਿਨੁ ਗੁਰ ਕਿਨੈ ਨ ਪਾਇਆ ॥ ਨਾਨਕ ਰੰਗਿ ਰਵੈ ਰੰਗਿ ਰਾਤੀ, ਜਿਨਿ ਹਰਿ ਸੇਤੀ ਚਿਤੁ ਲਾਇਆ ॥੩॥ ਕਾਮਣਿ ਮਨਿ ਸੋਹਿਲੜਾ, ਸਾਜਨ ਮਿਲੇ ਪਿਆਰੇ ਰਾਮ ॥ ਹੇ ਪ੍ਰੇਮ ਵਿਚ ਰੰਗੀ ਹੋਈ ਜੀਵ ਇਸਤ੍ਰੀਏ! (ਜਿਹੜੀ ਜੀਵ ਇਸਤ੍ਰੀ) ਪਤੀ ਪ੍ਰਭੂ ਨੂੰ ਸਿਮਰਦੀ ਹੈ, ਉਸ ਨੇ ਪਤੀ ਪ੍ਰਭੂ ਦਾ ਮਹਿਲ ਪਾਇਆ ਹੈ।ਉਹ ਪਤੀ ਬਹੁਤ ਪਵਿਤਰ ਦਾਤਾ ਹੈ, (ਪਰ ਮਿਲਦਾ ਉਸ ਨੂੰ ਹੈ) ਜਿਸ ਨੇ ਮਨ ਵਿਚੋਂ ਆਪਾ ਭਾਵ ਗੁਆ ਦਿਤਾ ਹੈ।ਜਦੋਂ (ਜੀਵ ਇਸਤ੍ਰੀ ਨੇ ਅਪਣੇ) ਮਨ ਵਿਚੋਂ ਮਾਇਆ ਦਾ ਮੋਹ ਦੂਰ ਕਰ ਦਿਤਾ, ਤਾਂ ਹਰੀ ਨੂੰ ਚੰਗਾ ਲੱਗਾ ਅਤੇ ਜੀਵ ਇਸਤ੍ਰੀ ਹਰੀ ਦੇ ਮਨ ਵਿਚ ਚੰਗੀ ਲਗਣ ਲਗ ਪਈ।(ਉਹ) ਹਰ ਰੋਜ ਸਦਾ ਸੱਚੇ ਪਤੀ ਪ੍ਰਭੂ ਦੇ ਗੁਣ ਗਾਉਂਦੀ ਹੈ ਅਤੇ ਅਕਥ ਪ੍ਰਭੂ ਦੀ ਸਿਫਤ ਸਲਾਹ ਦੀਆਂ

ਕਹਾਣੀਆਂ ਕਥਨ ਕਰਦੀ ਹੈ।ਚਾਰੇ ਜੁਗਾਂ ਵਿਚ ਇਕੋ ਸੱਚਾ ਪ੍ਰਭੂ ਵਰਤ ਰਿਹਾ ਹੈ, (ਪਰ ਉਸ ਨੂੰ) ਗੁਰੂ ਤੋਂ ਬਿਨਾ ਕਿਸੇ ਨੇ ਨਹੀਂ ਪਾਇਆ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਜੀਵ ਇਸਤ੍ਰੀ ਨੇ ਹਰੀ ਨਾਲ ਅਪਣਾ ਚਿਤ ਲਾਇਆ (ਜੋੜ ਲਿਆ) ਹੈ, ਉਹ ਪ੍ਰੇਮ ਰੰਗਿ ਵਿਚ ਰੰਗੀ ਹੋਈ ਪ੍ਰੇਮ ਨਾਲ (ਉਸ ਨੂੰ) ਸਿਮਰਦੀ ਹੈ।੩।ਹੇ ਭਾਈ! (ਉਸ) ਜੀਵ ਇਸਤ੍ਰੀ ਦੇ ਮਨ ਵਿਚ ਅਨੰਦ ਬਣਿਆ ਰਹਿੰਦਾ ਹੈ, ਜਿਸ ਨੂੰ ਪਿਆਰੇ ਸੱਜਣ ਪਤੀ ਪ੍ਰਭੂ ਮਿਲ ਪਏ ਹਨ।

ਅੰਗ ੭੭੨ = ਗੁਰਮਤੀ ਮਨੁ ਨਿਰਮਲੁ ਹੋਆ, ਹਰਿ ਰਾਖਿਆ ਉਰਿ ਧਾਰੇ ਰਾਮ ॥ ਹਰਿ ਰਾਖਿਆ ਉਰਿ ਧਾਰੇ ਅਪਨਾ ਕਾਰਜੁ ਸਵਾਰੇ, ਗੁਰਮਤੀ ਹਰਿ ਜਾਤਾ ॥ ਪ੍ਰੀਤਮਿ ਮੋਹਿ ਲਇਆ ਮਨੁ ਮੇਰਾ, ਪਾਇਆ ਕਰਮਿ ਬਿਧਾਤਾ ॥ ਸਤਿਗੁਰ ਸੇਵਿ ਸਦਾ ਸੁਖੁ ਪਾਇਆ, ਹਰਿ ਵਸਿਆ ਮੰਨਿ ਮੁਰਾਰੇ ॥ ਨਾਨਕ ਮੇਲਿ ਲਈ ਗੁਰਿ ਅਪੁਨੈ, ਗੁਰ ਕੈ ਸਬਦਿ ਸਵਾਰੇ ॥੪॥੫॥੬॥ (ਕਿਉਂਕਿ ਉਸ ਦਾ) ਮਨ ਗੁਰੂ ਦੀ ਸਿਖਿਆ ਦੁਆਰਾ ਪਵਿਤ੍ਰ ਹੋ ਗਿਆ ਹੈ ਅਤੇ (ਉਸ ਨੇ ਪਤੀ) ਹਰੀ ਨੂੰ ਅਪਣੇ ਹਿਰਦੇ ਵਿਚ ਟਿਕਾ ਕੇ ਰੱਖਿਆ ਹੈ।(ਜਿਸ ਜੀਵ ਇਸਤ੍ਰੀ ਨੇ) ਹਰੀ ਨੂੰ ਗੁਰੂ ਦੀ ਸਿੱਖਿਆ ਦੁਆਰਾ ਜਾਣਿਆ ਹੈ ਅਤੇ ਹਰੀ ਨੂੰ ਹਿਰਦੇ ਵਿਚ ਟਿਕਾ ਕੇ ਰੱਖਿਆ ਹੈ, (ਉਸ ਨੇ ਅਪਣੇ ਮਨੁੱਖਾ ਜਨਮ ਨੂੰ ਸਫਲ ਕਰਨ ਦਾ) ਕਾਰਜ ਸੁਆਰ ਲਿਆ ਹੈ।(ਉਹ ਆਖਦੀ ਹੈ ਕਿ) ਪਿਆਰੇ ਪਤੀ ਪ੍ਰਭੂ ਨੇ ਮੇਰਾ ਮਨ ਮੋਹ ਲਿਆ ਹੈ ਅਤੇ (ਉਸ ਨੇ) ਕਰਮਾਂ ਦਾ ਫਲ ਦੇਣ ਵਾਲੇ ਪ੍ਰਭੂ ਨੂੰ ਪਾ ਲਿਆ ਹੈ।ਸਤਿਗੁਰੂ ਦੀ ਸੇਵਾ ਕਰਕੇ (ਉਸ ਜੀਵ ਇਸਤ੍ਰੀ ਨੇ) ਸਦਾ ਸੁਖ ਪਾਇਆ ਹੈ ਅਤੇ (ਉਸ ਦੇ) ਮਨ ਵਿਚ ਹੰਕਾਰ ਨੂੰ ਨਾਸ਼ ਕਰਨ ਵਾਲਾ ਹਰੀ ਵਸ ਗਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੇ ਸ਼ਬਦ ਦੁਆਰਾ (ਜਦ ਉਸ ਜੀਵ ਇਸਤ੍ਰੀ ਨੇ ਅਪਣਾ ਜੀਵਨ) ਸਵਾਰ ਲਿਆ, ਤਾਂ ਅਪਣੇ ਪੂਜਨੀਕ ਪ੍ਰਭੂ ਨੇ (ਉਹ ਜੀਵ ਇਸਤ੍ਰੀ ਅਪਣੇ ਨਾਲ) ਮਿਲਾ ਲਈ।੪।੫।੬।

ਪਦਾਰਥ = ਪਿਰੁ ਰਾਵੇ–ਪਤੀ ਪ੍ਰਭੂ ਨੂੰ ਸਿਮਰਦੀ ਹੈ; ਭੋਗਦੀ ਹੈ।ਰੰਗਿ ਰਾਤੜੀਏ–ਹੇ ਪ੍ਰੇਮ ਵਿਚ ਰੰਗੀ ਹੋਈ ਜੀਵ ਇਸਤ੍ਰੀਏ!। ਪਿਰ ਕਾ ਮਹਲੁ–ਪਤੀ ਪ੍ਰਭੂ ਦਾ ਨਿਵਾਸ ਅਸਥਾਨ।ਤਿਨ–ਉਸ ਨੇ।ਸੋ ਸਹੁ–ਉਹ ਪਤੀ ਪ੍ਰਭੂ।ਅਤਿ–ਬਹੁਤ।ਨਿਰਮਲੁ–ਪਵਿਤ੍ਰ। ਜਿਨਿ–ਜਿਸ ਨੇ।ਵਿਚਹੁ–ਮਨ ਵਿਚੋਂ।ਆਪੁ–ਆਪਾ ਭਾਵ; ਹੰਕਾਰ।ਚੁਕਾਇਆ–ਦੂਰ ਕਰ ਦਿਤਾ।ਜਾ–ਜਦੋਂ।ਭਾਇਆ–ਚੰਗਾ ਲੱਗਾ।ਕਾਮਣਿ–ਜੀਵ ਇਸਤ੍ਰੀ।ਹਰਿ ਮਨਿ–ਹਰੀ ਦੇ ਮਨ ਵਿਚ।ਭਾਣੀ–ਚੰਗੀ ਲੱਗੀ।ਅਨਦਿਨੁ–ਹਰ ਰੋਜ।ਨਿਤ–ਸਦਾ।ਸਾਚੇ–ਸੱਚੇ ਪ੍ਰਭੂ ਦੇ।ਕਥੇ–ਕਥਦੀ ਹੈ।ਅਕਥ–ਬਿਆਨ ਨਾ ਹੋ ਸਕਣ ਵਾਲਾ ਪ੍ਰਭੂ।ਕਿਨੈ–ਕਿਸੇ ਨੇ।ਰਵੈ–ਸਿਮਰਦੀ ਹੈ।ਰੰਗਿ ਰਾਤੀ–ਪ੍ਰੇਮ ਰੰਗਿ ਵਿਚ ਰੰਗੀ ਹੋਈ।ਸੇਤੀ–ਨਾਲ।੩।ਸੋਹਿਲੜਾ–ਅਨੰਦ।ਸਾਜਨ–ਸੱਜਣ ਪ੍ਰਭੂ।ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ। ਉਰਿ–ਹਿਰਦੇ ਵਿਚ।ਧਾਰੇ–ਟਿਕਾ ਕੇ।ਕਾਰਜੁ–ਜਨਮ ਸਫਲ ਕਰਨ ਦਾ ਕੰਮ।ਸਵਾਰੇ–ਸੁਆਰ ਲਿਆ।ਜਾਤਾ–ਜਾਣਿਆ।ਪ੍ਰੀਤਮਿ –ਪਿਆਰੇ ਪ੍ਰਭੂ ਨੇ।ਮੋਹਿ ਲੀਆ–ਮੋਹ ਲਿਆ।ਕਰਮ ਬਿਧਾਤਾ–ਕਰਮਾਂ ਦਾ ਫਲ ਦੇਣ ਵਾਲਾ ਪ੍ਰਭੂ।ਸੇਵਿ–ਸੇਵਾ ਕਰਕੇ।ਮੰਨਿ–ਮਨ ਵਿਚ।ਮੁਰਾਰੇ–ਹੰਕਾਰ ਦਾ ਨਾਸ਼ ਕਰਨ ਵਾਲਾ ਪ੍ਰਭੂ।ਗੁਰਿ–ਪੂਜਨੀਕ ਪ੍ਰਭੂ ਨੇ।ਸਬਦਿ–ਸ਼ਬਦ ਦੁਆਰਾ।੪।੫।੬।

ਸੂਹੀ ਮਹਲਾ ੩ ॥ ਸੋਹਿਲੜਾ ਹਰਿ ਰਾਮ ਨਾਮੁ ,ਗੁਰ ਸਬਦੀ ਵੀਚਾਰੇ ਰਾਮ ॥ ਹਰਿ ਮਨੁ ਤਨੋ ਗੁਰਮੁਖਿ ਭੀਜੈ, ਰਾਮ ਨਾਮੁ ਪਿਆਰੇ ਰਾਮ ॥ ਰਾਮ ਨਾਮੁ ਪਿਆਰੇ ਸਭਿ ਕੁਲ ਉਧਾਰੇ, ਰਾਮ ਨਾਮੁ ਮੁਖਿ ਬਾਣੀ ॥ ਆਵਣ ਜਾਣ ਰਹੇ ਸੁਖੁ ਪਾਇਆ, ਘਰਿ ਅਨਹਦ ਸੁਰਤਿ ਸਮਾਣੀ ॥ ਹਰਿ ਹਰਿ ਏਕੋ ਪਾਇਆ ਹਰਿ ਪ੍ਰਭੁ ,ਨਾਨਕ ਕਿਰਪਾ ਧਾਰੇ ॥ ਸੋਹਿਲੜਾ ਹਰਿ ਰਾਮ ਨਾਮੁ ,ਗੁਰ ਸਬਦੀ ਵੀਚਾਰੇ ॥੧॥ ਹਮ ਨੀਵੀ ਪ੍ਰਭੁ ਅਤਿ ਊਚਾ, ਕਿਉ ਕਰਿ ਮਿਲਿਆ ਜਾਏ ਰਾਮ ॥ ਗੁਰਿ ਮੇਲੀ ਬਹੁ ਕਿਰਪਾ ਧਾਰੀ, ਹਰਿ ਕੈ ਸਬਦਿ ਸੁਭਾਏ ਰਾਮ ॥ ਮਿਲੁ ਸਬਦਿ ਸੁਭਾਏ ਆਪੁ ਗਵਾਏ, ਰੰਗ ਸਿਉ ਰਲੀਆ ਮਾਣੇ ॥ ਸੇਜ ਸੁਖਾਲੀ ਜਾ ਪ੍ਰਭੁ ਭਾਇਆ, ਹਰਿ ਹਰਿ ਨਾਮਿ ਸਮਾਣੇ ॥ ਨਾਨਕ ਸੋਹਾਗਣਿ ਸਾ ਵਡਭਾਗੀ, ਜੇ ਚਲੈ ਸਤਿਗੁਰ ਭਾਏ ॥ ਹਮ ਨੀਵੀ ਪ੍ਰਭੁ ਅਤਿ ਊਚਾ, ਕਿਉ ਕਰਿ ਮਿਲਿਆ ਜਾਏ ਰਾਮ ॥੨॥ ਹੇ ਭਾਈ! ਹਰੀ ਦਾ ਨਾਮ ਹੀ ਸੋਹਿਲਾ (ਖੁਸ਼ੀ ਦਾ ਗੀਤ) ਹੈ, ਜੋ ਗੁਰੂ ਦੇ ਸ਼ਬਦ ਦੁਆਰਾ ਵਿਚਾਰਿਆ ਜਾਂਦਾ ਹੈ।(ਜੋ ਮਨੁੱਖ) ਪ੍ਰਭੂ ਦੇ ਨਾਮ ਨੂੰ ਪਿਆਰ ਕਰਦਾ ਹੈ, (ਉਸ) ਗੁਰਮੁਖ ਦਾ ਮਨ ਤੇ ਤਨ ਹਰੀ ਦੇ ਨਾਮ ਰਸ ਨਾਲ ਭਿੱਜ ਜਾਂਦਾ ਹੈ।(ਉਹ) ਪ੍ਰਭੂ ਦੇ ਨਾਮ ਨੂੰ ਪਿਆਰ ਕਰਦਾ ਹੈ ਅਤੇ ਪ੍ਰਭੂ ਦੀ ਨਾਮ ਰੂਪ ਬਾਣੀ ਮੂੰਹ ਨਾਲ ਉਚਾਰਦਾ ਹੈ, (ਜਿਸ ਕਰਕੇ ਉਹ ਅਪਣੀ) ਸਾਰੀ ਕੁਲ ਦਾ ਉਧਾਰ ਕਰ ਲੈਂਦਾ ਹੈ।(ਉਸ ਨੂੰ ਆਤਮਕ) ਸੁਖ ਪ੍ਰਾਪਤ ਹੋ ਗਿਆ, (ਉਸ ਦਾ) ਆਉਣਾ ਜਾਣਾ (ਜਨਮ ਮਰਨ) ਮੁੱਕ ਗਿਆ ਅਤੇ (ਉਸ ਦੀ) ਸੁਰਤ ਅਨਹਦ ਘਰ ਵਿਚ ਸਮਾ ਗਈ ਹੈ (ਬਿਰਤੀ ਉਚੇ ਤੋਂ ਉਚੇ ਅਨੰਦ ਦੀ ਹਾਲਤ ਵਿਚ ਲੀਨ ਹੋ ਗਈ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਉਤੇ) ਹਰੀ ਪ੍ਰਭੂ ਕ੍ਰਿਪਾ ਕਰ ਦੇਂਦਾ

ਹੈ, (ਉਸ ਨੇ) ਇਕ ਹਰੀ ਪ੍ਰਭੂ ਨੂੰ ਪਾ ਲਿਆ ਹੈ। ਹਰੀ ਦਾ ਨਾਮ ਹੀ ਖੁਸ਼ੀ ਦਾ ਗੀਤ ਹੈ, ਜੋ ਗੁਰੂ ਦੇ ਸ਼ਬਦ ਦੁਆਰਾ ਵਿਚਾਰਿਆ ਜਾਂਦਾ ਹੈ।੧।(ਜੀਵ ਇਸਤ੍ਰੀ ਆਖਦੀ ਹੈ ਕਿ ਹੇ ਗੁਰੂ ਜੀ! ਔਗਣਾਂ ਕਰਕੇ) ਮੈਂ ਨੀਵੀਂ ਹਾਂ, (ਗੁਣਾਂ ਕਰਕੇ) ਪ੍ਰਭੂ ਬਹੁਤ ਉਚਾ ਹੈ, (ਉਸ ਨੂੰ) ਕਿਵੇਂ ਮਿਲਿਆ ਜਾਵੇ? (ਉਤਰ = ਜਿਸ ਉਤੇ) ਗੁਰੂ ਨੇ ਬਹੁਤ ਕ੍ਰਿਪਾ ਕੀਤੀ ਹੈ, (ਉਹ ਜੀਵ ਇਸਤ੍ਰੀ ਪ੍ਰਭੂ ਨਾਲ) ਮਿਲਾ ਦਿਤੀ ਹੈ, ਉਹ ਗੁਰੂ ਦੇ ਸ਼ਬਦ ਦੁਆਰਾ ਸੁਭਾਵਕ ਹੀ ਹਰੀ ਨਾਲ ਮਿਲ ਗਈ ਹੈ।(ਉਹ ਗੁਰੂ ਦੇ) ਸ਼ਬਦ ਦੁਆਰਾ ਆਪਾ ਭਾਵ ਗਵਾ ਕੇ ਸੁਭਾਵਕ ਹੀ ਪ੍ਰਭੂ ਨੂੰ ਮਿਲ ਪੈਂਦੀ ਹੈ, (ਫਿਰ ਉਹ) ਪ੍ਰੇਮ ਨਾਲ ਮੌਜਾਂ ਮਾਣਦੀ ਹੈ।(ਉਸ ਨੂੰ) ਜਦੋਂ ਪ੍ਰਭੂ ਚੱਗਾ ਲਗ ਆਇਆ, ਤਾਂ (ਉਸ ਦੀ) ਹਿਰਦੇ ਰੂਪ ਸੇਜ ਸੁਖਦਾਈ ਹੋ ਗਈ, (ਉਹ) ਹਰੀ ਦੇ ਨਾਮ ਦੁਆਰਾ ਹਰੀ ਵਿਚ ਸਮਾ ਗਈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਹੜੀ ਜੀਵ ਇਸਤ੍ਰੀ ਸਤਿਗੁਰੂ ਦੇ ਭਾਣੇ ਵਿਚ ਚਲਦੀ ਹੈ, ਉਹ ਸੁਹਾਗਣ ਹੈ ਅਤੇ ਵੱਡੇ ਭਾਗਾਂ ਵਾਲੀ ਹੈ। ਮੈਂ (ਔਗਣਾਂ ਕਰਕੇ) ਨੀਵੀਂ ਹਾਂ ਅਤੇ ਪ੍ਰਭੂ ਬਹੁਤ ਉਚਾ ਹੈ, (ਉਸ ਨੂੰ) ਕਿਵੇਂ ਮਿਲਿਆ ਜਾਵੇ?।੨।

ਪਦਾਰਥ = ਸੋਹਿਲੜਾ–ਖੁਸ਼ੀ ਦਾ ਗੀਤ; ਅਨੰਦ। ਗੁਰ ਸਬਦੀ–ਗੁਰੂ ਦੇ ਸ਼ਬਦ ਦੁਆਰਾ। ਵੀਚਾਰੇ–ਵਿਚਾਰਿਆ ਜਾਂਦਾ ਹੈ। ਤਨੋ–ਸਰੀਰ। ਪਿਆਰੇ–ਪਿਆਰ ਕਰਦਾ ਹੈ। ਕੁਲ–ਕੁਲਾਂ ਦਾ। ਉਧਾਰੇ–ਮੁਕਤ ਕਰ ਲੈਂਦਾ ਹੈ। ਮੁਖਿ–ਮੂੰਹ ਨਾਲ। ਆਵਣ ਜਾਣ–ਆਉਣਾ ਜਾਣਾ (ਜਨਮ ਮਰਨ)। ਰਹੇ–ਮੁੱਕ ਗਿਆ। ਘਰਿ ਅਨਹਦ–ਆਤਮਕ ਅਨੰਦ ਦੀ ਹਾਲਤ ਵਿਚ। ਸੁਰਤਿ–ਬਿਰਤੀ। ਸਮਾਣੀ–ਲੀਨ ਹੋ ਗਈ। ਧਾਰੇ–ਕਰਦਾ ਹੈ।੧। ਹਮ–ਮੈਂ। ਅਤਿ–ਬਹੁਤ। ਕਿਉ ਕਰਿ–ਕਿਵੇਂ। ਗੁਰਿ–ਗੁਰੂ ਨੇ। ਬਹੁ–ਬਹੁਤ। ਸੁਭਾਏ–ਸੁਭਾਬਕ ਹੀ; ਸ੍ਰੇਸਟ ਭਾਵ ਨਾਲ। ਆਪੁ–ਆਪਾ ਭਾਵ। ਰੰਗ ਸਿਉ–ਪ੍ਰੇਮ ਨਾਲ। ਰਲੀਆ ਮਾਣੇ–ਮੌਜਾਂ ਮਾਣਦੀ ਹੈ। ਸੇਜ–ਹਿਰਦਾ ਰੂਪ ਸੇਜ। ਸੁਖਾਲੀ–ਸੁਖ ਦਾਈ। ਜਾ–ਜਦੋਂ। ਭਾਇਆ–ਚੰਗਾ ਲੱਗਾ। ਨਾਮਿ ਸਮਾਣੇ–ਨਾਮ ਵਿਚ ਲੀਨ ਹੋ ਗਈ। ਸੋਹਾਗਣਿ–ਜਿਉਂਦੇ ਪਤੀ ਵਾਲੀ ਇਸਤ੍ਰੀ। ਸਾ–ਉਹ। ਜੇ–ਜਿਹੜੀ। ਭਾਇ–ਭਾਣੇ ਵਿਚ।੨।

ਘਟਿ ਘਟੇ ਸਭਨਾ ਵਿਚਿ ਏਕੋ, ਏਕੋ ਰਾਮ ਭਤਾਰੋ ਰਾਮ ॥ ਇਕਨਾ ਪ੍ਰਭੁ ਦੂਰਿ ਵਸੈ, ਇਕਨਾ ਮਨਿ ਆਧਾਰੋ ਰਾਮ ॥ ਇਕਨਾ ਮਨ ਆਧਾਰੋ ਸਿਰਜਣਹਾਰੋ, ਵਡਭਾਗੀ ਗੁਰੁ ਪਾਇਆ ॥ ਘਟਿ ਘਟਿ ਹਰਿ ਪ੍ਰਭੁ ਏਕੋ ਸੁਆਮੀ, ਗੁਰਮੁਖਿ ਅਲਖੁ ਲਖਾਇਆ ॥ ਸਹਜੇ ਅਨਦੁ ਹੋਆ ਮਨੁ ਮਾਨਿਆ, ਨਾਨਕ ਬ੍ਰਹਮ ਬੀਚਾਰੋ ॥ ਘਟਿ ਘਟੇ ਸਭਨਾ ਵਿਚਿ ਏਕੋ, ਏਕੋ ਰਾਮ ਭਤਾਰੋ ਰਾਮ ॥੩॥ ਗੁਰੁ ਸੇਵਨਿ ਸਤਿਗੁਰੁ ਦਾਤਾ, ਹਰਿ ਹਰਿ ਨਾਮਿ ਸਮਾਇਆ ਰਾਮ ॥ ਹਰਿ ਧੂੜਿ ਦੇਵਹੁ ਮੈ ਪੂਰੇ ਗੁਰ ਕੀ, ਹਮ ਪਾਪੀ ਮੁਕਤੁ ਕਰਾਇਆ ਰਾਮ ॥ ਪਾਪੀ ਮੁਕਤੁ ਕਰਾਏ ਆਪੁ ਗਵਾਏ, ਨਿਜ ਘਰਿ ਪਾਇਆ ਵਾਸਾ ॥ ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ, ਗੁਰਮਤਿ ਨਾਮਿ ਪ੍ਰਗਾਸਾ ॥ ਹਰਿ ਹਰਿ ਅਨਦੁ ਭਇਆ ਦਿਨੁ ਰਾਤੀ, ਨਾਨਕ ਹਰਿ ਮੀਠ ਲਗਾਏ ॥ ਗੁਰੁ ਸੇਵਨਿ ਸਤਿਗੁਰੁ ਦਾਤਾ, ਹਰਿ ਹਰਿ ਨਾਮਿ ਸਮਾਏ ॥੪॥੬॥੭॥੫॥੭॥੧੨॥ ਹੇ ਭਾਈ! ਸਾਰੇ ਜੀਵਾਂ ਦੇ ਸਰੀਰਾਂ ਵਿਚ ਇਕੋ ਪ੍ਰਭੂ ਵਸਦਾ ਹੈ ਅਤੇ ਇਕੋ ਸਰਬ ਵਿਆਪਕ ਪ੍ਰਭੂ ਸਭ ਜੀਵਾਂ ਦਾ ਮਾਲਕ ਹੈ। ਕਈ (ਅਗਿਆਨੀ) ਜੀਵਾਂ ਨੂੰ ਪ੍ਰਭੂ ਦੂਰ ਵਸਦਾ ਪ੍ਰਤੀਤ ਹੁੰਦਾ ਹੈ ਅਤੇ ਕਈਆਂ (ਗਿਆਨਵਾਨਾਂ) ਦੇ ਮਨ ਵਿਚ ਪ੍ਰਭੂ ਦਾ ਆਸਰਾ ਹੈ। ਕਈਆਂ ਜੀਵਾ ਦੇ ਮਨ ਦਾ ਆਸਰਾ ਸਿਰਜਨਹਾਰ ਪ੍ਰਭੂ ਹੈ, (ਅਜੇਹਾ ਗਿਆਨ ਉਨ੍ਹਾਂ ਨੇ) ਵੱਡੇ ਭਾਗਾਂ ਨਾਲ ਗੁਰੂ ਤੋਂ ਪ੍ਰਾਪਤ ਕੀਤਾ ਹੈ। ਹਰੇਕ ਜੀਵ ਦੇ ਸਰੀਰ ਵਿਚ ਇਕੋ ਮਾਲਕ ਪ੍ਰਭੂ ਵਸਦਾ ਹੈ, ਨਾ ਸਮਝਿਆ ਜਾਣ ਵਾਲਾ ਹਰੀ ਗੁਰੂ ਨੇ ਸਮਝਾ ਦਿਤਾ। ਨਾਨਕ ਗੁਰੂ ਜੀ ਆਖਦੇ ਹਨ ਬ੍ਰਹਮ ਦੀ ਵਿਚਾਰ ਦੀ ਸਮਝ ਆ ਜਾਣ ਨਾਲ (ਜਿਸ ਪੁਰਖ ਦਾ) ਮਨ ਮੰਨ ਗਿਆ, (ਉਸ ਨੂੰ) ਸੁਭਾਵਕ ਹੀ ਅਨੰਦ ਪ੍ਰਾਪਤ ਹੋ ਗਿਆ ਹੈ। ਹੇ ਭਾਈ! ਸਾਰੇ ਜੀਵਾਂ ਦੇ ਸਰੀਰਾਂ ਵਿਚ ਇਕੋ ਪ੍ਰਭੂ ਵਸਦਾ ਹੈ ਅਤੇ ਸਾਰੇ ਜੀਵਾਂ ਦਾ ਇਕੋ ਸਰਬ ਵਿਆਪਕ ਪ੍ਰਭੂ ਮਾਲਕ ਹੈ।੩।(ਜਿਹੜੇ ਮਨੁੱਖ ਸਾਰੇ ਪਦਾਰਥ) ਦੇਣ ਵਾਲੇ ਸਤਿਗੁਰੂ ਦੀ ਸੇਵਾ ਕਰਦੇ ਹਨ, (ਉਨ੍ਹਾਂ ਦਾ ਮਨ) ਹਰੀ ਦੇ ਨਾਮ ਵਿਚ ਲੀਨ ਹੋਇਆ ਰਹਿੰਦਾ ਹੈ। (ਅਰਦਾਸ) ਹੇ ਹਰੀ! ਮੈਨੂੰ ਪੂਰੇ ਗੁਰੂ ਦੀ ਚਰਨ ਧੂੜ ਬਖਸ਼ ਦਿਓ, (ਜਿਸ ਨੇ) ਸਾਡੇ ਵਰਗੇ ਪਾਪੀਆਂ ਨੂੰ ਮੁਕਤ ਕਰਾਇਆ ਹੈ।(ਗੁਰੂ ਨੇ ਉਹ) ਪਾਪੀ ਜੀਵ ਮੁਕਤ ਕਰਾਏ ਹਨ, (ਜਿਨ੍ਹਾਂ ਨੇ) ਆਪਾ ਭਾਵ ਗੁਆ ਦਿਤਾ ਹੈ ਅਤੇ (ਉਨ੍ਹਾਂ ਨੇ) ਨਿਜ ਸਰੂਪ ਵਿਚ ਵਾਸਾ ਪਾਇਆ ਹੈ। ਬਿਬੇਕ ਵਾਲੀ ਬੁੱਧੀ ਹੋਣ ਕਰਕੇ (ਉਨ੍ਹਾਂ ਦੀ ਜੀਵਨ ਰੂਪ ਰਾਤ) ਸੁਖ ਨਾਲ ਗੁਜਰਦੀ ਹੈ ਅਤੇ ਗੁਰੂ ਦੀ ਸਿੱਖਿਆ ਤੇ ਚੱਲ ਕੇ ਨਾਮ ਰਾਹੀਂ (ਉਨ੍ਹਾਂ ਦੇ ਹਿਰਦੇ ਅੰਦਰ ਗਿਆਨ ਦਾ) ਚਾਨਣਾ ਹੋ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਨ੍ਹਾਂ ਪੁਰਖਾਂ ਨੂੰ) ਹਰਿ ਦਾ ਨਾਮ ਮਿੱਠਾ ਲਗਦਾ ਹੈ, (ਉਨ੍ਹਾਂ ਨੂੰ) ਹਰ ਰੋਜ ਅਨੰਦ ਪ੍ਰਾਪਤ ਹੋਇਆ ਰਹਿੰਦਾ ਹੈ।(ਜਿਹੜੇ ਮਨੁੱਖ) ਸਤਿਗੁਰੂ ਦਾਤਾ ਦੀ ਸੇਵਾ ਕਰਦੇ ਹਨ, ਉਹ ਹਰੀ ਦੇ ਨਾਮ ਵਿਚ ਲੀਨ ਹੋ ਜਾਂਦੇ ਹਨ।੪।੬।੭।੫।੭।੧੨।

ਪਦਾਰਥ = ਘਟਿ ਘਟੇ–ਹਰੇਕ ਜੀਵ ਦੇ ਸਰੀਰ ਵਿਚ। ਏਕੋ ਰਾਮ–ਇਕੋ ਸਰਬ ਵਿਆਪਕ ਵਾਹਿਗੁਰੂ। ਭਤਾਰੋ–ਮਾਲਕ। ਰਾਮ–

ਹੇ ਭਾਈ!।ਇਕਨਾ–ਕਈਆਂ ਦੇ।ਮਨਿ–ਮਨ ਵਿਚ।ਆਧਾਰੋ–ਆਸਰਾ।ਸਿਰਜਣਹਾਰੋ–ਸਭ ਨੂੰ ਪੈਦਾ ਕਰਨ ਵਾਲਾ ਪ੍ਰਭੂ। ਵਡਭਾਗੀ–ਵੱਡੇ ਭਾਗਾਂ ਨਾਲ।ਸੁਆਮੀ–ਮਾਲਕ ਪ੍ਰਭੂ।ਗੁਰਮੁਖਿ–ਗੁਰੂ ਨੇ।ਅਲਖੁ–ਜਿਸ ਪ੍ਰਭੂ ਨੂੰ ਸਮਝਣਾ ਮੁਸ਼ਕਲ ਹੈ; ਅਦ੍ਰਿਸ਼ਟ ਪ੍ਰਭੂ।ਲਖਾਇਆ–ਸਮਝਾ (ਗਿਆਨ ਕਰਾ) ਦਿਤਾ; ਦਿਖਾ ਦਿਤਾ।ਸਹਜੇ–ਸੁਭਾਵਕ ਹੀ; ਸ਼ਾਂਤੀ ਵਾਲਾ।ਮਨੁ ਮਾਨਿਆ–ਮਨ ਪਤੀਜ (ਵਿਸ਼ਵਾਸ ਵਾਲਾ ਹੋ) ਗਿਆ।ਬ੍ਰਹਮ ਬੀਚਾਰੋ–ਪ੍ਰਭੂ ਦੀ ਵਿਚਾਰ ਕਰਨ ਨਾਲ।੩।ਸੇਵਨਿ–ਸੇਵਾ ਕਰਦੇ ਹਨ।ਨਾਮਿ–ਨਾਮ ਵਿਚ।ਸਮਾਇਆ–ਲੀਨ ਹੋਇਆ ਹੈ।ਹਰਿ–ਹੇ ਹਰੀ!।ਦੇਵਹੁ–ਦੇ ਦਿਓ।ਮੈ–ਮੈਨੂੰ।ਹਮ–ਸਾਡੇ (ਵਰਗਿਆਂ ਨੂੰ)।ਆਪੁ–ਆਪਾ ਭਾਵ; ਹੰਕਾਰ।ਗਵਾਏ–ਦੂਰ ਕਰ ਦਿਤਾ ਹੈ।ਨਿਜ ਘਰਿ–ਅਪਣੇ ਅਸਲੀ ਆਤਮ ਘਰ ਵਿਚ।ਬਿਬੇਕ ਬੁਧੀ–ਚੰਗੇ ਮੰਦੇ ਦੀ ਪਰਖ ਕਰਨ ਵਾਲੀ ਬੁੱਧੀ।ਸੁਖਿ–ਸੁਖ ਨਾਲ।ਰੈਣਿ–ਜੀਵਨ ਦੀ ਰਾਤ।ਵਿਹਾਣੀ–ਬੀਤਦੀ ਹੈ।ਗੁਰਮਤਿ–ਗੁਰੂ ਦੀ ਸਿੱਖਿਆ ਤੇ ਚਲ ਕੇ।ਪ੍ਰਗਾਸਾ–ਚਾਨਣਾ।ਭਇਆ–ਹੋਇਆ।ਸਮਾਏ–ਲੀਨ ਹੋ ਜਾਂਦੇ ਹਨ।੪।੬।੭।੫।੭।੧੨।

ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ ॥
ਸਰਬ ਚਿੰਤ ਤੁਝੁ ਪਾਸਿ ਸਾਧ ਸੰਗਤਿ ਹਉ ਤਕਉ ॥
ਤੇਰੇ ਹੁਕਮ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥
ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥
ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ ॥
ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ ॥ (੧੩੯੫)